**JOSHI LAW OFFICE**
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

# ਕੈਨੇਡੀਅਨ ਪੰਜਾਬੀ ਪੋਸਟ

Award winning news paper | Canadian Punjabi Post

**SWITCH INSURANCE**
AUTO, HOME & COMMERCIAL
- Commercial Vehicle Insurance
- Commercial Property Insurance
- Commercial General Liability (CGL)
- Rental Property
905-965-7474

To view our online newspaper visit **punjabipost.ca/epaper** | **Vol 22* Issue 59** | **Friday, March 24, 2023** | **Tel: 905-793-2202 | Fax: 905-793-2282 | news@punjabipost.ca** *ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ*

## ਅੰਦਰ ਇਹ ਵੀ ਪੜ੍ਹੋ

**ਕੰਜ਼ਰਵੇਟਿਵਾਂ ਦੀ ਅਗਵਾਈ ਵਿੱਚ ਕੈਨੇਡਾ ਨੂੰ ਪੁਨਰ-ਜਾਗਰਣ ਦੀ ਲੋੜ : ਹਾਰਪਰ**


ਪੰਨਾ 02

**ਪੰਜਾਬ ਦੀ ਮੌਜੂਦਾ ਸਰਕਾਰ ਦਾ ਇੱਕ ਸਾਲ ਤੇ ਅੱਗੇ ਆ ਰਹੀਆਂ ਲੋਕ ਸਭਾ ਚੋਣਾਂ**

ਜਤਿੰਦਰ ਪਨੂੰ ਦੀ ਕਲਮ ਤੋਂ

ਪੰਨਾ 06

# ਪਤਨੀ ਤੇ ਵਫਦ ਨਾਲ ਓਟਵਾ ਪਹੁੰਚੇ ਬਾਇਡਨ

ਓਟਵਾ, 23 ਮਾਰਚ (ਪੋਸਟ ਬਿਊਰੋ) : ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਆਪਣੀ ਪਤਨੀ ਤੇ ਵਫਦ ਨਾਲ ਵੀਰਵਾਰ ਸ਼ਾਮ ਨੂੰ ਕੈਨੇਡਾ ਪਹੁੰਚ ਗਏ। 27 ਘੰਟਿਆਂ ਦੇ ਬਾਇਡਨ ਦੇ ਇਸ ਦੌਰੇ ਦੌਰਾਨ ਕੈਨੇਡਾ ਤੇ ਅਮਰੀਕਾ ਦਰਮਿਆਨ ਸਬੰਧਾਂ, ਪ੍ਰੋਟੈਕਸ਼ਨਿਜ਼ਮ ਤੇ ਸਰਹੱਦ ਦੇ ਦੋਵਾਂ ਪਾਸਿਆਂ ਉੱਤੇ ਹੋਣ ਵਾਲੀ ਮਾਈਗ੍ਰੇਸ਼ਨ ਵਰਗੇ ਮੁੱਦਿਆਂ ਉੱਤੇ ਵਿਚਾਰ ਵਟਾਂਦਰਾ ਕੀਤੇ ਜਾਣ ਦੀ ਸੰਭਾਵਨਾ ਹੈ।

ਬਾਇਡਨ ਤੇ ਉਨ੍ਹਾਂ ਦੀ ਪਤਨੀ ਜਿੱਲ ਬਾਇਡਨ ਦਾ ਸਵਾਗਤ ਵਿੱਤ ਮੰਤਰੀ ਕ੍ਰਿਸਟੀਆ ਫਰੀਲੈਂਡ, ਵਿਦੇਸ਼ ਮੰਤਰੀ ਮਿਲੇਨੀ ਜੋਲੀ, ਕੈਨੇਡਾ ਵਿੱਚ ਅਮਰੀਕਾ ਦੇ ਅੰਬੈਸਡਰ ਡੇਵਿਡ ਕੋਹਨ ਤੇ ਅਮਰੀਕਾ ਵਿੱਚ ਕੈਨੇਡਾ ਦੀ ਅੰਬੈਸਡਰ



ਕਰਸਟਿਨ ਹਿੱਲਮੈਨ ਵੱਲੋਂ ਕੀਤਾ ਗਿਆ। ਸੱਭ ਤੋਂ ਪਹਿਲਾਂ ਬਾਇਡਨ ਨੇ ਗਵਰਨਰ ਜਨਰਲ ਮੈਰੀ ਸਾਇਮਨ ਨਾਲ ਮੁਲਾਕਾਤ ਕਰਕੇ ਆਪਣੇ ਦੌਰੇ ਦੀ ਸ਼ੁਰੂਆਤ ਕੀਤੀ। ਵੀਰਵਾਰ ਸ਼ਾਮ ਨੂੰ ਬਾਇਡਨ ਤੇ ਉਨ੍ਹਾਂ ਦੀ ਪਤਨੀ ਜਿੱਲ ਬਾਇਡਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਤੇ ਉਨ੍ਹਾਂ ਦੀ ਪਤਨੀ ਸੋਫੀ ਗ੍ਰੈਗੋਇਰ ਟਰੂਡੋ ਨਾਲ ਰੀਡੂ ਕਾਟੇਜ ਸਥਿਤ ਉਨ੍ਹਾਂ ਦੀ ਰਿਹਾਇਸ਼ ਵਿਖੇ ਸਮਾਂ ਬਿਤਾਉਣਗੇ। ...ਬਾਕੀ ਸਫਾ 4 'ਤੇ

# ਫੋਰਡ ਸਰਕਾਰ ਨੇ ਪੇਸ਼ ਕੀਤਾ ਬਜਟ

*** ਅਗਲੇ ਸਾਲ ਤੱਕ ਸਰਕਾਰ ਦਾ ਬਜਟ ਸੰਤੁਲਿਤ ਕਰਨ ਦਾ ਇਰਾਦਾ * ਮਹਿੰਗਾਈ ਨਾਲ ਜੂਝ ਰਹੇ ਓਨਟਾਰੀਓ ਵਾਸੀਆਂ ਲਈ ਕੋਈ ਫੰਡ ਰਾਖਵੇਂ ਨਹੀਂ ਰੱਖੇ ਗਏ * ਕੋਵਿਡ-19 ਲਈ ਵੀ ਇਸ ਵਾਰੀ ਕੋਈ ਰਕਮ ਤੈਅ ਨਹੀਂ ਕੀਤੀ ਗਈ**

ਓਨਟਾਰੀਓ, 23 ਮਾਰਚ (ਪੋਸਟ ਬਿਊਰੋ) : ਡੱਗ ਫੋਰਡ ਸਰਕਾਰ ਨੇ ਓਨਟਾਰੀਓ ਦੇ ਇਤਿਹਾਸ ਦਾ ਸੱਭ ਤੋਂ ਵੱਧ ਖਰਚਿਆਂ ਵਾਲਾ ਬਜਟ ਪੇਸ਼ ਕੀਤਾ ਹੈ। 204 ਬਿਲੀਅਨ ਡਾਲਰ ਦੇ ਇਸ ਬਜਟ ਵਿੱਚ ਮਹਿੰਗਾਈ ਨਾਲ ਜੂਝ ਰਹੇ ਓਨਟਾਰੀਓ ਵਾਸੀਆਂ ਲਈ ਕੋਈ ਨਵੀਂ ਫੰਡਿੰਗ ਨਹੀਂ ਹੈ ਤੇ ਨਾ ਹੀ ਕੋਵਿਡ-19 ਲਈ ਕੋਈ ਰਕਮ ਪਾਸੇ ਰੱਖੀ ਗਈ ਹੈ।

ਇਸ ਦੀ ਥਾਂ ਉੱਤੇ ਹਾਈਵੇਅਜ਼ ਦੇ ਨਿਰਮਾਣ ਵਰਗੇ ਪ੍ਰੋਜੈਕਟਾਂ ਲਈ ਵੱਡੀ ਰਕਮ ਰੱਖੀ ਗਈ ਹੈ ਪਰ ਇਹ ਵੇਰਵੇ ਸਾਂਝੇ ਨਹੀਂ ਕੀਤੇ ਗਏ ਕਿ ਇਹ ਰਕਮ ਕਿਸ ਤਰ੍ਹਾਂ ਖਰਚ ਕੀਤੀ ਜਾਵੇਗੀ। ਆਮਦਨ ਉੱਤੇ ਟੇਕ ਰੱਖਦਿਆਂ ਸਰਕਾਰ ਦੀ ਯੋਜਨਾ ਅਗਲੇ ਸਾਲ ਤੱਕ, ਸ਼ਡਿਊਲ ਤੋਂ ਤਿੰਨ ਸਾਲ ਪਹਿਲਾਂ ਹੀ, ਬਜਟ ਨੂੰ ਸੰਤੁਲਿਤ ਕਰਨ ਦੀ ਹੈ।



186 ਪੰਨਿਆਂ ਦੇ ਇਸ ਬਜਟ ਵਿੱਚ ਬਿਲਡਿੰਗ ਓਨਟਾਰੀਓ ਦੇ ਨਾਂ ਉੱਤੇ ਅਗਲੇ 10 ਸਾਲਾਂ ਵਿੱਚ ਖਰਚ ਕਰਨ ਵਾਸਤੇ 25 ਬਿਲੀਅਨ ਡਾਲਰ ਰਾਖਵੇਂ ਰੱਖੇ ਗਏ ਹਨ। ਇਹ ਸੱਭ ਅਗਲੇ ਦਹਾਕੇ ਵਿੱਚ 184 ਬਿਲੀਅਨ ਡਾਲਰ ਦੀ ਮਦਦ ਨਾਲ ਯੋਜਨਾਬੱਧ ਇਨਫਰਾਸਟ੍ਰਕਚਰ ਉੱਤੇ ਖਰਚ ਕੀਤੀ ਜਾਣ ਵਾਲੀ ਰਕਮ ਦਾ ਹੀ ਹਿੱਸਾ ਹੈ। ਇਸ ...ਬਾਕੀ ਸਫਾ 2 'ਤੇ

# ਮਹਿਲਾ ਉੱਤੇ ਚਾਕੂ ਨਾਲ ਹਮਲਾ ਕਰਨ ਵਾਲੇ ਵਿਅਕਤੀ ਦੀ ਭਾਲ ਕਰ ਰਹੀ ਹੈ ਪੁਲਿਸ

ਟੋਰਾਂਟੋ, 23 ਮਾਰਚ (ਪੋਸਟ ਬਿਊਰੋ) : ਨੌਰਥ ਯੌਰਕ ਵਿੱਚ ਕਥਿਤ ਤੌਰ ਉੱਤੇ ਚਾਕੂ ਨਾਲ ਇੱਕ ਮਹਿਲਾ ਉੱਤੇ ਹਮਲਾ ਕਰਨ ਵਾਲੇ ਵਿਅਕਤੀ ਦੀ ਪੁਲਿਸ ਵੱਲੋਂ ਭਾਲ ਕੀਤੀ ਜਾ ਰਹੀ ਹੈ। ਟੋਰਾਂਟੋ ਪੁਲਿਸ ਨੇ ਇਸ ਵਿਅਕਤੀ ਦੀ ਸ਼ਨਾਖ਼ਤ ਵੀ ਕਰ ਲਈ ਹੈ।

ਜਾਂਚਕਾਰਾਂ ਦਾ ਕਹਿਣਾ ਹੈ ਕਿ ਇਹ ਘਟਨਾ 11 ਮਾਰਚ ਨੂੰ ਫਿੰਚ ਐਵਨਿਊ ਵੈਸਟ ਤੇ ਬਾਥਰਸਟ ਸਟਰੀਟ ਇਲਾਕੇ ਵਿੱਚ ਵਾਪਰੀ। ਪੁਲਿਸ ਵੱਲੋਂ ਇਸ ਸਬੰਧ ਵਿੱਚ ਬਹੁਤੇ ਵੇਰਵੇ ਮੁਹੱਈਆ ਨਹੀਂ ਕਰਵਾਏ ਗਏ ਬੱਸ ਇਹੋ ਪਤਾ ਲੱਗ ਸਕਿਆ ਹੈ ਕਿ ਇੱਕ ਪੁਰਸ਼ ਨੇ ਮਹਿਲਾ ਉੱਤੇ ਚਾਕੂ ਨਾਲ ਹਮਲਾ ਕੀਤਾ ਸੀ ਤੇ ਦੋਵੇਂ ਇੱਕ ਦੂਜੇ ਨੂੰ ਜਾਣਦੇ ਸਨ।

ਇਸ ਮਸ਼ਕੂਕ ਦੀ ਪਛਾਣ ਟੋਰਾਂਟੋ ਦੇ 59 ਸਾਲਾ ਲਿਓਨਿਡ ਯੁਜ਼ੇਫੋਵਿਚ ਵਜੋਂ ਹੋਈ



ਹੈ। ਗ੍ਰਿਫਤਾਰ ਕੀਤੇ ਜਾਣ ਮਗਰੋਂ ਉਸ ਉੱਤੇ ਹਮਲਾ ਕਰਨ ਦੇ ਤਿੰਨ ਮਾਮਲਿਆਂ ਲਈ, ਗਲਾ ਘੁੱਟਣ, ਹਥਿਆਰ ਨਾਲ ਹਮਲਾ ਕਰਨ ਤੇ ਸ਼ਰੀਰਕ ਨੁਕਸਾਨ ਪਹੁੰਚਾਉਣ ਲਈ ਹਮਲਾ ਕਰਨ ਵਰਗੇ ਚਾਰਜਿਜ਼ ਲਾਏ ਜਾਣਗੇ। ਯੁਜ਼ੇਫੋਵਿਚ ਬਾਰੇ ਜਾਰੀ ਕੀਤੇ ਵੇਰਵਿਆਂ ਅਨੁਸਾਰ ਉਹ ਪੰਜ ਫੁੱਟ ਦਸ ਇੰਚ ਲੰਮਾਂ, 200 ਪਾਊਂਡ ਵਜ਼ਨੀ ਤੇ ਲੰਮੀਂ ਚੌੜੀ ਕੱਦਕਾਠੀ ਵਾਲਾ, ਗੰਜਾ ਤੇ ਕਲੀਨ ਸ਼ੇਵਨ ਵਿਅਕਤੀ ਹੈ।

**NOW HIRING !!!**
ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI 416.994.7272
www.allkindinsurance.com

**ਨੈਨੀ ਦੀ ਲੋੜ**
ਬਰੈਂਪਟਨ ਵਿਚ ਘਰ ਦਾ ਕੰਮ ਕਰਨ ਲਈ ਨੈਨੀ ਦੀ ਲੋੜ ਹੈ।
ਸੰਪਰਕ ਕਰੋ:
416-556-6884

# ਟਰੈਕਟਰ ਟਰੇਲਰ ਸਮੇਤ ਪੁਲਿਸ ਤੋਂ ਬਚ ਨਿਕਲਣ ਵਾਲੇ ਪੰਜਾਬੀ ਡਰਾਈਵਰ ਨੂੰ ਕੀਤਾ ਗਿਆ ਕਾਬੂ

ਬਰੈਂਪਟਨ, 23 ਮਾਰਚ (ਪੋਸਟ ਬਿਊਰੋ) : ਟਰੈਫਿਕ ਸਟੌਪ ਦੌਰਾਨ ਪੁਲਿਸ ਅਧਿਕਾਰੀਆਂ ਤੋਂ ਬਚ ਕੇ ਨਿਕਲਣ ਦੇ ਚੱਕਰ ਵਿੱਚ ਆਪਣੇ ਟਰੈਕਟਰ ਟਰੇਲਰ ਨਾਲ ਦੂਜੀ ਗੱਡੀ ਨੂੰ ਟੱਕਰ ਮਾਰਨ ਵਾਲੇ ਬਰੈਂਪਟਨ ਦੇ ਪੰਜਾਬੀ ਮੂਲ ਦੇ ਵਿਅਕਤੀ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ ਤੇ ਹੁਣ ਉਸ ਉੱਤੇ ਕਈ ਚਾਰਜਿਜ਼ ਲਾਏ ਜਾਣਗੇ।

ਪੀਲ ਰੀਜਨਲ ਪੁਲਿਸ ਦਾ ਕਹਿਣਾ ਹੈ ਕਿ 10 ਮਾਰਚ ਨੂੰ ਸਵੇਰੇ 9:30 ਵਜੇ ਤੋਂ ਬਾਅਦ ਬਰੈਂਪਟਨ ਵਿੱਚ ਵਿਲੀਅਮਜ਼ ਪਾਰਕਵੇਅ ਤੇ ਡਿਕਸੀ ਰੋਡ ਏਰੀਆ ਵਿੱਚ ਨੋ ਹੈਵੀ ਟਰੱਕ ਜ਼ੋਨ ਵਿੱਚ ਕਥਿਤ ਤੌਰ ਉੱਤੇ ਹੈਵੀ ਟਰੈਕਟਰ ਟਰੇਲਰ ਨਾਲ ਡਰਾਈਵ ਕਰ ਰਹੇ ਇੱਕ ਡਰਾਈਵਰ ਨੂੰ ਰੋਕਣ ਲਈ ਪੁਲਿਸ ਨੇ ਟਰੈਫਿਕ ਨੂੰ ਰੋਕਿਆ। ਫਿਰ ਜਦੋਂ ਪੁਲਿਸ ਡਰਾਈਵਰ ਤੱਕ ਪਹੁੰਚਣ ਲਈ ਵਧੀ ਤਾਂ ਉਸ ਨੇ ਪੂਰੀ ਸਪੀਡ ਨਾਲ ਆਪਣੇ ਟਰੈਕਟਰ ਟਰੇਲਰ ਨੂੰ ਉੱਥੋਂ ਲਿਜਾਣ ਦੀ ਕੋਸ਼ਿਸ਼ ਕੀਤੀ ਤੇ ਸਫਲ ਵੀ ਹੋ ਗਿਆ।



ਪਬਲਿਕ ਸੇਫਟੀ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਪੁਲਿਸ ਡਰਾਈਵਰ ਨੂੰ ਕਾਬੂ ਨਹੀਂ ਕਰ ਸਕੀ।

ਕੁੱਝ ਮਿੰਟਾਂ ਬਾਅਦ ਹੀ ਪੁਲਿਸ ਅਧਿਕਾਰੀਆਂ ਨੂੰ ਉਹ ਟਰੈਕਟਰ ਟਰੇਲਰ ਏਅਰਪੋਰਟ ਰੋਡ ਤੇ ਕੁਈਨ ਸਟਰੀਟ ਏਰੀਆ ਵਿੱਚ ਨਜ਼ਰ ਆਇਆ। ਪੁਲਿਸ ਨੂੰ ਵੇਖਣ ਮਗਰੋਂ ਡਰਾਈਵਰ ਨੇ ਬੇਤਰਤੀਬੇ ਢੰਗ ਨਾਲ ਟਰੱਕ ਚਲਾਉਣਾ ਸ਼ੁਰੂ ਕਰ ਦਿੱਤਾ। ਕੁੱਝ ਦੂਰੀ ਉੱਤੇ ਗੋਰਵੇਅ ਡਰਾਈਵ ਤੇ ਸਟੀਲਜ਼ ਐਵਨਿਊ ਉੱਤੇ ਡਰਾਈਵਰ ਨੇ ਇੱਕ ਗੱਡੀ ਨੂੰ ਟੱਕਰ ਮਾਰ ਦਿੱਤੀ ਤੇ ਮੌਕੇ ਉੱਤੇ ਉਹ ਫਿਰ ਵੀ ਨਹੀਂ ਰੁਕਿਆ। 20 ਮਾਰਚ ਨੂੰ ਜਾਂਚਕਾਰਾਂ ਨੇ ਡਰਾਈਵਰ ਦੀ ਪਛਾਣ ਬਰੈਂਪਟਨ ਦੇ 28 ਸਾਲਾਂ ਦੇ ਲਵਪ੍ਰੀਤ ਸਿੰਘ ਵਜੋਂ ਕੀਤੀ ਤੇ ਉਸ ਦੀ ਗ੍ਰਿਫਤਾਰੀ ਲਈ ਵਾਰੰਟ ਜਾਰੀ ਕਰ ਦਿੱਤੇ। ਦੋ ਦਿਨ ਬਾਅਦ ਉਸ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ।

ਉਸ ਨੂੰ ਕਈ ਚਾਰਜਿਜ਼ ਜਿਵੇਂ ਪੁਲਿਸ ਕੋਲੋਂ ਭੱਜਣ, ਖਤਰਨਾਕ ਢੰਗ ਨਾਲ ਕੰਮ ਕਰਨ ਤੇ ਹਾਦਸੇ ਨੂੰ ਅੰਜਾਮ ਦੇਣ ਮਗਰੋਂ ਨਾ ਰੁਕਣ, ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪੁਲਿਸ ਨੇ ਦੱਸਿਆ ਕਿ ਜਾਅਲੀ ਪਛਾਣ ਦੱਸ ਕੇ ਗੱਡੀਆਂ ਕਿਰਾਏ ਉੱਤੇ ਲੈਣ ਦਾ ਲਵਪ੍ਰੀਤ ਦਾ ਇਤਿਹਾਸ ਰਿਹਾ ਹੈ।

**INSURANCE**
- Home
- Business
- Life Insurance
- Auto
- Trucking
- Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

**SUPER VISA INSURANCE EXPERTS**
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
- Disability Insurance
- Mortgage Insurance
- Life Insurance
- Visitor & Travel Insurance
- RESP(Education Plan)
- Critical Illness Insurance
RANJIT GILL Insurance Advisor 416-724-5000

**GURBIR CHAHAL**
416.566.7605
gurbir.chahal@yahoo.com
ROYAL LEPAGE Flower City Realty

**ਰੈਸਟੋਰੈਂਟ ਪੈਟਿਓ ਫੂਡ ਕਾਊਂਟਰ**
ਗਰਮੀਆਂ ਵਿੱਚ ਪਰਾਫਿਟ ਲਈ ਸੁਨਹਿਰਾ ਮੌਕਾ
$10,000 per month Profit
Free Training, Equipment, Place and Utilities
1 ਮਈ ਤੋਂ 31 ਅਕਤੂਬਰ ਤੱਕ ਕਾਂਟਰੈਕਟ ਜਾਂ ਲੀਜ਼ ਕਰੋ:
Call Kumar: 437-925-4585
Email: startup2023abusiness@gmail.com

**PEST PROBLEM ?**
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc. Residential, Commercial
www.ksgpestcontrol.ca
ksgpestcontrol@gmail.com
Amarjeet Singh Gill

**OURR HOME & APPLIANCES**
Colour options available
Spring SALE with fresh deals
$1699* | $299 | $299 | $2999* | $399 | $4499*
KitchenAid | moffat | MAYTAG | LG | SAMSUNG | Electrolux | JENNAIR | BOSCH | Whirlpool
416-551-5553 | WWW.OURRHOMEAPPLIANCES.COM

**AUTO & HOME INSURANCE**
- Super visa Insurance
- Life & Disability
- Critical illness
- RESP
- Visitor & Travel insurance
(416-845-1352) Manwinder Mangat
Axxel InsuranceBrokers Ltd. 1332 Khalsa Dr, Unit # 11, Mississauga, ON L5S 0A2

**Law Office of Aman Sharma**
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
Aman Sharma
25 Cherrycrest Drive, Unit # 6 Brampton, ON, L6P 3W4
Open Saturday
Providing excellent quality legal services to our clients

**HELPING YOU PLAN TODAY...FOR TOMORROW**
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
JATINDERBIR S BAJWA Insurance Broker
Dir:647-928-4990
# 25-831 Bovaird Dr. W. Brampton, ON L6X0T9 | www.ufsinsurance.com

**KELLEY LAW OFFICE**
- Immigration
- Family Law
- Corporate
- Power of Attorney/Affidavit /Attestations
- Real Estate
- Business Closing
- Wills & Estate
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley
905-362-0755

**PROTECT YOUR HOME FROM PESTS**
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

**Royal Pest Control**
Residential Commercial Industrial
Specialist in Bedbugs Service
All Pest Control :
- Mouse & Rats
- Cockroaches
- Spiders & Fleas
- Carpenter Ants
- Bedbugs
- Silver Fish
- Wasps
- Racoons
Call : PARESH PATEL (Government Approved Licensed Technician)
416 938 4598

**Canada Consumer Credit Assistance** ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

**CN Forklift Training Center**
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

**A-One Drivers TRAINING SCHOOL**
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
- ਮੁਫਤ ਪਿਕਅਪ ਅਤੇ ਡਰਾਪ ਆਫ਼
- ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
- ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
- ਵਾਜਿਬ ਕੀਮਤ
ਲੇਡੀ ਇੰਸਟਰੱਕਟਰ
647-998-7500 ਬਲਵਿੰਦਰ

**Mortgage! We Will Beat Any Rate !!!**
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial Inc. Brokerage Lic 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

**MANN LAW FIRM**
- Real Estate Law
- Wills & Estates
- Power of Attorney
- Affidavits Notarization / Declaration
- Business Law
- Family Law
- Civil Litigation
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

# ਕੰਜ਼ਰਵੇਟਿਵਾਂ ਦੀ ਅਗਵਾਈ ਵਿੱਚ ਕੈਨੇਡਾ ਨੂੰ ਪੁਨਰ-ਜਾਗਰਣ ਦੀ ਲੋੜ : ਹਾਰਪਰ

ਓਟਵਾ, 23 ਮਾਰਚ (ਪੋਸਟ ਬਿਊਰੋ): ਸਾਬਕਾ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਨੇ ਬੁੱਧਵਾਰ ਨੂੰ ਆਖਿਆ ਕਿ ਕੈਨੇਡਾ ਨੂੰ ਕੰਜ਼ਰਵੇਟਿਵਾਂ ਦੀ ਅਗਵਾਈ ਵਿੱਚ ਪੁਨਰ-ਜਾਗਰਣ ਦੀ ਲੋੜ ਹੈ। ਉਨ੍ਹਾਂ ਇਹ ਵੀ ਆਖਿਆ ਕਿ ਕੰਜ਼ਰਵੇਟਿਵ ਆਗੂ ਪਿਏਰ ਪੌਲੀਏਵਰ ਦੇ ਹੱਥ ਦੇਸ਼ ਦੀ ਵਾਗਡਰ ਦੇਣਾ ਸੁਰੱਖਿਅਤ ਰਹੇਗਾ ਪਰ ਇਸ ਲਈ ਉਨ੍ਹਾਂ ਕੰਜ਼ਰਵੇਟਿਵ ਆਗੂ ਨੂੰ ਚੋਣਾਂ ਤੱਕ ਦੀ ਉਡੀਕ ਕਰਨ ਦੀ ਸਲਾਹ ਦਿੱਤੀ।
ਕੈਨੇਡਾ ਸਟਰਾਂਗ ਐਂਡ ਫਰੀ ਨੈੱਟਵਰਕ, ਜਿਸ ਨੂੰ ਪਹਿਲਾਂ ਮੈਨਿੰਗ ਸੈਂਟਰ ਵਜੋਂ ਜਾਣਿਆ ਜਾਂਦਾ ਸੀ, ਵੱਲੋਂ ਕਰਵਾਏ ਗਏ ਈਵੈਂਟ ਉੱਤੇ ਪਾਰਟੀ ਵਫਾਦਾਰਾਂ ਨੂੰ ਸੰਬੋਧਨ ਕਰਦਿਆਂ ਹਾਰਪਰ ਨੇ ਉਕਤ ਗੱਲ ਆਖੀ। ਨੌਂ ਸਾਲ ਸੱਤਾ ਵਿੱਚ ਰਹਿਣ ਤੋਂ ਬਾਅਦ 2015 ਵਿੱਚ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਲਿਬਰਲ ਪਾਰਟੀ ਹੱਥੋਂ ਮਿਲੀ ਹਾਰ ਤੋਂ ਬਾਅਦ ਸਿਆਸੀ ਜ਼ਿੰਦਗੀ ਨੂੰ ਅਲਵਿਦਾ ਆਖਣ ਵਾਲੇ ਹਾਰਪਰ ਵੱਲੋਂ ਇਸ ਤਰ੍ਹਾਂ ਜਨਤਕ ਤੌਰ ਉੱਤੇ ਵਿਚਰਨਾਂ ਬਹੁਤ ਹੀ ਵਿਲੱਖਣ ਮਾਮਲਾ ਹੈ। ਜ਼ਿਕਰਯੋਗ ਹੈ ਕਿ ਹਾਰਪਰ ਵੱਲੋਂ ਸਮਰਥਨ ਦੇਣ ਤੋਂ ਬਾਅਦ ਹੀ ਪਿਛਲੇ ਸਤੰਬਰ ਪੌਲੀਏਵਰ ਦੀ ਪਾਰਟੀ ਆਗੂ ਵਜੋਂ ਚੋਣ ਲਈ ਹਵਾ ਦਾ ਰੁਖ ਪਲਟਿਆ ਸੀ।



ਹਾਰਪਰ ਨੇ ਆਖਿਆ ਕਿ ਹਰਮ-ਨਪਿਆਰਤਾ ਨੂੰ ਵੀ ਲਿਬਰਲ ਮੀਡੀਆ ਵੱਲੋਂ ਨਕਾਰਾਤਮਕ ਰੋਸ਼ਨੀ ਵਿੱਚ ਵਿਖਾ ਕੇ ਇਸ ਦੇ ਮਾਇਨੇ ਬਦਲਣ ਦੀ ਕੋਸ਼ਿਸ਼ ਕੀਤੀ ਜਾਂਦੀ ਰਹਿੰਦੀ ਹੈ। ਉਨ੍ਹਾਂ ਆਖਿਆ ਕਿ ਕੰਜ਼ਰਵੇਟਿਵਾਂ ਦੀ ਅਗਵਾਈ ਦੀ ਦੇਸ਼ ਨੂੰ ਸਖ਼ਤ ਲੋੜ ਹੈ। ਉਨ੍ਹਾਂ ਇੱਕਠ ਨੂੰ ਚੇਤੇ ਕਰਵਾਉਂਦਿਆਂ ਆਖਿਆ ਕਿ ਆਧੁਨਿਕ ਕੰਜ਼ਰਵੇਟਿਵ ਪਾਰਟੀ ਪੱਛਮੀ ਕੈਨੇਡਾ ਵਿੱਚ ਹਰਮ-ਨਪਿਆਰਤਾ ਦੇ ਦਮ ਉੱਤੇ ਹੀ ਪੈਰ ਜਮਾ ਸਕੀ ਤੇ ਕਿਊਬਿਕ ਵਿੱਚ ਰਾਸ਼ਟਰਵਾਦ ਤੇ ਓਨਟਾਰੀਓ ਦੇ ਟੋਰੀਜ਼ ਰਾਹੀਂ ਇਸ ਦਾ ਨਿਰਮਾਣ ਸੰਭਵ ਹੋਇਆ। ਉਨ੍ਹਾਂ ਆਖਿਆ ਕਿ ਕੰਜ਼ਰਵੇਟਿਵ ਪਾਰਟੀ ਦੇ ਮੌਜੂਦਾ ਰੂਪ ਦਾ ਬਹੁਤਾ ਸਿਹਰਾ ਪੌਪੂਲਿਸਟ ਰਿਫਰਮ ਪਾਰਟੀ ਦੇ ਬਾਨੀ ਪ੍ਰੈਸਟਨ ਮੈਨਿੰਗ ਸਿਰ ਬੱਝਦਾ ਹੈ। ਇਸ ਦੇ ਪ੍ਰੋਗਰੈਸਿਵ ਕੰਜ਼ਰਵੇਟਿਵ ਪਾਰਟੀ ਵਿੱਚ ਰਲੇਵੇਂ ਕਾਰਨ ਹੀ ਕੰਜ਼ਰਵੇਟਿਵ ਪਾਰਟੀ ਆਫ ਕੈਨੇਡਾ ਦਾ ਜਨਮ ਹੋਇਆ। ਫਿਰ ਹਾਰਪਰ ਤੇ ਮੈਨਿੰਗ ਨੇ ਸਟੇਜ ਵੀ ਸਾਂਝੀ ਕੀਤੀ।

# ਕੈਨੇਡਾ ਤੇ ਅਮਰੀਕਾ ਦਰਮਿਆਨ ਫੌਜੀ ਸਹਿਯੋਗ ਹੋਰ ਵਧਾਉਣ ਦੇ ਹੱਕ ਵਿੱਚ ਹਨ ਬਹੁਤੇ ਕੈਨੇਡੀਅਨ : ਸਰਵੇਖਣ

ਓਟਵਾ, 23 ਮਾਰਚ (ਪੋਸਟ ਬਿਊਰੋ) : ਅਮਰੀਕਾ ਦੇ ਰਾਸ਼ਟਰਪਤੀ ਦਾ ਅਹੁਦਾ ਸਾਂਭਣ ਤੋਂ ਬਾਅਦ ਪਹਿਲੀ ਵਾਰੀ ਜੋਅ ਬਾਇਡਨ ਕੈਨੇਡਾ ਪਹੁੰਚਣ ਵਾਲੇ ਹਨ। ਇਸ ਦੌਰਾਨ ਕਰਵਾਏ ਗਏ ਸਰਵੇਖਣ ਤੋਂ ਸਾਹਮਣੇ ਆਇਆ ਹੈ ਕਿ ਬਹੁਗਿਣਤੀ ਕੈਨੇਡੀਅਨਜ਼ ਦੋਵਾਂ ਦੇਸ਼ਾਂ ਵਿਚਾਲੇ ਫੌਜੀ ਸਹਿਯੋਗ ਦੇ ਹੱਕ ਵਿੱਚ ਹਨ।

ਜ਼ੀਜ਼ੀਰੋ ਮੀਡੀਆ ਵੱਲੋਂ ਕਰਵਾਏ ਗਏ ਇੱਕ ਸਰਵੇਖਣ ਅਨੁਸਾਰ 93 ਫੀ ਸਦੀ ਕੈਨੇਡੀਅਨਜ਼ ਦਾ ਕਹਿਣਾ ਹੈ ਕਿ ਜਮਹੂਰੀਅਤ ਨੂੰ ਟਿੱਚ ਮੰਨਣ ਵਾਲੀਆਂ ਵਿਦੇਸ਼ੀ ਤਾਕਤਾਂ ਨੂੰ ਰੋਕਣ ਲਈ ਸਕਿਊਰਿਟੀ ਤੇ ਖੁਫੀਆ ਕੋਸ਼ਿਸ਼ਾਂ ਨੂੰ ਹੱਲਾਸ਼ੇਰੀ ਦੇਣਾ ਦੋਵਾਂ ਦੇਸ਼ਾਂ ਦੀ



ਤਰਜੀਹ ਹੋਣੀ ਚਾਹੀਦੀ ਹੈ। ਯੂਕਰੇਨ ਵਿੱਚ ਜਾਰੀ ਜੰਗ, ਚੀਨ ਤੇ ਉੱਤਰੀ ਕੋਰੀਆ ਵੱਲੋਂ ਫੌਜੀ ਮਸ਼ਕਾਂ ਵਿੱਚ ਕੀਤੇ ਵਾਧੇ ਦਰਮਿਆਨ ਦੋ ਤਿਹਾਈ ਕੈਨੇਡੀਅਨਜ਼ ਚਾਹੁੰਦੇ ਹਨ ਕਿ ਅਮਰੀਕਾ ਦੀਆਂ ਮਿਜ਼ਾਈਲਾਂ ਕੈਨੇਡਾ ਦੀ ਧਰਤੀ ਉੱਤੇ ਲਗਾਈਆਂ ਜਾਣ। ਸਰਵੇਖਣ ਵਿੱਚ ਹਿੱਸਾ ਲੈਣ ਵਾਲੇ 83 ਫੀ ਸਦੀ ਕੈਨੇਡੀਅਨਜ਼ ਦਾ ਕਹਿਣਾ ਹੈ ਕਿ ਨੌਰਥ ਅਮਰੀਕਾ ਉੱਤੇ ਹਮਲਾ ਹੋਣ ਦੀ ਸੂਰਤ ਵਿੱਚ ਉਹ ਚਾਹੁੰਦੇ ਹਨ ਕਿ ਦੋਵੇਂ ਦੇਸ਼ ਸਾਂਝੇ ਮਿਜ਼ਾਈਲ ਡਿਫੈਂਸ ਪ੍ਰੋਗਰਾਮ ਦਾ ਸਮਰਥਨ ਕਰਨ।

ਇੱਕ ਤਿਹਾਈ ਕੈਨੇਡੀਅਨਜ਼ ਦਾ ਮੰਨਣਾ ਹੈ ਕਿ ਡੌਨਲਡ ਟਰੰਪ ਦੇ ਯੁੱਗ ਤੋਂ ਬਾਅਦ ਕੈਨੇਡਾ ਤੇ ਅਮਰੀਕਾ ਦੇ ਸਬੰਧ ਅਸਲ ਵਿੱਚ ਖਰਾਬ ਹੋ ਗਏ ਹਨ। 47 ਫੀ ਸਦੀ ਕੈਨੇਡੀਅਨਜ਼ ਦਾ ਮੰਨਣਾ ਹੈ ਕਿ ਸਬੰਧ ਪਹਿਲਾਂ ਵਾਂਗ ਹੀ ਚੱਲ ਰਹੇ ਹਨ। ਹੁਣ ਸਾਰਿਆਂ ਦੀਆਂ ਨਜ਼ਰਾਂ ਬਾਇਡਨ ਦੇ ਇਸ ਦੌਰੇ ਉੱਤੇ ਟਿਕੀਆਂ ਹਨ ਤੇ ਇਹ ਉਮੀਦ ਕੀਤੀ ਜਾ ਰਹੀ ਹੈ ਕਿ ਇਸ ਨਾਲ ਸਬੰਧਾਂ ਵਿੱਚ ਸ਼ਾਇਦ ਸੁਧਾਰ ਆਵੇਗਾ। ਇਹ ਸਰਵੇਖਣ ਅਮਰੀਕਾ ਤੇ ਕੈਨੇਡਾ ਦੋਵਾਂ ਥਾਂਵਾਂ ਉੱਤੇ ਕਰਵਾਇਆ ਗਿਆ।

# ਮਿਤਜ਼ੀ ਹੰਟਰ ਨੇ ਵੀ ਮੇਅਰ ਦੀ ਚੋਣ ਲਈ ਖੜ੍ਹੇ ਹੋਣ ਦਾ ਕੀਤਾ ਫੈਸਲਾ

ਓਨਟਾਰੀਓ, 23 ਮਾਰਚ (ਪੋਸਟ ਬਿਊਰੋ) : ਓਨਟਾਰੀਓ ਦੀ ਲਿਬਰਲ ਐਮਪੀਪੀ ਵੱਲੋਂ ਟੋਰਾਂਟੋ ਦੇ ਸਾਬਕਾ ਮੇਅਰ ਜੌਹਨ ਟੋਰੀ ਦੀ ਥਾਂ ਲੈਣ ਲਈ ਚੋਣ ਪਿੜ ਵਿੱਚ ਨਿੱਤਰਣ ਦਾ ਫੈਸਲਾ ਕੀਤਾ ਗਿਆ ਹੈ।

ਮੰਗਲਵਾਰ ਰਾਤ ਨੂੰ ਬਲੈਕ ਪ੍ਰੋਫੈਸ਼ਨਲ ਇਨ ਟੈਕ (ਬੀਪੀਟੀਐਨ) ਵੱਲੋਂ ਕਰਵਾਏ ਗਏ ਇੱਕ ਈਵੈਂਟ ਉੱਤੇ ਮਿਤਜ਼ੀ ਹੰਟਰ ਨੇ ਇੱਕਠ ਨੂੰ ਸੰਬੋਧਨ ਕਰਦਿਆਂ ਇਹ ਖੁਲਾਸਾ ਕੀਤਾ ਕਿ ਉਹ ਜੂਨ ਵਿੱਚ ਹੋਣ ਜਾ ਰਹੀਆਂ ਜ਼ਿਮਨੀ ਚੋਣਾਂ ਵਿੱਚ ਹਿੱਸਾ ਲੈਣ ਦੀ ਤਿਆਰੀ ਕਰ ਰਹੀ ਹੈ। ਸਕਾਰ-ਬਰੋ-ਗਿਲਡਵੁੱਡ ਐਮਪੀਪੀ ਨੇ ਆਖਿਆ ਕਿ ਟੋਰਾਂਟੋ ਲਈ ਇਹ ਕਾਫੀ ਅਸਥਿਰਤਾ ਵਾਲਾ ਸਮਾਂ ਹੈ ਤੇ ਇਹ ਸਿਟੀ ਲਈ ਬਹੁਤ ਹੀ ਅਹਿਮ ਸਮਾਂ ਵੀ ਹੈ। ਹੁਣ ਸਮਾਂ ਟੋਰਾਂਟੋ ਨੂੰ ਲੀਹ ਉੱਤੇ ਲੈ ਕੇ ਆਉਣ ਦਾ ਆ ਗਿਆ ਹੈ।



51 ਸਾਲਾਂ ਦੀ ਐਮਪੀਪੀ ਨੇ ਆਖਿਆ ਕਿ ਜੇ ਉਹ ਚੁਣੀ ਜਾਂਦੀ ਹੈ ਤਾਂ ਟੋਰਾਂਟੋ ਵਿੱਚ ਪਬਲਿਕ ਸਰਵਿਸਿਜ਼ ਵਿੱਚ ਸੁਧਾਰ ਦੇ ਨਾਲ ਨਾਲ ਪਬਲਿਕ ਟਰਾਂਜ਼ਿਟ ਉੱਤੇ ਸੇਫਟੀ ਵਿੱਚ ਵਾਧਾ ਕਰਨਾ ਤੇ ਸਿਟੀ ਨੂੰ ਵਧੇਰੇ ਕਿਫਾਇਤੀ ਬਣਾਉਣਾ ਉਨ੍ਹਾਂ ਦੀਆਂ ਮੁੱਖ ਤਰਜੀਹਾਂ ਵਿੱਚ ਸ਼ਾਮਲ ਹੈ। ਇਸ ਦੇ ਨਾਲ ਹੀ ਪਬਲਿਕ ਵਾਸ਼ਰੂਮਜ਼ ਖੋਲ੍ਹਣ, ਉਮਰਦਰਾਜ਼ ਹੋ ਚੁੱਕੇ ਇਨਫਰਾਸਟ੍ਰਕਚਰ ਨੂੰ ਬਦਲਣ, ਸਨੋਅ ਹਟਾਉਣ, ਸੜਕਾਂ ਨੂੰ ਸਾਫ ਸੁਥਰਾ ਰੱਖਣ ਵੱਲ ਵੀ ਉਹ ਧਿਆਨ ਦੇਵੇਗੀ।

# ਲਿਬਰਲ ਐਮਪੀ ਹੈਨ ਡੌਂਗ ਨੇ ਕਾਕਸ ਤੋਂ ਦਿੱਤਾ ਅਸਤੀਫਾ

ਓਟਵਾ, 23 ਮਾਰਚ (ਪੋਸਟ ਬਿਊਰੋ) : ਕੈਨੇਡਾ ਦੀਆਂ ਚੋਣਾਂ ਵਿੱਚ ਚੀਨ ਵੱਲੋਂ ਦਖ਼ਲਅੰਦਾਜ਼ੀ ਕਰਨ ਦੇ ਦੋਸ਼ਾਂ ਦੇ ਚੱਲਦਿਆਂ ਲਿਬਰਲ ਐਮਪੀ ਹੈਨ ਡੌਂਗ ਨੇ ਲਿਬਰਲ ਕਾਕਸ ਤੋਂ ਅਸਤੀਫਾ ਦੇਣ ਦਾ ਐਲਾਨ ਕੀਤਾ ਹੈ। ਉਨ੍ਹਾਂ ਇਹ ਵੀ ਆਖਿਆ ਕਿ ਉਹ ਇੰਡੀਪੈਂਡੈਂਟ ਵਜੋਂ ਹਾਊਸ ਵਿੱਚ ਬੈਠਣਗੇ।

ਹਾਊਸ ਆਫ ਕਾਮਨਜ਼ ਵਿੱਚ ਆਪਣਾ ਪੱਖ ਰੱਖਦਿਆਂ ਡੌਂਗ ਨੇ ਆਖਿਆ ਕਿ ਕੁੱਝ ਮੀਡੀਆ ਆਊਟਲੈਟਸ ਵੱਲੋਂ ਅਪੁਸ਼ਟ ਰਿਪੋਰਟਾਂ ਤੇ ਗੁਮਨਾਮ ਸੂਤਰਾਂ ਦੇ ਹਵਾਲੇ ਨਾਲ ਉਨ੍ਹਾਂ ਖਿਲਾਫ ਜਿਹੜੀਆਂ ਅਫਵਾਹਾਂ ਫੈਲਾਈਆਂ ਗਈਆਂ ਹਨ ਉਸ ਨਾਲ ਉਨ੍ਹਾਂ ਦੀ ਸਾਖ਼ ਨੂੰ ਕਾਫੀ ਢਾਹ ਲੱਗੀ ਹੈ ਤੇ ਕੈਨੇਡਾ ਪ੍ਰਤੀ ਉਨ੍ਹਾਂ ਦੀ ਵਫਾਦਾਰੀ ਉੱਤੇ ਵੀ ਸਵਾਲ ਉੱਠੇ ਹਨ।

ਜ਼ਿਕਰਯੋਗ ਹੈ ਕਿ ਗਲੋਬਲ ਨਿਊਜ਼ ਵੱਲੋਂ ਗੁਮਨਾਮ ਸਕਿਊਰਿਟੀ ਸੂਤਰਾਂ ਦੇ ਹਵਾਲੇ ਨਾਲ ਇੱਕ ਰਿਪੋਰਟ ਅੱਜ ਛਾਪੀ ਗਈ ਜਿਸ ਵਿੱਚ ਇਹ ਦੋਸ਼ ਲਾਇਆ ਗਿਆ ਕਿ ਡੌਂਗ ਨੇ ਮਾਈਕਲ ਸਪੇਵਰ ਤੇ ਮਾਈਕਲ ਕੋਵਰਿਗ ਬਾਰੇ ਫਰਵਰੀ 2021 ਵਿੱਚ ਟੋਰਾਂਟੋ ਸਥਿਤ ਚੀਨੀ ਡਿਪਲੋਮੈਟ ਨਾਲ ਗੱਲ ਕੀਤੀ



ਸੀ। ਉਸ ਸਮੇਂ ਇਹ ਦੋਵੇਂ ਕੈਨੇਡੀਅਨ ਦੋ ਸਾਲ ਤੋਂ ਵੀ ਵੱਧ ਸਮੇਂ ਤੋਂ ਚੀਨ ਵਿੱਚ ਨਜ਼ਰਬੰਦ ਸਨ। ਇਨ੍ਹਾਂ ਨੂੰ ਕਥਿਤ ਤੌਰ ਉੱਤੇ ਦਸੰਬਰ 2018 ਵਿੱਚ ਵੈਨਕੂਵਰ ਤੋਂ ਗ੍ਰਿਫਤਾਰ ਕੀਤੀ ਗਈ ਚੀਨ ਦੀ ਨਾਮੀ ਕੰਪਨੀ ਹੁਆਵੇ ਦੀ ਐਗਜ਼ੈਕਟਿਵ ਮੈਂਗ ਵਾਨਜ਼ੋਊ ਦੇ ਸਬੰਧ ਵਿੱਚ ਬਦਲਾਲਊ ਕਾਰਵਾਈ ਤਹਿਤ ਚੀਨ ਵੱਲੋਂ ਗ੍ਰਿਫਤਾਰ ਕੀਤਾ ਗਿਆ ਸੀ।

ਡੌਂਗ ਨੇ ਹਾਊਸ ਆਫ ਕਾਮਨਜ਼ ਨੂੰ ਦੱਸਿਆ ਕਿ ਇਹ ਰਿਪੋਰਟਾਂ ਝੂਠੀਆਂ ਹਨ ਤੇ ਉਹ ਇਹ ਸਪਸ਼ਟ ਕਰਨਾ ਚਾਹੁੰਦੇ ਹਨ ਕਿ ਉਨ੍ਹਾਂ ਵੱਲੋਂ ਕਿਸੇ ਵੀ ਕੈਨੇਡੀਅਨ ਦੇ ਮੂਲ ਮਨੁੱਖੀ ਅਧਿਕਾਰਾਂ ਦੀ ਉਲੰਘਣਾਂ ਦਾ ਸਮਰਥਨ ਜਾਂ ਪੈਰਵੀ ਨਹੀਂ ਕੀਤੀ ਗਈ।

# ਜੁਲਾਈ ਦੇ ਮੱਧ ਤੱਕ ਕੈਨੇਡਾ ਲਈ ਮੁਫਤ ਐਮਰਜੈਂਸੀ ਵੀਜ਼ਾ ਵਾਸਤੇ ਅਪਲਾਈ ਕਰ ਸਕਣਗੇ ਯੂਕਰੇਨੀਅਨਜ਼

ਓਟਵਾ, 23 ਮਾਰਚ (ਪੋਸਟ ਬਿਊਰੋ) : ਪਿਛਲੇ ਸਾਲ ਯੂਕਰੇਨ ਉੱਤੇ ਰੂਸ ਵੱਲੋਂ ਕੀਤੀ ਗਈ ਚੜ੍ਹਾਈ ਤੋਂ ਬਾਅਦ ਐਮਰਜੰਸੀ ਪ੍ਰੋਗਰਾਮ ਤਹਿਤ ਫੈਡਰਲ ਸਰਕਾਰ ਵੱਲੋਂ ਜੁਲਾਈ ਦੇ ਮੱਧ ਤੱਕ ਯੂਕਰੇਨੀਅਨ ਲੋਕਾਂ ਨੂੰ ਕੈਨੇਡਾ ਲਈ ਮੁਫਤ ਆਰਜ਼ੀ ਵੀਜ਼ਾ ਲਈ ਅਪਲਾਈ ਕਰਨ ਦੀ ਖੁੱਲ੍ਹ ਦਿੱਤੀ ਜਾਵੇਗੀ।

ਇਮੀਗ੍ਰੇਸ਼ਨ ਮੰਤਰੀ ਸ਼ੌਨ ਫਰੇਜ਼ਰ ਨੇ ਬੁੱਧਵਾਰ ਨੂੰ ਇਸ ਸਬੰਧੀ ਬੁੱਧਵਾਰ ਨੂੰ ਐਲਾਨ ਕਰਦਿਆਂ ਆਖਿਆ ਕਿ ਕੈਨੇਡਾ ਯੂਕਰੇਨ ਆਥਰਾਈਜ਼ੇਸ਼ਨ ਫੌਰ ਐਮਰਜੰਸੀ ਟਰੈਵਲ ਪ੍ਰੋਗਰਾਮ ਤਹਿਤ ਯੂਕਰੇਨੀਅਨਜ਼ ਤੇ ਉਨ੍ਹਾਂ ਦੇ ਪਰਿਵਾਰਕ ਮੈਂਬਰ 15 ਜੁਲਾਈ ਤੱਕ ਬਿਨਾਂ ਕੋਈ ਫੀਸ ਅਦਾ ਕੀਤਿਆਂ ਵਿਜ਼ੀਟਰ ਵੀਜ਼ਾ ਲਈ ਅਪਲਾਈ ਕਰ ਸਕਣਗੇ। ਉਨ੍ਹਾਂ ਆਖਿਆ ਕਿ ਇਸ ਨਿਰਧਾਰਤ ਤਰੀਕ ਤੋਂ ਬਾਅਦ ਫੀਸ ਤੇ ਸ਼ਰਤਾਂ ਵੀ ਆਮ ਵਾਂਗ ਹੀ ਲੱਗਣਗੀਆਂ। ਇਸ ਤੋਂ ਪਹਿਲਾਂ ਇਸ ਪ੍ਰੋਗਰਾਮ ਲਈ ਆਖਰੀ ਤਰੀਕ 31 ਮਾਰਚ ਸੀ।

ਇਸ ਪ੍ਰੋਗਰਾਮ ਤਹਿਤ ਯੂਕਰੇਨੀਅਨਜ਼ ਤਿੰਨ ਸਾਲਾਂ ਲਈ ਕੈਨੇਡਾ ਵਿੱਚ ਰਹਿ ਸਕਣਗੇ ਤੇ ਇੱਥੇ ਰਹਿੰਦਿਆਂ ਉਨ੍ਹਾਂ ਨੂੰ ਕੰਮ ਕਰਨ ਤੇ ਪੜ੍ਹਾਈ ਕਰਨ ਦੀ ਖੁੱਲ੍ਹ ਹੋਵੇਗੀ। ਵਿਜ਼ੀਟਰ ਵੀਜ਼ਾ ਲਈ



ਸਟੈਂਡਰਡ ਪੀਰੀਅਡ ਛੇ ਮਹੀਨੇ ਹੈ ਤੇ ਇਸ ਦੀ ਫੀਸ 100 ਡਾਲਰ ਹੈ। ਫਰੇਜ਼ਰ ਨੇ ਨਿਊਜ਼ ਰਲੀਜ਼ ਵਿੱਚ ਆਖਿਆ ਕਿ ਅਸੀਂ ਯੂਕਰੇਨ ਵਾਸੀਆਂ ਦੀ ਮਦਦ ਹਰ ਹਾਲ ਕਰਨੀ ਜਾਰੀ ਰੱਖਾਂਗੇ, ਇਸ ਲਈ ਅਸੀਂ ਜਿੰਨੀ ਸੰਭਵ ਹੋ ਸਕੇ ਮਦਦ ਲਈ ਤਿਆਰ ਹਾਂ।

ਫੈਡਰਲ ਸਰਕਾਰ ਵੱਲੋਂ ਮਾਰਚ 2022 ਵਿੱਚ ਯੂਕਰੇਨੀਅਨਜ਼ ਲਈ ਐਮਰਜੰਸੀ ਟਰੈਵਲ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ ਗਈ ਸੀ। ਇਹ ਯੂਕਰੇਨੀਅਨਜ਼ ਲਈ ਐਲਾਨੀਆਂ ਦੋ ਸਟ੍ਰੀਮਜ਼ ਵਿੱਚੋਂ ਇੱਕ ਹੈ ਤੇ ਦੂਜੀ ਵਿੱਚ ਉਨ੍ਹਾਂ ਯੂਕਰੇਨੀਅਨਜ਼ ਦੀ ਸਰਕਾਰ ਵੱਲੋਂ ਮਦਦ ਕੀਤੀ ਜਾਂਦੀ ਹੈ ਜਿਹੜੇ ਪਰਮਾਨੈਂਟ ਤੌਰ ਉੱਤੇ ਕੈਨੇਡਾ ਰਹਿਣਾ ਚਾਹੁੰਦੇ ਹਨ।

# ਕੈਨੇਡਾ ਦੀਆਂ ਤਿੰਨ ਦਰਜਨ ਪੰਜਾਬੀ ਡਾਇਸਪੋਰਾ ਸੁਸਾਇਟੀਆਂ ਵੱਲੋਂ ਅੰਮ੍ਰਿਤਸਰ ਤੋਂ ਏਅਰ ਇੰਡੀਆ ਦੀਆਂ ਉਡਾਣਾਂ ਸੁਰੂ ਕਰਨ ਦੀ ਮੰਗ

## ਪ੍ਰਵਾਸੀ ਪੰਜਾਬੀ ਭਾਈਚਾਰੇ ਦੀਆਂ ਚਿੰਤਾਵਾਂ ਅਤੇ ਸਰੋਕਾਰ ਸਾਡੇ ਆਪਣੇ ਹਨ : ਇਕਬਾਲ ਸਿੰਘ ਲਾਲਪੁਰਾ

## ਕੈਨੇਡਾ ਤੋਂ ਪ੍ਰੋ: ਕੁਲਵਿੰਦਰ ਸਿੰਘ ਛੀਨਾ ਵੱਲੋਂ ਪ੍ਰੋ: ਸਰਚਾਂਦ ਸਿੰਘ ਰਾਹੀਂ ਸ: ਲਾਲਪੁਰਾ ਨੂੰ ਮੰਗ ਪੱਤਰ ਅਤੇ ਮਤੇ ਸੌਂਪੇ

ਨਵੀਂ ਦਿੱਲੀ / ਅੰਮ੍ਰਿਤਸਰ, 23 ਮਾਰਚ (ਪੋਸਟ ਬਿਊਰੋ): ਬੀਤੇ ਦਿਨੀਂ ਕੈਨੇਡਾ ਦਾ ਪ੍ਰਵਾਸੀ ਪੰਜਾਬੀ ਭਾਈਚਾਰਾ ਅੰਮ੍ਰਿਤਸਰ ਤੋਂ ਕੈਨੇਡਾ ਲਈ ਏਅਰ ਇੰਡੀਆ ਦੀਆਂ ਉਡਾਣਾਂ ਸ਼ੁਰੂ ਕਰਨ ਲਈ ਜ਼ੋਰ ਦੇ ਰਿਹਾ ਹੈ। ਇਸ ਬਾਰੇ ਭਾਰਤ ਸਰਕਾਰ ਦੇ ਕੌਮੀ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਸ: ਇਕਬਾਲ ਸਿੰਘ ਲਾਲਪੁਰਾ ਨੂੰ ਕੈਨੇਡਾ ਦੇ ਪ੍ਰਵਾਸੀ ਸਿੱਖ ਅਤੇ ਹਿੰਦੂ ਭਾਈਚਾਰਿਆਂ ਦੀਆਂ ਤਿੰਨ ਦਰਜਨ ਦੇ ਕਰੀਬ ਸਭਾ ਸੁਸਾਇਟੀਆਂ, ਗੁਰਦੁਆਰਾ ਅਤੇ ਮੰਦਰ ਕਮੇਟੀਆਂ ਵੱਲੋਂ ਅਪੀਲਾਂ ਕੀਤੀਆਂ ਗਈਆਂ ਹਨ।
ਕੈਨੇਡਾ ਦੇ ਮੀਡੀਆ ਸ਼ਖ਼ਸੀਅਤ ਅਤੇ ਸਮਾਜ ਸੇਵਕ ਪ੍ਰੋ: ਕੁਲਵਿੰਦਰ ਸਿੰਘ ਛੀਨਾ ਦੇ ਉੱਦਮ ਨਾਲ ਉਕਤ ਸਰੋਕਾਰ ਸੰਬੰਧੀ ਮੰਗਾਂ ਅਤੇ ਮਤਿਆਂ ਨੂੰ ਘੱਟ ਗਿਣਤੀ ਕਮਿਸ਼ਨ ਦੇ ਸਲਾਹਕਾਰ ਪ੍ਰੋ: ਸਰਚਾਂਦ ਸਿੰਘ ਵੱਲੋਂ ਸ: ਲਾਲਪੁਰਾ ਨੂੰ ਸੌਂਪਿਆ ਗਿਆ ਅਤੇ ਅੰਮ੍ਰਿਤਸਰ ਤੋਂ ਕੈਨੇਡਾ ਲਈ ਏਅਰ ਇੰਡੀਆ ਦੀਆਂ ਉਡਾਣਾਂ ਦੀ ਸ਼ੁਰੂਆਤ ਲਈ ਵਕਾਲਤ ਅਤੇ ਢੁਕਵੀਂ ਚਾਰਾਜੋਈ ਕਰਨ ਦੀ ਉਨ੍ਹਾਂ ਨੂੰ ਪੁਰਜ਼ੋਰ ਅਪੀਲ ਕੀਤੀ ਗਈ। ਇਸ ਮੌਕੇ ਭਾਜਪਾ ਆਗੂ ਜਗਦੀਪ ਸਿੰਘ ਨਕਈ ਵੀ ਮੌਜੂਦ ਸਨ। ਪ੍ਰਵਾਸੀ ਪੰਜਾਬੀ ਭਾਈਚਾਰੇ ਨੇ ਹਾਲ ਹੀ ਵਿੱਚ ਇਟਾਲੀਅਨ ਨਿਓਸ ਏਅਰਲਾਈਨਜ਼ ਵੱਲੋਂ ਅੰਮ੍ਰਿਤਸਰ ਤੋਂ ਕੈਨੇਡਾ ਲਈ ਇੱਕ ਦਿਨ ਦੀ ਹਫ਼ਤਾਵਾਰੀ ਉਡਾਣ ਸ਼ੁਰੂ ਕਰਨ ਦੇ ਫ਼ੈਸਲੇ ਦਾ ਭਰਵਾਂ ਸਵਾਗਤ ਕੀਤਾ ਹੈ ਅਤੇ ਭਾਰਤ ਸਰਕਾਰ ਨੂੰ ਅੰਮ੍ਰਿਤਸਰ ਅੰਤਰਰਾਸ਼ਟਰੀ ਹਵਾਈ ਅੱਡੇ ਤੋਂ ਕੈਨੇਡਾ ਦੇ ਟੋਰਾਂਟੋ ਅਤੇ ਵੈਨਕੂਵਰ ਲਈ ਏਅਰ ਇੰਡੀਆ ਦੀਆਂ ਕੌਮਾਂਤਰੀ ਉਡਾਣਾਂ ਜਲਦ ਸ਼ੁਰੂ ਕਰਨ ਲਈ ਅਪੀਲ ਕੀਤੀ ਹੈ। ਇਸ ਬਾਰੇ ਸ: ਇਕਬਾਲ ਸਿੰਘ ਲਾਲਪੁਰਾ ਨੇ ਕਿਹਾ ਕਿ ਪ੍ਰਵਾਸੀ ਪੰਜਾਬੀ ਭਾਈਚਾਰੇ ਦੀਆਂ ਚਿੰਤਾਵਾਂ ਤੇ ਸਰੋਕਾਰਾਂ ਦਾ ਪੂਰਾ ਖਿਆਲਾ ਰੱਖਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਨੇ ਸਮੂਹ ਪੰਜਾਬੀ ਭਾਈਚਾਰੇ ਦੀ



ਇਸ ਚਿਰੋਕਣੀ ਮੰਗ ਬਾਰੇ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਕੇਂਦਰੀ ਹਵਾਬਾਜ਼ੀ ਮੰਤਰੀ ਜਯੋਤਿਰਾਦਿਤਿਆ ਸਿੰਧੀਆ ਕੋਲ ਮਾਮਲਾ ਉਠਾ ਚੁੱਕੇ ਹਨ, ਜਿਸ 'ਤੇ ਉੱਚ ਪੱਧਰ 'ਤੇ ਵਿਚਾਰ ਕੀਤਾ ਜਾ ਰਿਹਾ ਹੈ। ਉਨ੍ਹਾਂ ਭਰੋਸਾ ਦਿੱਤਾ ਹੈ ਕਿ ਬਹੁਤ ਜਲਦ ਸਾਰਥਿਕ ਨਤੀਜੇ ਸਾਹਮਣੇ ਆਉਣਗੇ।

ਪ੍ਰਵਾਸੀ ਪੰਜਾਬੀ ਭਾਈਚਾਰੇ ਦੀਆਂ ਜਿਨ੍ਹਾਂ ਸਭਾ ਸੁਸਾਇਟੀਆਂ ਨੇ ਇਸ ਸਬੰਧੀ ਮੰਗ ਪੱਤਰ ਭੇਜਿਆ ਹੈ, ਉਨ੍ਹਾਂ ਵਿਚ ਸਿੱਖ ਸਪਿਰਚੁਅਲ ਸੈਂਟਰ ਟੋਰਾਂਟੋ, ਹਿੰਦੂ ਸਭਾ ਬਰੈਂਪਟਨ ਓਨਟਾਰੀਓ, ਵੈਦਿਕ ਹਿੰਦੂ ਕਲਚਰਲ ਸੁਸਾਇਟੀ ਬੀ.ਸੀ., ਮਾਤਾ ਗੁਜਰੀ ਜੀ ਸਿੱਖ ਟੈਂਪਲ ਈਸਟ ਗਰਾਫਰੈਕਸਾ ਓਨਟਾਰੀਓ, ਨਾਨਕਸਰ ਸਤਿਸੰਗ ਸਭਾ ਓਨਟਾਰੀਓ, ਸਾਧ ਸੰਗਤ ਬੋਰਡ ਨਾਨਕਸਰ ਸੁਸਾਇਟੀ ਇੰਕ. ਬਰੈਂਪਟਨ, ਸਾਂਝ ਪੰਜਾਬ ਰੇਡੀਉ ਟੀਵੀ ਇੰਕ. ਬਰੈਂਪਟਨ, ਖ਼ਾਲਸਾ ਦੀਵਾਨ ਸੁਸਾਇਟੀ ਗੁਰਦੁਆਰਾ ਵੈਨਕੂਵਰ ਬੀ.ਸੀ., ਅਕਾਲੀ ਸਿੰਘ ਸਿੱਖ ਸੁਸਾਇਟੀ ਵੈਨਕੂਵਰ, ਖ਼ਾਲਸਾ ਦੀਵਾਨ ਸੁਸਾਇਟੀ ਐਬਟਸਫੋਰਡ, ਗੁਰਦੁਆਰਾ ਸਾਹਿਬ ਬਰੁਕਸਾਈਡ ਸਰੀ, ਸ੍ਰੀ ਗੁਰੂ ਰਵਿਦਾਸ ਸਭਾ ਬਰਨਬੀ, ਗੁਰਦੁਆਰਾ ਨਾਨਕ ਨਿਵਾਸ ਰਿਚਮੰਡ, ਖ਼ਾਲਸਾ ਦੀਵਾਨ ਸੋਸਾਇਟੀ ਯਾਰਕ ਸੈਂਟਰ ਸਰੀ, ਬੀਅਰ ਕਰੀਕ ਹਾਲ ਗੁਰਦੁਆਰਾ ਸਰੀ, ਗੁਰੂ ਗੋਬਿੰਦ ਸਿੰਘ ਟੈਂਪਲ ਪ੍ਰਿੰਸ ਜਾਰਜ, ਗੁਰੂ ਨਾਨਕ ਸਿੱਖ ਟੈਂਪਲ ਮੈਕੇਂਜੀ ਵਿਲੀਅਮਜ਼ ਲੇਕ, ਕੈਰੀਬੂ ਗੁਰਸਿੱਖ ਟੈਂਪਲ, ਕੁਏਸਨੇਲ, ਵੈਨਕੂਵਰ ਆਈਸਲੈਂਡ ਸਿੱਖ ਕਲਚਰਲ ਸੋਸਾਇਟੀ ਸ਼ੇਰਮਨ ਰੋਡ ਡੰਕਨ, ਓਕਾਨਾਗਨ ਸਿੱਖ ਟੈਂਪਲ ਰਟਲੈਂਡ ਆਰ.ਡੀ. ਕੇਲੋਨਾ, ਮਿਸ਼ਨ ਸਿੱਖ ਟੈਂਪਲ ਰਾਏ ਐਵਿਨਿਊ ਮਿਸ਼ਨ, ਗੁਰਦੁਆਰਾ ਸਾਹਿਬ-ਮੀਰੀ-ਪੀਰੀ ਖ਼ਾਲਸਾ ਦਰਬਾਰ ਵਾਲਸ਼ ਐਵਿਨਿਊ ਟੈਰੇਸ, ਖ਼ਾਲਸਾ ਦੀਵਾਨ ਸੁਸਾਇਟੀ ਸਿੱਖ ਟੈਂਪਲ ਟੋਪਾਜ਼ ਐਵਿਨਿਊ ਵਿਕਟੋਰੀਆ, ਖ਼ਾਲਸਾ ਦੀਵਾਨ ਸੋਸਾਇਟੀ ਨਨੈਮੋ, ਗੁਰੂ ਨਾਨਕ ਸਿੱਖ ਸੋਸਾਇਟੀ ਪਾਈਨਕ੍ਰੈਸਟ ਆਰ.ਡੀ. ਕੈਂਪਬੈਲ ਰਿਵਰ, ਸਿੱਖ ਟੈਂਪਲ ਸਕੁਏਮਿਸ਼, ਸਿੱਖ ਕਲਚਰਲ ਸੋਸਾਇਟੀ ਕੈਂਬਰਿਜ ਕਰੇ ਸੈਂਟ ਕਾਮਲੂਪਸ, ਮੈਰਿਟ ਸਿੱਖ ਟੈਂਪਲ ਚੈਪਮੈਨ ਸਟ੍ਰੀਟ ਮੈਰਿਟ, ਅਲਬਰਨੀ ਵੈਲੀ ਗੁਰਦੁਆਰਾ ਸੁਸਾਇਟੀ ਮੌਂਟਰੋਜ਼ ਸਟ੍ਰੀਟ ਪੋਰਟ ਅਲਬਰਨੀ, ਗੁਰਦੁਆਰਾ ਗੁਰੂ ਤੇਗ਼ ਬਹਾਦਰ ਸਾਹਿਬ ਸਰੀ ਅਤੇ ਓਨਟਾਰੀਓ ਸਿੱਖ ਅਤੇ ਗੁਰਦੁਆਰਾ ਕੌਂਸਲ ਓਨਟਾਰੀਓ ਆਦਿ ਸ਼ਾਮਿਲ ਹਨ।

ਇਸ ਦੌਰਾਨ ਪ੍ਰੋ: ਕੁਲਵਿੰਦਰ ਸਿੰਘ ਛੀਨਾ ਅਤੇ ਪ੍ਰੋ: ਸਰਚਾਂਦ ਸਿੰਘ ਨੇ ਇਕ ਸਾਂਝੇ ਬਿਆਨ 'ਚ ਕਿਹਾ ਕਿ ਦਿੱਲੀ ਕੌਮਾਂਤਰੀ ਹਵਾਈ ਅੱਡੇ 'ਤੇ ਯਾਤਰੀਆਂ ਦੀ ਵੱਡੀ ਆਮਦ ਦੇ ਮੱਦੇਨਜ਼ਰ ਦਿੱਲੀ ਦੇ ਨਜ਼ਦੀਕ ਪੰਜਾਬ ਦੇ ਚੰਡੀਗੜ੍ਹ ਅਤੇ ਅੰਮ੍ਰਿਤਸਰ ਕੌਮਾਂਤਰੀ ਹਵਾਈ ਅੱਡਿਆਂ ਤੋਂ ਘਰੇਲੂ ਅਤੇ ਕੌਮਾਂਤਰੀ ਉਡਾਣਾਂ ਦੀ ਗਿਣਤੀ ਵਧਾਈ ਜਾਣੀ ਚਾਹੀਦੀ ਹੈ। ਉਨ੍ਹਾਂ ਪੰਜਾਬ ਸਰਕਾਰ ਵੱਲੋਂ ਇਸ ਮੰਤਵ ਲਈ ਕੇਂਦਰ ਸਰਕਾਰ ਕੋਲ ਢੁਕਵੀਂ ਪੈਰਵਾਈ ਨਾ ਕਰਨ ਦੀ ਸਖ਼ਤ ਆਲੋਚਨਾ ਕੀਤੀ । ਉਨ੍ਹਾਂ ਕੈਨੇਡਾ ਸਰਕਾਰ ਵੱਲੋਂ ਭਾਰਤ ਨਾਲ ਕੀਤੇ ਗਏ ਹਵਾਈ ਆਵਾਜਾਈ ਸਮਝੌਤੇ 'ਚ ਪੰਜਾਬ ਨੂੰ ਬਾਹਰ ਰੱਖੇ ਜਾਣ 'ਤੇ ਵੀ ਅਫ਼ਸੋਸ ਜ਼ਾਹਿਰ ਕੀਤਾ ਅਤੇ ਕਿਹਾ ਕਿ ਕੈਨੇਡਾ ਦੇ ਪੰਜਾਬੀ ਸਾਂਸਦ ਮੈਂਬਰ ਡਾਇਸਪੋਰਾ ਪੰਜਾਬੀ ਭਾਈਚਾਰੇ ਦੀਆਂ ਉਮੀਦਾਂ 'ਤੇ ਖਰੇ ਨਹੀਂ ਉੱਤਰੇ ਹਨ। ਉਨ੍ਹਾਂ ਕਿਹਾ ਕਿ ਦਿੱਲੀ ਤੋਂ ਚਲਾਈਆਂ ਜਾ ਰਹੀਆਂ ਏਅਰ ਇੰਡੀਆ ਅਤੇ ਏਅਰ ਕੈਨੇਡਾ ਦੀਆਂ ਉਡਾਣਾਂ ਵਿੱਚ ਸਭ ਤੋਂ ਵੱਧ ਯਾਤਰੀ ਪੰਜਾਬ ਤੋਂ ਆਉਂਦੇ ਹਨ। ਕੈਨੇਡਾ ਅਤੇ ਪੰਜਾਬ ਦਰਮਿਆਨ ਸਿੱਧੀਆਂ ਉਡਾਣਾਂ ਨਾ ਹੋਣ ਕਾਰਨ ਯਾਤਰੀਆਂ ਨੂੰ ਵਾਧੂ ਪੈਸੇ, ਸਮਾਂ ਅਤੇ ਵੱਡੀ ਅਸੁਵਿਧਾ ਤੋਂ ਇਲਾਵਾ ਸੜਕ ਹਾਦਸਿਆਂ ਦੇ ਸ਼ਿਕਾਰ ਹੋਣਾ ਪੈਂਦਾ ਹੈ। ਉਨ੍ਹਾਂ ਕਿਹਾ ਕਿ ਅੰਮ੍ਰਿਤਸਰ ਧਾਰਮਿਕ ਅਤੇ ਵਿਰਸੇ ਪੱਖੋਂ ਅਹਿਮ ਸ਼ਹਿਰ ਹੈ, ਸ੍ਰੀ ਦਰਬਾਰ ਸਾਹਿਬ, ਜੱਲਿਆਂਵਾਲਾ ਬਾਗ, ਮਹਾਂਰਿਸ਼ੀ ਬਾਲਮੀਕ ਜੀ ਦੀ ਤਪੋ ਭੂਮੀ ਸ੍ਰੀ ਰਾਮ ਤੀਰਥ ਅਤੇ ਵਾਹਗੇ ਦੀ ਕੌਮਾਂਤਰੀ ਸਰਹੱਦ ਉੱਤੇ ਹੁੰਦੇ ਪਰੇਡ ਪੰਜਾਬੀਆਂ ਲਈ ਹੀ ਨਹੀਂ ਸਗੋਂ ਦੁਨੀਆ ਦੇ ਸੈਲਾਨੀਆਂ ਲਈ ਵੀ ਖਿੱਚ ਦਾ ਕੇਂਦਰ ਹਨ। ਉਨ੍ਹਾਂ ਦੱਸਿਆ ਕਿ ਅੰਮ੍ਰਿਤਸਰ 'ਚ ਸੈਲਾਨੀਆਂ ਦੀ ਰੋਜ਼ਾਨਾ ਕਰੀਬ ਡੇਢ ਤੋਂ ਦੋ ਲੱਖ ਦੀ ਆਮਦ ਕਾਰਨ ਸੈਰ-ਸਪਾਟਾ ਅਤੇ ਆਰਥਿਕਤਾ ਨੂੰ ਹੁਲਾਰਾ ਮਿਲ ਰਿਹਾ ਹੈ। ਉਨ੍ਹਾਂ ਕਿਹਾ ਕਿ ਅੰਮ੍ਰਿਤਸਰ ਅਤੇ ਕੈਨੇਡਾ ਲਈ ਸਿੱਧੀਆਂ ਉਡਾਣਾਂ ਸ਼ੁਰੂ ਕਰਨ

ਦੇ ਫ਼ੈਸਲੇ ਨਾਲ ਵਿਦੇਸ਼ਾਂ ਵਿੱਚ ਵੱਸਦੇ ਪੰਜਾਬੀਆਂ ਅਤੇ ਸਿੱਖ ਭਾਈਚਾਰੇ ਵਿਚ ਭਾਰਤ ਪ੍ਰਤੀ ਰਵਈਏ ਵਿਚ ਵਿਲੱਖਣ ਤਬਦੀਲੀ ਦੇਖਣ ਨੂੰ ਮਿਲੇਗੀ। ਇਸ ਦੇ ਨਾਲ ਹੀ ਪ੍ਰੋ: ਸਰਚਾਂਦ ਸਿੰਘ ਨੇ ਅੰਮ੍ਰਿਤਸਰ ਹਵਾਈ ਅੱਡੇ ਤੋਂ ਕਾਰਗੋ ਉਡਾਣਾਂ ਦੀ ਆਵਾਜਾਈ ਵਧਾਉਣ ਦੀ ਵਕਾਲਤ ਵੀ ਕੀਤੀ । ਉਨ੍ਹਾਂ ਕਿਹਾ ਕਿ ਕਾਰਗੋ ਉਡਾਣਾਂ ਦੇ ਵਾਧੇ ਨਾਲ ਖੇਤੀ ਉਦਯੋਗ ਮਜ਼ਬੂਤ ਹੋਵੇਗਾ। ਪੰਜਾਬ ਅਤੇ ਖ਼ਾਸਕਰ ਕੇ ਸਰਹੱਦੀ ਖੇਤਰ ਦੇ ਕਿਸਾਨਾਂ ਨੂੰ ਫ਼ਾਇਦਾ ਮਿਲੇਗਾ। ਕਿਸਾਨ ਫਲ ਅਤੇ ਸਬਜ਼ੀਆਂ ਦੁਬਈ ਸਿੰਘਾਪੁਰ ਸਮੇਤ ਵਿਦੇਸ਼ਾਂ ਵਿਚ ਵੇਚ ਸਕਣਗੇ।

# ਇਟੋਬੀਕੋ ਵਿੱਚ ਇੱਕ ਘਰ ਨੂੰ ਲੱਗੀ ਅੱਗ, ਮਹਿਲਾ ਜ਼ਖ਼ਮੀ



ਇਟੋਬੀਕੋ, 23 ਮਾਰਚ (ਪੋਸਟ ਬਿਊਰੋ) : ਦੱਖਣੀ ਇਟੋਬੀਕੋ ਵਿੱਚ ਟਾਊਨਹਾਊਸ ਕਾਂਪਲੈਕਸ ਵਿੱਚ ਤੜਕੇ ਲੱਗੀ ਅੱਗ ਤੋਂ ਬਾਅਦ ਇੱਕ ਮਹਿਲਾ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਈ। ਉਸ ਨੂੰ ਫੌਰਨ ਹਸਪਤਾਲ ਲਿਜਾਇਆ ਗਿਆ ਤੇ ਇਸ ਸਮੇਂ ਉਹ ਹਸਪਤਾਲ ਵਿੱਚ ਜ਼ਿੰਦਗੀ ਤੇ ਮੌਤ ਦੀ ਲੜਾਈ ਲੜ ਰਹੀ ਹੈ।

ਰਾਤੀਂ 12:30 ਵਜੇ ਤੋਂ ਠੀਕ ਪਹਿਲਾਂ ਬਰੱਸਲਜ਼ ਸਟਰੀਟ ਉੱਤੇ ਸਥਿਤ ਰਿਹਾਇਸ਼ ਵਿੱਚ ਅੱਗ ਲੱਗ ਗਈ। ਇਹ ਇਲਾਕਾ ਕੁਈਨਜ਼ਵੇਅ ਦੇ ਦੱਖਣ ਤੇ ਪਾਰਕ ਲਾਅਨ ਰੋਡ ਦੇ ਪੱਛਮ ਵੱਲ ਸਥਿਤ ਹੈ। ਮੌਕੇ ਉੱਤੇ ਮੀਡੀਆ ਨਾਲ ਗੱਲਬਾਤ ਕਰਦਿਆਂ ਟੋਰਾਂਟੋ ਫਾਇਰ ਚੀਫ ਮੈਥਿਊ ਪੈੱਗ ਨੇ ਦੱਸਿਆ ਕਿ ਫਾਇਰਫਾਈਟਰਜ਼ ਬੜੀ ਤੇਜ਼ੀ ਨਾਲ ਘਰ ਵਿੱਚ ਦਾਖਲ ਹੋਏ ਤੇ ਉਨ੍ਹਾਂ ਤੇਜ਼ੀ ਨਾਲ ਸਰਚ ਤੇ ਰੈਸਕਿਊ ਆਪਰੇਸ਼ਨ ਸ਼ੁਰੂ ਕਰ ਦਿੱਤਾ।

ਉਨ੍ਹਾਂ ਦੱਸਿਆ ਕਿ ਫਾਇਰਫਾਈਟਰਜ਼ ਨੂੰ ਘਰ ਵਿੱਚ ਇੱਕ ਮਹਿਲਾ ਮਿਲੀ। ਉਸ ਨੂੰ ਫੌਰਨ ਘਰ ਤੋਂ ਬਾਹਰ ਲਿਆਂਦਾ ਗਿਆ ਤੇ ਉਸ ਨੂੰ ਫਰਸਟ ਏਡ ਦੇਣ ਤੋਂ ਬਾਅਦ ਪਹਿਲਾਂ ਤੋਂ ਹੀ ਉਡੀਕ ਕਰ ਰਹੇ ਟੋਰਾਂਟੋ ਪੈਰਾਮੈਡਿਕਸ ਹਵਾਲੇ ਕਰ ਦਿੱਤਾ ਗਿਆ। ਟੋਰਾਂਟੋ ਪੈਰਾਮੈਡਿਕਸ ਨੇ ਦੱਸਿਆ ਕਿ ਇਸ ਮਹਿਲਾਂ ਨੂੰ ਨਾਜ਼ੁਕ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ। ਉਨ੍ਹਾਂ ਆਖਿਆ ਕਿ ਕਿਸੇ ਹੋਰ ਦੇ ਜ਼ਖ਼ਮੀ ਹੋਣ ਦੀ ਅਜੇ ਕੋਈ ਸੰਭਾਵਨਾ ਨਹੀਂ ਹੈ।

ਉਨ੍ਹਾਂ ਦੱਸਿਆ ਕਿ ਅੱਗ ਉੱਤੇ ਕਾਬੂ ਪਾ ਲਿਆ ਗਿਆ ਹੈ ਪਰ ਫਾਇਰਫਾਈਟਰਜ਼ ਅਹਿਤਿਆਤਨ ਮੌਕੇ ਉੱਤੇ ਹੀ ਮੌਜੂਦ ਹਨ। ਟੋਰਾਂਟੋ ਫਾਇਰ ਸਰਵਿਸਿਜ਼ ਦੀ ਟੀਮ ਵੀ ਜਾਂਚ ਲਈ ਰਵਾਨਾ ਹੋ ਚੁੱਕੀ ਹੈ ਤੇ ਓਨਟਾਰੀਓ ਫਾਇਰ ਮਾਰਸ਼ਲ ਨੂੰ ਵੀ ਸੱਦ ਲਿਆ ਗਿਆ ਹੈ।

# ਅਮਰੀਕਾ ਵਿਚ ਬਾਸਕਟ ਬਾਲ ਮੈਚ ਵੇਖਣ ਗਏ ਇਕ ਅਮ੍ਰਿਤਧਾਰੀ ਸਿੱਖ ਨੇ ਲਾਇਆ ਭੇਦਭਾਵ ਦਾ ਦੋਸ਼

ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ) - ਇਕ ਅਮ੍ਰਿਤਧਾਰੀ ਸਿੱਖ ਨੇ ਦੋਸ਼ ਲਾਇਆ ਹੈ ਕਿ ਉਸ ਨਾਲ ਭੇਦਭਾਵ ਕੀਤਾ ਗਿਆ ਹੈ ਤੇ ਕ੍ਰਿਪਾਨ ਪਹਿਨੀ ਹੋਣ ਕਾਰਨ ਬਾਸਕਟਬਾਲ ਮੈਚ ਵੇਖਣ ਲਈ ਉਸ ਨੂੰ ਸਟੇਡੀਅਮ ਦੇ ਅੰਦਰ ਨਹੀਂ ਜਾਣ ਦਿੱਤਾ ਗਿਆ। ਮਨਦੀਪ ਸਿੰਘ ਨੇ ਇਕ ਟਵੀਟ ਵਿਚ ਕਿਹਾ ਹੈ ਕਿ ਉਹ ਇਥੇ ਇਕ ਬਾਸਕਟਬਾਲ ਮੈਚ ਜਿਸ ਵਿਚ ਐਮ ਬੀ ਏ ਟੀਮ ਸੈਕਰਾਮੈਂਟੋ



ਕਿੰਗਜ਼ ਵੀ ਹਿੱਸਾ ਲੈ ਰਹੀ ਸੀ,ਵੇਖਣ ਗਿਆ ਸੀ ਪਰੰਤੂ ਉਸ ਨੂੰ ਅੰਦਰ ਨਹੀਂ ਜਾਣ ਦਿੱਤਾ। ਉਸ ਨੇ ਟਵੀਟ ਵਿਚ ਕਿਹਾ ਕਿ ਹਾਲਾਂ ਕਿ ਉਸ ਨੂੰ ਇਕ ਈ ਮੇਲ ਰਾਹੀਂ ਸੈਕਰਾਮੈਂਟੋ ਕਿੰਗਜ਼ ਨੇ ਮੈਚ ਵੇਖਣ ਦਾ ਸੱਦਾ ਦਿੱਤਾ ਸੀ ਪਰੰਤੂ ਫਿਰ ਵੀ ਉਸ ਨਾਲ ਅਜਿਹਾ ਸਲੂਕ ਕੀਤਾ ਗਿਆ। ਮਨਦੀਪ ਨੇ ਕਿਹਾ ਕਿ ਉਸ ਨੇ ਉਥੇ ਮੌਜੂਦ ਅਧਿਕਾਰੀਆਂ ਨੂੰ ਆਪਣੇ ਅਮ੍ਰਿਤਧਾਰੀ ਹੋਣ ਬਾਰੇ ਸਮਝਾਉਣ ਦੀ ਕੋਸ਼ਿਸ਼ ਕੀਤੀ ਪਰੰਤੂ ਇਸ ਦਾ ਕੋਈ ਅਸਰ ਨਹੀਂ ਹੋਇਆ ਤੇ ਉਸ ਨੂੰ ਬਿਨਾਂ ਮੈਚ ਵੇਖੇ ਵਾਪਿਸ ਆਉਣ ਲਈ ਮਜਬੂਰ ਹੋਣਾ ਪਿਆ।

# ਫੋਰਡ ਸਰਕਾਰ ਨੇ ਪੇਸ਼ ਕੀਤਾ ਬਜਟ

ਸਫਾ 1 ਦਾ ਬਾਕੀ

ਵਿੱਚ ਨਵੇਂ ਹਾਈਵੇਅਜ਼, ਜਿਵੇਂ ਕਿ ਹਾਈਵੇਅ 413, ਦੇ ਨਿਰਮਾਣ ਲਈ ਵੀ ਰਕਮ ਰੱਖੀ ਗਈ ਹੈ ਪਰ ਸਰਕਾਰ ਵੱਲੋਂ ਹਾਈਵੇਅ ਦੇ ਨਿਰਮਾਣ ਉੱਤੇ ਹੋਣ ਵਾਲੇ ਖਰਚੇ ਦਾ ਐਸਟੀਮੇਟ ਮੁਹੱਈਆ ਨਹੀਂ ਕਰਵਾਇਆ ਗਿਆ।
ਬਜਟ ਨੂੰ ਸੰਤੁਲਿਤ ਕਰਨ ਲਈ ਵੀ ਸਰਕਾਰ ਦ੍ਰਿੜ ਹੈ। ਇਸ ਵਿੱਤੀ ਵਰ੍ਹੇ ਵਿੱਚ ਸਰਕਾਰ ਨੂੰ 1·3 ਬਿਲੀਅਨ ਡਾਲਰ ਦਾ ਘਾਟਾ ਪੈਣ ਦਾ ਡਰ ਹੈ ਪਰ ਅਗਲੇ ਸਾਲ ਤੋਂ ਓਨਟਾਰੀਓ ਦਾ ਬਜਟ ਸੰਤੁਲਿਤ ਹੋਣ ਦੇ ਨਾਲ ਨਾਲ ਸਰਕਾਰ ਨੂੰ 200 ਮਿਲੀਅਨ ਡਾਲਰ ਵਾਧੂ ਬਚਣ ਦੀ ਵੀ ਉਮੀਦ ਹੈ। ਵਿੱਤ ਮੰਤਰੀ ਪੀਟਰ ਬੈਥਲੈਨਫੈਲਵੀ ਵੱਲੋਂ ਇਸ ਨੂੰ ਦਮਦਾਰ ਵਿੱਤੀ ਰਿਕਾਰਡ ਦਾ ਦਰਜਾ ਦਿੱਤਾ ਗਿਆ। ਉਨ੍ਹਾਂ ਆਖਿਆ ਕਿ ਭਾਵੇਂ ਅਸਥਿਰਤਾ ਵਾਲਾ ਮਾਹੌਲ ਅਜੇ ਵੀ ਬਣਿਆ ਹੋਇਆ ਹੈ ਪਰ ਅਸੀਂ ਵਿੱਤੀ ਮਜ਼ਬੂਤੀ ਵੱਲ ਵੱਧ ਰਹੇ ਹਾਂ।
ਮਹਿੰਗਾਈ ਨਾਲ ਜੂਝ ਰਹੇ ਓਨਟਾਰੀਓ ਵਾਸੀਆਂ ਲਈ ਕੋਈ ਰਾਹਤ ਮੁਹੱਈਆ ਨਹੀਂ ਕਰਵਾਈ ਗਈ। ਸਗੋਂ ਸਰਕਾਰ ਵੱਲੋਂ ਪ੍ਰੋਵਿੰਸ਼ੀਅਲ ਗੈਸ ਟੈਕਸ, ਜਿਸ ਨੂੰ ਪਹਿਲਾਂ ਆਰਜ਼ੀ ਤੌਰ ਉੱਤੇ ਘਟਾ ਦਿੱਤਾ ਗਿਆ ਸੀ, ਉੱਤੇ ਦਿੱਤੀ ਜਾ ਰਹੀ ਛੋਟ ਵੀ ਖ਼ਤਮ ਕਰ ਦਿੱਤੀ ਗਈ ਹੈ। ਕੋਵਿਡ-19 ਲਈ ਵੀ ਕੋਈ ਫੰਡਿੰਗ ਸਰਕਾਰ ਵੱਲੋਂ ਨਹੀਂ ਰੱਖੀ ਗਈ ਹੈ। ਇਸ ਦੇ ਨਾਲ ਹੀ ਸਰਕਾਰ ਨੂੰ ਭੰਗ ਤੋਂ ਵੀ ਘੱਟ ਆਮਦਨ ਹੋਣ ਦੀ ਉਮੀਦ ਹੈ। ਕਿਸੇ ਆਮ ਕੈਨਾਬਿਸ ਸਟੋਰ ਤੋਂ ਹੋਣ ਵਾਲੀ ਆਮਦਨ ਵਿੱਚ 31 ਮਿਲੀਅਨ ਡਾਲਰ ਨਾਲ ਗਿਰਾਵਟ ਆ ਸਕਦੀ ਹੈ। ਅਜਿਹਾ ਓਸੀਐਸ ਵੱਲੋਂ ਵੀਡ ਦੀਆਂ ਕੀਮਤਾਂ ਵਿੱਚ ਕਟੌਤੀ ਕੀਤੇ ਜਾਣ ਕਾਰਨ ਹੋ ਸਕਦਾ ਹੈ।
ਹੈਲਥ ਕੇਅਰ ਉੱਤੇ ਸਰਕਾਰ ਵੱਲੋਂ ਖਰਚ ਕਰਨ ਲਈ 3·2 ਬਿਲੀਅਨ ਡਾਲਰ ਰਾਖਵੇਂ ਰੱਖੇ ਗਏ ਹਨ। ਕਮਿਊਨਿਟੀ (ਪ੍ਰਾਈਵੇਟ) ਸਰਜੀਕਲ ਸੈਂਟਰਜ਼ ਲਈ ਸਰਕਾਰ 72 ਮਿਲੀਅਨ ਡਾਲਰ ਪਾਸੇ ਰੱਖ ਕੇ ਚੱਲ ਰਹੀ ਹੈ। ਅਗਲੇ 10 ਸਾਲਾਂ ਵਿੱਚ ਹਸਪਤਾਲਾਂ ਦੇ ਇਨਫਰਾਸਟ੍ਰਕਚਰ ਲਈ ਸਰਕਾਰ ਵੱਲੋਂ 48 ਬਿਲੀਅਨ ਡਾਲਰ ਖਰਚ ਕਰਨ ਦੀ ਯੋਜਨਾ ਬਣਾਈ ਗਈ ਹੈ ਤੇ ਹੋਮ ਕੇਅਰ ਉੱਤੇ ਸਰਕਾਰ 569 ਮਿਲੀਅਨ ਡਾਲਰ ਹੋਰ ਖਰਚਣਾ ਚਾਹੁੰਦੀ ਹੈ। ਇਸ ਦੇ ਨਾਲ ਹੀ ਮੈਂਟਲ ਹੈਲਥ ਤੇ ਅਡਿਕਸ਼ਨ ਲਈ ਅਗਲੇ ਤਿੰਨ ਸਾਲਾਂ ਵਾਸਤੇ ਸਰਕਾਰ ਵੱਲੋਂ 425 ਮਿਲੀਅਨ ਡਾਲਰ ਦੀ ਰਕਮ ਖਰਚ ਕਰਨ ਦਾ ਫੈਸਲਾ ਕੀਤਾ ਗਿਆ ਹੈ।
ਸਰਕਾਰ ਵੱਲੋਂ ਸਿੱਖਿਆ ਦੇ ਖੇਤਰ ਉੱਤੇ 1·4 ਬਿਲੀਅਨ ਡਾਲਰ ਖਰਚ ਕਰਨ ਲਈ ਰਾਖਵੇਂ ਰੱਖੇ ਗਏ ਹਨ। ਅਗਲੇ 10 ਸਾਲਾਂ ਵਾਸਤੇ ਸਰਕਾਰ ਸਕੂਲਾਂ ਦੇ ਪਸਾਰ ਤੇ ਸਕੂਲਾਂ ਨੂੰ ਨੰਵਿਆਉਣ ਲਈ 15 ਬਿਲੀਅਨ ਡਾਲਰ ਪਾਸੇ ਰੱਖ ਕੇ ਚੱਲ ਰਹੀ ਹੈ ਤੇ ਇਸ ਪੈਸੇ ਦੀ ਮਦਦ ਨਾਲ ਹੀ ਦਸੰਬਰ 2026 ਤੱਕ ਸਰਕਾਰ ਵੱਲੋਂ 86000 ਨਵੀਆਂ ਚਾਈਲਡਕੇਅਰ ਸਪੇਸਿਜ਼ ਵੀ ਕਾਇਮ ਕੀਤੀਆਂ ਜਾਣਗੀਆਂ। ਗਾਰੰਟੀਡ ਐਨੂਅਲ ਇਨਕਮ ਸਿਸਟਮ (ਗੇਨਜ਼) ਲਈ ਹੋਰ ਸੀਨੀਅਰਜ਼ ਨੂੰ ਯੋਗ ਬਣਾਉਣ ਵਾਸਤੇ ਵੀ ਬਜਟ ਵਿੱਚ ਪ੍ਰਬੰਧ ਕੀਤਾ ਗਿਆ ਹੈ।
ਟੋਰਾਂਟੋ ਲਈ ਇਸ ਵਾਰੀ ਕੋਈ ਪੈਸੇ ਨਹੀਂ ਰੱਖੇ ਗਏ ਹਨ। ਪਰ ਸਪੋਰਟਿਵ ਹਾਊਸਿੰਗ ਲਈ ਸਾਲ ਦੇ 202 ਮਿਲੀਅਨ ਡਾਲਰ ਰਾਖਵੇਂ ਰੱਖੇ ਗਏ ਹਨ। ਸਰਕਾਰ ਦਾ ਕਹਿਣਾ ਹੈ ਕਿ ਇਨ੍ਹਾਂ ਵਿੱਚੋਂ ਬਹੁਤੇ ਸਿਟੀ ਆਫ ਟੋਰਾਂਟੋ ਨੂੰ ਹੀ ਮਿਲਣਗੇ ਪਰ ਇਸ ਬਾਰੇ ਕੋਈ ਵੇਰਵੇ ਮੁਹੱਈਆ ਨਹੀਂ ਕਰਵਾਏ ਗਏ।

# ਦਿਨ ਦਹਾੜੇ ਚੱਲੀ ਗੋਲੀ ਵਿੱਚ 1 ਹਲਾਕ, 2 ਜ਼ਖ਼ਮੀ

ਟੋਰਾਂਟੋ, 23 ਮਾਰਚ (ਪੋਸਟ ਬਿਊਰੋ) : ਸੋਮਵਾਰ ਦੁਪਹਿਰ ਨੂੰ ਫੇਅਰਵਿਊ ਮਾਲ ਦੇ ਪਾਰਕਿੰਗ ਲੌਟ ਵਿੱਚ ਦਿਨ ਦਹਾੜੇ ਵਾਪਰੇ ਗੋਲੀਕਾਂਡ ਵਿੱਚ ਇੱਕ ਵਿਅਕਤੀ ਦੀ ਮੌਤ ਹੋ ਗਈ ਜਦਕਿ ਦੋ ਹੋਰ ਜ਼ਖ਼ਮੀ ਹੋ ਗਏ। ਦੁਪਹਿਰੇ 4:00 ਵਜੇ ਤੋਂ ਠੀਕ ਬਾਅਦ ਸ਼ੈਪਰਡ ਐਵਨਿਊ ਈਸਟ ਤੇ ਡੌਨ ਮਿੱਲਜ਼ ਰੋਡ ਇਲਾਕੇ ਵਿੱਚ ਸਥਿਤ ਮਾਲ ਵਿੱਚ ਪੁਲਿਸ ਨੂੰ ਸੱਦਿਆ ਗਿਆ। ਦੋ ਵਿਅਕਤੀ, ਜੋ ਕਿ ਆਪਣੇ 20ਵਿਆਂ ਵਿੱਚ ਸਨ ਗੋਲੀਆਂ ਲੱਗਣ ਕਾਰਨ ਜ਼ਖ਼ਮੀ ਹਾਲਤ ਵਿੱਚ ਮੌਕੇ ਉੱਤੇ ਮਿਲੇ। ਦੋਵਾਂ ਨੂੰ ਹਸਪਤਾਲ ਲਿਜਾਇਆ ਗਿਆ, ਜਿੱਥੇ ਇੱਕ ਦੀ ਹਾਲਤ ਨਾਜ਼ੁਕ ਦੱਸੀ ਜਾਂਦੀ ਹੈ। ਦੂਜੇ ਦੀ ਹਾਲਤ ਗੰਭੀਰ ਦੱਸੀ ਜਾਂਦੀ ਹੈ ਪਰ ਉਹ ਖਤਰੇ ਤੋਂ ਬਾਹਰ ਵੀ ਦੱਸਿਆ ਜਾਂਦਾ ਹੈ। ਪੁਲਿਸ ਨੇ ਦੱਸਿਆ ਕਿ ਇਸੇ ਗੋਲੀਕਾਂਡ ਦਾ ਸ਼ਿਕਾਰ ਹੋਏ ਇੱਕ ਹੋਰ ਵਿਅਕਤੀ, ਉਹ ਵੀ ਆਪਣੇ 20ਵਿਆਂ ਵਿੱਚ ਸੀ, ਨੂੰ ਬਾਅਦ ਵਿੱਚ ਨਿਜੀ ਗੱਡੀ ਵਿੱਚ ਹਸਪਤਾਲ ਲਿਜਾਇਆ ਗਿਆ। ਪਰ ਇਲਾਜ ਦੌਰਾਨ ਉਸ ਦੀ ਮੌਤ ਹੋ ਗਈ। ਟੋਰਾਂਟੋ ਪੁਲਿਸ ਸਰਵਿਸ ਡਿਊਟੀ ਇੰਸਪੈਕਟਰ ਮਾਈਕ ਹੇਲਜ਼ ਨੇ ਦੱਸਿਆ ਕਿ ਹਾਲ ਦੀ ਘੜੀ ਜਾਂਚ ਆਪਣੇ ਮੁੱਢਲੇ ਪੜਾਅ ਵਿੱਚ ਹੈ। ਇਹ ਸ਼ੂਟਿੰਗ ਮਾਲ ਦੇ ਕਵਰ ਕੀਤੇ ਗਏ ਪਾਰਕਿੰਗ ਲੌਟਜ਼ ਵਿੱਚ ਉੱਤਰ ਵਾਲੇ ਪਾਸੇ ਹੋਈ। ਜਾਂਚਕਾਰਾਂ ਦਾ ਮੰਨਣਾ ਹੈ ਕਿ ਇਸ ਘਟਨਾਕ੍ਰਮ ਵਿੱਚ ਇੱਕ ਗੱਡੀ ਵੀ ਸ਼ਾਮਲ ਸੀ। ਅੱਜ ਦੁਪਹਿਰੇ ਕਾਲੇ ਰੰਗ ਦੀ ਸੇਡਾਨ, ਜਿਸ ਦੇ ਦਰਵਾਜ਼ੇ ਖੁੱਲ੍ਹੇ ਹੋਏ ਸਨ, ਦੇ ਆਲੇ ਦੁਆਲੇ ਸਬੂਤ ਵਾਲੇ ਮਾਰਕਰਜ਼ ਰੱਖੇ ਵੀ ਨਜ਼ਰ ਆਏ। ਹੇਲਜ਼ ਨੇ ਦੱਸਿਆ ਕਿ ਅਜੇ ਤੱਕ ਕਿਸੇ ਮਸ਼ਕੂਕ ਦੀ ਜਾਣਕਾਰੀ ਜਾਰੀ ਨਹੀ ਕੀਤੀ ਗਈ ਹੈ।

# ਹਿੰਸਕ ਕਾਰਜੈਕਿੰਗ ਕਰਨ ਵਾਲੇ ਦੋ ਲੜਕਿਆਂ ਨੂੰ ਕੀਤਾ ਗਿਆ ਚਾਰਜ



ਟੋਰਾਂਟੋ, 23 ਮਾਰਚ (ਪੋਸਟ ਬਿਊਰੋ) : ਇੱਕ ਡਰਾਈਵਰ ਦਾ ਪਿੱਛਾ ਕਰਕੇ ਟੋਰਾਂਟੋ ਦੇ ਪੱਛਮੀ ਹਿੱਸੇ ਵਿੱਚ ਉਸ ਨੂੰ ਚਾਕੂ ਮਾਰਨ ਤੋਂ ਬਾਅਦ ਗੱਡੀ ਖੋਹਣ ਦੇ ਮਾਮਲੇ ਵਿੱਚ ਪੁਲਿਸ ਨੇ 18 ਤੇ 19 ਸਾਲ ਦੇ ਦੋ ਲੜਕਿਆਂ ਨੂੰ ਚਾਰਜ ਕੀਤਾ ਹੈ।

ਸੋਮਵਾਰ ਨੂੰ ਰਾਤੀਂ 8:00 ਵਜੇ ਤੋਂ ਬਾਅਦ ਰੌਜਰਜ਼ ਰੋਡ ਤੇ ਓਲਡ ਵੈਸਟਨ ਰੋਡ ਇਲਾਕੇ ਵਿੱਚ ਪੁਲਿਸ ਨੂੰ ਕਾਰਜੈਕਿੰਗ ਦੇ ਮਾਮਲੇ ਦੀ ਜਾਣਕਾਰੀ ਦਿੱਤੀ ਗਈ। ਪੁਲਿਸ ਨੇ ਦੱਸਿਆ ਕਿ ਕਾਰ ਵਿੱਚ ਜਾ ਰਹੇ ਇੱਕ ਵਿਅਕਤੀ, ਜੋ ਕਿ ਆਪਣੇ 50ਵਿਆਂ ਵਿੱਚ ਸੀ, ਨੂੰ ਸੜਕ ਕਿਨਾਰੇ ਗੱਡੀ ਰੋਕਣ ਲਈ ਮਜਬੂਰ ਕੀਤਾ ਗਿਆ। ਫਿਰ ਦੋ ਲੜਕੇ ਉਸ ਵਿਅਕਤੀ ਕੋਲ ਪਹੁੰਚ ਕੇ ਉਸ ਤੋਂ ਕਾਰ ਦੀਆਂ ਚਾਬੀਆਂ ਮੰਗਣ ਲੱਗੇ।

ਕਥਿਤ ਤੌਰ ਉੱਤੇ ਦੋਵਾਂ ਲੜਕਿਆਂ ਵੱਲੋਂ ਡਰਾਈਵਰ ਉੱਤੇ ਹਮਲਾ ਬੋਲ ਦਿੱਤਾ ਗਿਆ ਤੇ ਜਦੋਂ ਉਸ ਨੇ ਉੱਥੋਂ ਭੱਜਣ ਦੀ ਕੋਸ਼ਿਸ਼ ਕੀਤੀ ਤਾਂ ਦੋਵਾਂ ਲੜਕਿਆਂ ਨੇ ਉਸ ਦਾ ਪਿੱਛਾ ਕਰਕੇ ਉਸ ਉੱਤੇ ਚਾਕੂ ਨਾਲ ਕਈ ਵਾਰ ਕਰ ਦਿੱਤੇ। ਫਿਰ ਦੋਵੇਂ ਲੜਕੇ ਉਸ ਵਿਅਕਤੀ ਦੀ ਗੱਡੀ ਲੈ ਕੇ ਮੌਕੇ ਤੋਂ ਫਰਾਰ ਹੋ ਗਏ। ਜ਼ਖ਼ਮੀ ਵਿਅਕਤੀ ਨੂੰ ਇਲਾਜ ਲਈ ਹਸਪਤਾਲ ਲਿਜਾਇਆ ਗਿਆ ਜਿੱਥੇ ਉਸ ਦੀ ਹਾਲਤ ਖਤਰੇ ਤੋਂ ਬਾਹਰ ਦੱਸੀ ਜਾਂਦੀ ਹੈ।

ਜਾਂਚਕਾਰ ਜਲਦ ਹੀ ਚੋਰੀ ਦੀ ਗੱਡੀ ਤੇ ਹਮਲੇ ਵਿੱਚ ਵਰਤੇ ਗਏ ਚਾਕੂ ਦਾ ਪਤਾ ਲਾਉਣ ਵਿੱਚ ਕਾਮਯਾਬ ਹੋ ਗਏ। ਜਾਂਚਕਾਰਾਂ ਨੇ ਦੱਸਿਆ ਕਿ ਇਹ ਦੋਵੇਂ ਲੜਕੇ ਐਤਵਾਰ ਨੂੰ ਹੋਈ ਕਾਰਜੈਕਿੰਗ ਵਿੱਚ ਵੀ ਸ਼ਾਮਲ ਸਨ। ਉਹ ਕਾਰਜੈਕਿੰਗ ਅਨੈਕਸ ਵਿੱਚ ਬਰਨਾਰਡ ਐਵਨਿਊ ਤੇ ਸਪੈਡਿਨਾ ਰੋਡ ਏਰੀਆ ਵਿੱਚ ਹੋਈ ਸੀ। ਇਨ੍ਹਾਂ ਦੋਵਾਂ ਦੀ ਪਛਾਣ ਟੋਰਾਂਟੋ ਦੇ 18 ਸਾਲਾਂ ਦੇ ਓਰਡੇਨ ਸਿਨੌਇਜ਼ ਤੇ 19 ਸਾਲਾਂ ਦੇ ਲੈਡਿਸਲੈਵ ਗੈਕੀ ਵਜੋਂ ਹੋਈ ਹੈ। ਉਨ੍ਹਾਂ ਉੱਤੇ ਕਤਲ ਦੀ ਕੋਸ਼ਿਸ਼ ਕਰਨ, ਗੁੱਸੇ ਵਿੱਚ ਹਮਲਾ ਕਰਨ, ਹਥਿਆਰ ਨਾਲ ਹਮਲਾ ਕਰਨ ਤੇ ਹਥਿਆਰ ਨਾਲ ਡਾਕੇ ਨੂੰ ਅੰਜਾਮ ਦੇਣ ਵਰਗੇ ਦੋਸ਼ ਲਾਏ ਗਏ ਹਨ।

# ਚੀਨ ਵੱਲੋਂ ਮੇਰੀ ਨਾਮਜ਼ਦਗੀ ਵਿੱਚ ਕੋਈ ਮੱਦਦ ਨਹੀਂ ਕੀਤੀ ਗਈ : ਡੌਂਗ

ਓਟਵਾ, 23 ਮਾਰਚ (ਪੋਸਟ ਬਿਊਰੋ) : ਲਿਬਰਲ ਐਮਪੀ, ਜਿਸ ਨੂੰ ਚੋਣਾਂ ਦੌਰਾਨ ਕਥਿਤ ਤੌਰ ਉੱਤੇ ਚੀਨ ਦੀ ਦਖਲਅੰਦਾਜ਼ੀ ਕਾਰਨ ਫਾਇਦਾ ਹੋਇਆ ਸੀ, ਨੇ ਇਨ੍ਹਾਂ ਦੋਸ਼ਾਂ ਤੋਂ ਇਨਕਾਰ ਕੀਤਾ ਹੈ ਕਿ ਉਸ ਦੀ ਨਾਮਜ਼ਦਗੀ ਕੈਂਪੇਨ ਦੌਰਾਨ ਵਿਦੇਸ਼ੀ ਸਰਕਾਰ ਨੇ ਉਸ ਦੀ ਮਦਦ ਕੀਤੀ ਸੀ।



ਮੰਗਲਵਾਰ ਨੂੰ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਹੈਨ ਡੌਂਗ ਨੇ ਆਖਿਆ ਕਿ ਨਾ ਹੀ ਉਨ੍ਹਾਂ ਨੂੰ ਕਿਸੇ ਤਰ੍ਹਾਂ ਦੀ ਮਦਦ ਦੀ ਕੋਈ ਪੇਸ਼ਕਸ਼ ਵਿਦੇਸ਼ੀ ਸਰਕਾਰ ਵੱਲੋਂ ਕੀਤੀ ਗਈ ਤੇ ਨਾ ਹੀ ਉਨ੍ਹਾਂ ਕਦੇ ਇਸ ਤਰ੍ਹਾਂ ਦੀ ਮਦਦ ਸਵੀਕਾਰੀ। ਉਨ੍ਹਾਂ ਸਪਸ਼ਟ ਕੀਤਾ ਕਿ ਉਹ ਕੈਨੇਡੀਅਨ ਹਨ ਤੇ ਲਿਬਰਲਾਂ ਵੱਲੋਂ ਉਨ੍ਹਾਂ ਨੂੰ ਡੌਨ ਵੈਲੀ ਨੌਰਥ ਲਈ ਨਾਮਜ਼ਦ ਕੀਤਾ ਗਿਆ ਸੀ। ਉਨ੍ਹਾਂ ਆਖਿਆ ਕਿ ਉਹ ਸਿਰਫ ਆਪਣੇ ਕੰਮ ਉੱਤੇ ਧਿਆਨ ਕੇਂਦਰਿਤ ਕਰਨਾ ਚਾਹੁੰਦੇ ਹਨ।

ਪਿਛਲੇ ਮਹੀਨੇ ਗਲੋਬਲ ਨਿਊਜ਼ ਵਿੱਚ ਛਪੀ ਰਿਪੋਰਟ ਵਿੱਚ ਆਖਿਆ ਗਿਆ ਸੀ ਕਿ ਸੀਐਸਆਈਐਸ ਵੱਲੋਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ 2019 ਦੀਆਂ ਚੋਣਾਂ ਤੋਂ ਪਹਿਲਾਂ ਇਹ ਚੇਤਾਵਨੀ ਦਿੱਤੀ ਗਈ ਸੀ ਕਿ ਇੱਕ ਲਿਬਰਲ ਉਮੀਦਵਾਰ ਚੀਨ ਦੇ ਵਿਦੇਸ਼ੀ ਦਖਲ ਵਾਲੇ ਨੈੱਟਵਰਕ ਦਾ ਹਿੱਸਾ ਹੈ। ਪਰ ਮੀਡੀਆ ਵੱਲੋਂ ਇਸ ਰਿਪੋਰਟ ਦੀ ਪੁਸ਼ਟੀ ਨਹੀਂ ਕੀਤੀ ਗਈ। ਓਨਟਾਰੀਓ ਦੇ ਸਾਬਕਾ ਐਮਪੀਪੀ ਤੇ ਮੌਜੂਦਾ ਐਮਪੀ ਡੌਂਗ, ਡੌਨ ਵੈਲੀ ਨੌਰਥ ਹਲਕੇ ਤੋਂ 2019 ਤੇ 2021 ਦੌਰਾਨ ਚੁਣੇ ਗਏ ਸਨ। ਪ੍ਰਾਪਤ ਰਿਪੋਰਟਾਂ ਅਨੁਸਾਰ ਡੌਂਗ ਨੂੰ ਕਿਸੇ ਵੀ ਹੋਰ ਚੀਨੀ ਕੈਨੇਡੀਅਨ ਲਿਬਰਲ ਉੱਤੋਂ ਚੀਨ ਵੱਲੋਂ ਤਰਜੀਹ ਦਿੱਤੀ ਗਈ ਸੀ ਤੇ ਉਹ ਚੀਨ ਦੇ ਚੋਣਾਂ ਨੂੰ ਪ੍ਰਭਾਵਿਤ ਕਰਨ ਵਾਲੇ ਨੈੱਟਵਰਕ ਦਾ ਵੀ ਹਿੱਸਾ ਸਨ।

ਟਰੂਡੋ ਵੱਲੋਂ ਡੌਂਗ ਦਾ ਪੱਖ ਪੂਰਦਿਆਂ ਇਸ ਦਾਅਵੇ ਤੋਂ ਇਨਕਾਰ ਕੀਤਾ ਗਿਆ ਕਿ ਸੀਐਸਆਈਐਸ ਨੇ ਉਨ੍ਹਾਂ ਨੂੰ ਇਸ ਉਮੀਦਵਾਰ ਨੂੰ ਨਾ ਚੁਣਨ ਲਈ ਚੇਤਾਵਨੀ ਦਿੱਤੀ ਸੀ। ਟਰੂਡੋ ਨੇ ਪਿਛਲੇ ਮਹੀਨੇ ਮਿਸੀਸਾਗਾ ਵਿੱਚ ਕੀਤੀ ਇੱਕ ਨਿਊਜ਼ ਕਾਨਫਰੰਸ ਵਿੱਚ ਵੀ ਇਹ ਆਖਿਆ ਸੀ ਕਿ ਡੌਂਗ ਸਾਡੀ ਟੀਮ ਦਾ ਕਮਾਲ ਦਾ ਮੈਂਬਰ ਹੈ ਤੇ ਇਸ ਗੱਲ ਉੱਤੇ ਯਕੀਨ ਨਹੀਂ ਕੀਤਾ ਜਾ ਸਕਦਾ ਕਿ ਉਹ ਕੈਨੇਡਾ ਲਈ ਵਫਾਦਾਰ ਨਹੀਂ। ਇਸ ਦੌਰਾਨ ਮੰਗਲਵਾਰ ਨੂੰ ਪਹਿਲੀ ਵਾਰੀ ਆਪਣੇ ਉੱਤੇ ਲੱਗੇ ਦੋਸ਼ਾਂ ਦਾ ਖੰਡਨ ਕਰਦਿਆਂ ਡੌਂਗ ਨੇ ਆਖਿਆ ਕਿ ਉਨ੍ਹਾਂ ਉੱਤੇ ਅਪੁਸ਼ਟ ਦੋਸ਼ ਗੁੰਮਨਾਮ ਸਰੋਤਾਂ ਵੱਲੋਂ ਲਾਏ ਜਾ ਰਹੇ ਹਨ। ਉਨ੍ਹਾਂ ਇਹ ਵੀ ਆਖਿਆ ਕਿ ਉਨ੍ਹਾਂ ਦੀ ਨਾਮਜ਼ਦਗੀ ਵਿੱਚ ਚੀਨੀ ਸਰਕਾਰ ਦਾ ਕੋਈ ਹੱਥ ਨਹੀਂ ਹੈ।

# ਡਰਾਈਵਿੰਗ ਟੈਸਟ ਵਿੱਚ ਫੇਲ੍ਹ ਹੋਣ ਵਾਲੇ ਵਿਅਕਤੀ ਨੇ ਮਚਾਇਆ ਖਰੂਦ, ਕੀਤਾ ਗਿਆ ਚਾਰਜ



ਗੁਐਲਫ, 23 ਮਾਰਚ (ਪੋਸਟ ਬਿਊਰੋ) : ਗੁਐਲਫ, ਓਨਟਾਰੀਓ ਪੁਲਿਸ ਵੱਲੋਂ ਇੱਕ ਅਜਿਹੇ ਵਿਅਕਤੀ ਨੂੰ ਚਾਰਜ ਕੀਤਾ ਗਿਆ ਹੈ ਜਿਸਦਾ ਡਰਾਈਵਿੰਗ ਟੈਸਟ ਅਸਫਲ ਰਿਹਾ। ਇਸ ਤੋਂ ਬਾਅਦ ਤੈਸ਼ ਵਿੱਚ ਆ ਕੇ ਉਸ ਨੇ ਆਪਣੀ ਗੱਡੀ ਰਾਹੀਂ ਲੱਗਭਗ ਚਾਰ ਵਿਅਕਤੀਆਂ ਨੂੰ ਟੱਕਰ ਮਾਰ ਹੀ ਦਿੱਤੀ ਸੀ ਪਰ ਬਚਾਅ ਹੋ ਗਿਆ। ਫਿਰ ਉਸ ਨੇ ਪਾਰਕਿੰਗ ਲੌਟ ਵਿੱਚ ਵੀ ਕਾਫੀ ਦੇਰ ਹੰਗਾਮਾ ਕੀਤਾ।

ਇੱਕ ਨਿਊਜ਼ ਰਲੀਜ਼ ਅਨੁਸਾਰ ਡਰਾਈਵਿੰਗ ਟੈਸਟ ਵਿੱਚ ਫੇਲ੍ਹ ਹੋਏ ਵਿਅਕਤੀ ਵੱਲੋਂ ਗੁੱਸੇ ਵਿੱਚ ਪੁੱਠੀਆਂ ਸਿੱਧੀਆਂ ਹਰਕਤਾਂ ਕਰਨ ਕਾਰਨ ਪੁਲਿਸ ਅਧਿਕਾਰੀਆਂ ਨੂੰ ਵੁੱਡਲਾਅਨ ਰੋਡ ਵੈਸਟ ਪਲਾਜ਼ਾ ਉੱਤੇ ਸੋਮਵਾਰ ਦੁਪਹਿਰੇ 4:00 ਵਜੇ ਸੱਦਿਆ ਗਿਆ। ਇਹ ਡਰਾਈਵਰ ਕਥਿਤ ਤੌਰ ਉੱਤੇ ਡਰਾਈਵ ਟੈਸਟ ਸਟਾਫ ਨੂੰ ਟੁੱਟ ਟੁੱਟ ਪੈ ਰਿਹਾ ਸੀ। ਫਿਰ ਉਹ ਗੱਡੀ ਵਿੱਚ ਜਾ ਚੜ੍ਹਿਆ ਤੇ ਉਸ ਨੇ ਪਾਰਕਿੰਗ ਲੌਟ ਵਿੱਚ ਗੱਡੀ ਤੇਜ਼ੀ ਨਾਲ ਦੌੜਾਈ ਤੇ ਪਲਾਜ਼ਾ ਦੇ ਪਾਰਕਿੰਗ ਲੌਟ ਵਿੱਚ ਕਾਫੀ ਤਮਾਸ਼ਾ ਕੀਤਾ।

ਪੁਲਿਸ ਨੇ ਦੱਸਿਆ ਕਿ ਉਨ੍ਹਾਂ ਨੂੰ ਉਹ ਪਾਰਕ ਕੀਤੀ ਗੱਡੀ ਦੀ ਡਰਾਈਵਰ ਵਾਲੀ ਸੀਟ ਉੱਤੇ ਬੈਠਾ ਮਿਲਿਆ। ਬਰੈਂਪਟਨ ਦੇ 36 ਸਾਲਾ ਇਸ ਵਿਅਕਤੀ ਨੂੰ ਖਤਰਨਾਕ ਡਰਾਈਵਿੰਗ ਤੇ ਸਟੰਟ ਡਰਾਈਵਿੰਗ ਲਈ ਚਾਰਜ ਕੀਤਾ ਗਿਆ ਹੈ। ਇੱਕ ਮਹੀਨੇ ਲਈ ਉਸ ਦੇ ਡਰਾਈਵਿੰਗ ਕਰਨ ਉੱਤੇ ਪਾਬੰਦੀ ਲਗਾ ਦਿੱਤੀ ਗਈ ਹੈ ਤੇ ਉਸ ਦੀ ਗੱਡੀ ਨੂੰ ਦੋ ਹਫਤਿਆਂ ਲਈ ਜ਼ਬਤ ਕਰ ਲਿਆ ਗਿਆ ਹੈ।

# ਸਿੱਖ ਵਿਦਿਆਰਥੀ ਨਾਲ ਕੀਤੀ ਗਈ ਕੁੱਟਮਾਰ ਦੀ ਕਾਊਂਸਲਰ ਵੱਲੋਂ ਸਖ਼ਤ ਨਿਖੇਧੀ

ਬ੍ਰਿਟਿਸ਼ ਕੋਲੰਬੀਆ, 23 ਮਾਰਚ (ਪੋਸਟ ਬਿਊਰੋ) : ਸ਼ੁੱਕਰਵਾਰ ਸ਼ਾਮ ਨੂੰ ਕੈਲੋਨਾ, ਬੀਸੀ ਵਿੱਚ ਇੱਕ ਇੰਟਰਨੈਸ਼ਨਲ ਸਿੱਖ ਵਿਦਿਆਰਥੀ ਨੂੰ ਕੁੱਝ ਲੋਕਾਂ ਦੇ ਗਰੁੱਪ ਵੱਲੋਂ ਬੁਰੀ ਤਰ੍ਹਾਂ ਕੁੱਟਿਆ ਮਾਰਿਆ ਗਿਆ। ਉਸ ਦੀ ਪੱਗ ਫਾੜ ਦਿੱਤੀ ਗਈ ਤੇ ਵਾਲਾਂ ਤੋਂ ਫੜ੍ਹ ਕੇ ਉਸ ਨੂੰ ਸਾਈਡਵਾਕ ਉੱਤੇ ਵੀ ਘਸੀਟਿਆ ਗਿਆ।



ਕਾਊਂਸਲਰ ਮੋਹਿਨੀ ਸਿੰਘ ਨੇ ਇਸ ਘਟਨਾ ਦਾ ਸਖ਼ਤ ਨੋਟਿਸ ਲੈਂਦਿਆਂ ਆਖਿਆ ਕਿ ਇਸ ਤਰ੍ਹਾਂ ਦੀ ਘਟਨਾ ਦਿਲ ਦਹਿਲਾ ਦੇਣ ਵਾਲੀ ਹੈ। ਉਨ੍ਹਾਂ ਦੱਸਿਆ ਕਿ ਸ਼ੁੱਕਰਵਾਰ ਰਾਤ ਨੂੰ ਹੀ ਉਨ੍ਹਾਂ ਨੂੰ ਇਸ ਘਟਨਾ ਦੀ ਜਾਣਕਾਰੀ ਮਿਲੀ ਸੀ ਤੇ ਉਹ 21 ਸਾਲਾਂ ਦੇ ਗਗਨਦੀਪ ਸਿੰਘ ਦਾ ਪਤਾ ਲੈਣ ਲਈ ਉਸ ਦੇ ਘਰ ਵੀ ਪਹੁੰਚੀ। ਗਗਨਦੀਪ ਭਾਰਤ ਤੋਂ ਹੈ ਪਰ ਉਹ ਕਾਊਂਸਲਰ ਨਾਲ ਸਬੰਧਤ ਨਹੀਂ ਹੈ। ਉਨ੍ਹਾਂ ਦੱਸਿਆ ਕਿ ਗਗਨਦੀਪ ਤੋਂ ਬੋਲ ਵੀ ਨਹੀਂ ਸੀ ਹੋ ਰਿਹਾ ਤੇ ਨਾ ਹੀ ਉਹ ਆਪਣਾ ਮੂੰਹ ਖੋਲ੍ਹ ਪਾ ਰਿਹਾ ਸੀ। ਉਸ ਦੀਆਂ ਅੱਖਾਂ ਸੁੱਜੀਆਂ ਹੋਈਆਂ ਸੀ ਤੇ ਉਸ ਨੂੰ ਕਾਫੀ ਤਕਲੀਫ ਵੀ ਹੋ ਰਹੀ ਸੀ।

ਕਾਊਂਸਲਰ ਨੇ ਦੱਸਿਆ ਕਿ ਉਨ੍ਹਾਂ ਨੂੰ ਮਿਲੀ ਜਾਣਕਾਰੀ ਅਨੁਸਾਰ ਗਗਨਦੀਪ ਰਾਤੀਂ 10:30 ਵਜੇ ਗਰੌਸਰੀ ਸ਼ੌਪਿੰਗ ਤੋਂ ਬਾਅਦ ਘਰ ਪਰਤ ਰਿਹਾ ਸੀ ਜਦੋਂ ਬੱਸ ਵਿੱਚ ਉਸ ਦਾ ਟਾਕਰਾ 12 ਤੋਂ 15 ਲੋਕਾਂ ਦੇ ਗਰੁੱਪ ਨਾਲ ਹੋ ਗਿਆ। ਉਨ੍ਹਾਂ ਆਖਿਆ ਕਿ ਸੇਂਟ ਪੈਟ੍ਰਿਕ ਡੇਅ ਹੋਣ ਕਾਰਨ ਉਹ ਗਰੁੱਪ ਕਾਫੀ ਖਰੂਦ ਮਚਾ ਰਿਹਾ ਸੀ ਤੇ ਉਨ੍ਹਾਂ ਨੇ ਗਗਨਦੀਪ ਨੂੰ ਤੰਗ ਕਰਨਾ ਸ਼ੁਰੂ ਕਰ ਦਿੱਤਾ। ਫਿਰ ਉਨ੍ਹਾਂ ਨੇ ਉਸ ਉੱਤੇ ਵਿੱਗ ਵੀ ਸੁੱਟਿਆ। ਗਗਨਦੀਪ ਨੇ ਉਨ੍ਹਾਂ ਨੂੰ ਤੰਗ ਨਾ ਕਰਨ ਲਈ ਆਖਿਆ ਤੇ ਇਹ ਵੀ ਕਿਹਾ ਕਿ ਜੇ ਉਨ੍ਹਾਂ ਤੰਗ ਕਰਨਾ ਬੰਦ ਨਾ ਕੀਤਾ ਤਾਂ ਉਹ ਪੁਲਿਸ ਨੂੰ ਸੱਦੇਗਾ। ਪਰ ਉਸ ਨੂੰ ਗਰੁੱਪ ਵੱਲੋਂ ਤੰਗ ਕੀਤਾ ਜਾਂਦਾ ਰਿਹਾ।

ਫਿਰ ਹਾਈਵੇਅ 97 ਉੱਤੇ ਮੈਕਾਰਡੀ ਰੋਡ ਉੱਤੇ ਗਗਨਦੀਪ ਬੱਸ ਤੋਂ ਉਤਰ ਗਿਆ ਪਰ ਇਸ ਗਰੁੱਪ ਵੱਲੋਂ ਉਸ ਦਾ ਪਿੱਛਾ ਨਹੀਂ ਛੱਡਿਆ ਗਿਆ। ਫਿਰ ਉਨ੍ਹਾਂ ਨੇ ਬੱਸ ਜਾਣ ਤੋਂ ਬਾਅਦ ਉਸ ਨੂੰ ਘੇਰ ਲਿਆ ਤੇ ਉਸ ਨੂੰ ਮੂੰਹ, ਪਸਲੀਆਂ, ਬਾਹਾਂ ਤੇ ਲੱਤਾਂ ਉੱਤੇ ਘਸੁੰਨ ਮਾਰੇ, ਉਸ ਨੂੰ ਕੁੱਟਿਆ, ਫਿਰ ਉਸ ਦੀ ਪੱਗ ਨੂੰ ਹੱਥ ਪਾ ਲਿਆ, ਉਸ ਦੇ ਵਾਲਾਂ ਤੋਂ ਫੜ੍ਹ ਕੇ ਉਸ ਨੂੰ ਘਸੀਟਿਆ। ਅਖੀਰ ਜਾਂਦੇ ਹੋਏ ਉਹ ਉਸ ਦੀ ਪੱਗ ਟਰੌਫੀ ਵਜੋਂ ਆਪਣੇ ਨਾਲ ਲੈ ਗਏ ਤੇ ਉਸ ਨੂੰ ਗੰਦੀ ਬਰਫ ਵਿੱਚ ਸੜਕ ਦੇ ਕਿਨਾਰੇ ਛੱਡ ਗਏ।

ਜਦੋਂ ਗਗਨਦੀਪ ਨੂੰ ਹੋਸ਼ ਆਈ ਤਾਂ ਉਸ ਨੇ ਆਪਣੇ ਇੱਕ ਦੋਸਤ ਨੂੰ ਕਾਲ ਕੀਤੀ ਤੇ ਫਿਰ 911 ਨੂੰ ਸੱਦਿਆ। ਮੋਹਿਨੀ ਸਿੰਘ ਨੇ ਆਖਿਆ ਕਿ ਇਸ ਘਟਨਾ ਨਾਲ ਗਗਨਦੀਪ ਦੇ ਦੋਸਤ ਤੇ ਉਸ ਦੇ ਸਾਥੀ ਇੰਟਰਨੈਸ਼ਨਲ ਵਿਦਿਆਰਥੀ ਸਦਮੇ ਵਿੱਚ ਹਨ। ਉਨ੍ਹਾਂ ਆਖਿਆ ਕਿ ਇਸ ਤਰ੍ਹਾਂ ਇੰਟਰਨੈਸ਼ਨਲ ਵਿਦਿਆਰਥੀ ਨੂੰ ਜਾਣਬੁੱਝ ਕੇ ਨਿਸ਼ਾਨਾ ਬਣਾਏ ਜਾਣ ਵਰਗੀ ਘਟਨਾ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ।

# ਪੀਲ ਪੁਲਿਸ ਨੇ ਕਾਰ ਚੋਰੀ ਕਰਨ ਵਾਲੇ ਇੰਟਰਨੈਸ਼ਨਲ ਗਿਰੋਹ ਦਾ ਕੀਤਾ ਪਰਦਾਫਾਸ਼, ਚਾਰ ਗ੍ਰਿਫਤਾਰ

ਓਨਟਾਰੀਓ, 23 ਮਾਰਚ (ਪੋਸਟ ਬਿਊਰੋ) : ਪੀਲ ਰੀਜਨਲ ਪੁਲਿਸ ਵੱਲੋਂ ਮਲਟੀ ਮਿਲੀਅਨ ਡਾਲਰ ਦੇ ਇੰਟਰਨੈਸ਼ਨਲ ਕਾਰ ਚੋਰੀ ਕਰਨ ਵਾਲੇ ਗਿਰੋਹ ਦਾ ਪਰਦਾਫਾਸ਼ ਕਰਨ ਦਾ ਦਾਅਵਾ ਕੀਤਾ ਗਿਆ ਹੈ। ਇਸ ਦੌਰਾਨ ਪੁਲਿਸ ਵੱਲੋਂ ਕਈ ਲੋਕਾਂ ਨੂੰ ਗ੍ਰਿਫਤਾਰ ਵੀ ਕੀਤਾ ਗਿਆ।




ਤਿੰਨ ਮਹੀਨੇ ਚੱਲੀ ਇਸ ਜਾਂਚ ਨੂੰ ਪ੍ਰੋਜੈਕਟ ਆਰ ਐਂਡ ਆਰ ਦਾ ਨਾਂ ਦਿੱਤਾ ਗਿਆ। ਇਸ ਜਾਂਚ ਦੌਰਾਨ ਚੋਰੀ ਦੀਆਂ ਗੱਡੀਆਂ ਤੋਂ ਕਮਾਈ 10 ਮਿਲੀਅਨ ਡਾਲਰ ਦੀ ਰਕਮ ਪੁਲਿਸ ਵੱਲੋਂ ਬਰਾਮਦ ਕੀਤੀ ਗਈ। ਜਾਂਚ ਉਸ ਸਮੇਂ ਸ਼ੁਰੂ ਕੀਤੀ ਗਈ ਜਦੋਂ ਜਾਂਚਕਾਰਾਂ ਨੂੰ ਪੀਲ ਰੀਜਨ ਤੇ ਜੀਟੀਏ ਵਿੱਚ ਰੇਂਜ ਰੋਵਰਜ਼ ਸਮੇਤ ਚੋਰੀ ਕੀਤੀਆਂ ਜਾਣ ਵਾਲੀਆਂ ਗੱਡੀਆਂ ਦੇ ਇੱਕ ਖਾਸ ਰੁਝਾਨ ਦਾ ਪਤਾ ਲੱਗਿਆ। ਪੁਲਿਸ ਨੇ ਦੱਸਿਆ ਕਿ ਚੋਰ ਪੀਅਰਸਨ ਇੰਟਰਨੈਸ਼ਨਲ ਏਅਰਪੋਰਟ ਉੱਤੇ ਅੰਡਰਗ੍ਰਾਊਂਡ ਪਾਰਕਿੰਗ ਗੈਰਾਜਿਜ਼ ਤੇ ਰਿਹਾਇਸ਼ੀ ਇਲਾਕਿਆਂ ਵਿੱਚ ਘੁੰਮ ਕੇ ਚੋਰੀ ਕੀਤੀਆਂ ਜਾਣ ਵਾਲੀਆਂ ਗੱਡੀਆਂ ਦੀ ਚੋਣ ਕਰਦੇ ਸਨ।

ਪੁਲਿਸ ਦਾ ਮੰਨਣਾ ਹੈ ਕਿ ਚੋਰੀ ਕੀਤੀਆਂ ਗਈਆਂ 78 ਗੱਡੀਆਂ, ਜਿਹੜੀਆਂ ਉਨ੍ਹਾਂ ਨੂੰ ਮਿਲੀਆਂ, ਉਹ ਅਸਲ ਵਿੱਚ ਮਾਂਟਰੀਅਲ ਲਿਜਾਈਆਂ ਜਾਣੀਆਂ ਸਨ ਪਰ ਹੌਲੀ ਹੌਲੀ ਉਨ੍ਹਾਂ ਨੂੰ ਇੰਟਰਨੈਸ਼ਨਲ ਪੱਧਰ ਉੱਤੇ ਭੇਜਣ ਦੀ ਤਿਆਰੀ ਕੀਤੀ ਜਾ ਰਹੀ ਸੀ। ਪੀਲ ਪੁਲਿਸ ਵੱਲੋਂ ਜਾਰੀ ਕੀਤੀ ਗਈ ਰਲੀਜ਼ ਅਨੁਸਾਰ ਜਾਂਚਕਾਰਾਂ ਨੇ ਇਸ ਗਿਰੋਹ ਦੇ ਉਨ੍ਹਾਂ ਮੈਂਬਰਾਂ ਦੀ ਪਛਾਣ ਵੀ ਕੀਤੀ ਜਿਹੜੇ ਪੂਰੀ ਸਰਗਰਮੀ ਨਾਲ ਗੱਡੀਆਂ ਚੋਰੀ ਕਰਦੇ ਸਨ ਤੇ ਫਿਰ ਉਨ੍ਹਾਂ ਨੂੰ ਵਿਦੇਸ਼ਾਂ ਨੂੰ ਭੇਜੇ ਜਾਣ ਤੇ ਲੋਡ ਕੀਤੇ ਜਾਣ ਵਾਲੀਆਂ ਥਾਂਵਾਂ ਦਾ ਵੀ ਪੁਲਿਸ ਵੱਲੋਂ ਖੁਲਾਸਾ ਕੀਤਾ ਗਿਆ। ਚੋਰੀ ਦੀਆਂ ਇਨ੍ਹਾਂ ਗੱਡੀਆਂ ਨੂੰ ਕੰਟੇਨਰਜ਼ ਵਿੱਚ ਲੋਡ ਕਰਕੇ ਮਾਂਟਰੀਅਲ ਦੀ ਬੰਦਰਗਾਹ ਉੱਤੇ ਟਰੱਕ ਜਾਂ ਟਰੇਨ ਰਾਹੀਂ ਲਿਜਾਇਆ ਜਾਂਦਾ ਸੀ ਤੇ ਫਿਰ ਉੱਥੋਂ ਵਿਦੇਸ਼ ਭੇਜ ਦਿੱਤਾ ਜਾਂਦਾ ਸੀ।

ਪੁਲਿਸ ਨੇ ਬਰੈਂਪਟਨ, ਮਾਂਟਰੀਅਲ, ਜਰਮਨੀ ਤੇ ਸਪੇਨ ਸਮੇਤ ਕਈ ਲੋਕੇਸ਼ਨਾਂ ਉੱਤੇ ਅਜਿਹੇ 25 ਕੰਟੇਨਰਜ਼ ਫੜ੍ਹੇ ਹਨ। ਪੁਲਿਸ ਦਾ ਮੰਨਣਾ ਹੈ ਕਿ ਇਨ੍ਹਾਂ ਵਿੱਚੋਂ ਬਹੁਤੀਆਂ ਗੱਡੀਆਂ ਸੰਯੁਕਤ ਅਰਬ ਅਮੀਰਾਤ ਭੇਜੀਆਂ ਜਾ ਰਹੀਆਂ ਸਨ। ਜਾਂਚਕਾਰਾਂ ਨੇ ਪੀਲ ਰੀਜਨ ਲਈ ਸੱਤ ਸਰਚ ਵਾਰੰਟ ਕਢਵਾਏ ਜਿੰਨ੍ਹਾਂ ਰਾਹੀਂ ਚੋਰੀ ਦੀਆਂ ਗੱਡੀਆਂ ਮਿਲ ਸਕੀਆਂ ਤੇ ਚਾਰ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ। ਪੁਲਿਸ ਨੇ ਵੱਡੀ ਮਾਤਰਾ ਵਿੱਚ ਕੋਕੀਨ ਤੇ ਪਾਬੰਦੀਸ਼ੁਦਾ ਮੈਗਜ਼ੀਨ ਵੀ ਬਰਾਮਦ ਕੀਤਾ। ਗ੍ਰਿਫਤਾਰ ਕੀਤੇ ਗਏ ਚਾਰੇ ਵਿਅਕਤੀ ਜੀਟੀਏ ਵਾਸੀ ਹਨ ਤੇ ਉਨ੍ਹਾਂ ਉੱਤੇ ਸਾਂਝੇ ਤੌਰ ਉੱਤੇ 34 ਚਾਰਜਿਜ਼ ਲਾਏ ਗਏ ਹਨ। ਜਾਂਚ ਵਿੱਚ ਪੀਲ ਪੁਲਿਸ ਨੇ ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਤੇ ਪੋਰਟ ਆਫ ਮਾਂਟਰੀਅਲ ਦੀ ਮਦਦ ਵੀ ਲਈ। ਪੁਲਿਸ ਨੇ ਦੱਸਿਆ ਕਿ ਅਜੇ ਮਾਮਲੇ ਦੀ ਜਾਂਚ ਚੱਲ ਰਹੀ ਹੈ ਤੇ ਆਉਣ ਵਾਲੇ ਸਮੇਂ ਵਿੱਚ ਹੋਰ ਲੋਕਾਂ ਨੂੰ ਵੀ ਗ੍ਰਿਫਤਾਰ ਕੀਤਾ ਜਾ ਸਕਦਾ ਹੈ।

# ਸੀਜੇਆਈ ਚੰਦਰਚੂੜ ਨੇ ਕਿਹਾ: ਫਰਜ਼ੀ ਖ਼ਬਰਾਂ ਜਮਹੂਰੀ ਕਦਰਾਂ-ਕੀਮਤਾਂ ਨੂੰ ਖਤਰੇ ’ਚ ਪਾ ਸਕਦੀਆਂ ਹਨ

ਨਵੀਂ ਦਿੱਲੀ, 23 ਮਾਰਚ (ਪੋਸਟ ਬਿਊਰੋ): ਫਰਜ਼ੀ ਖਬਰਾਂ ਕਾਰਨ ਕਈ ਵੱਡੀਆਂ ਘਟਨਾਵਾਂ ਸਾਹਮਣੇ ਆ ਚੁੱਕੀਆਂ ਹਨ ਜੋ ਕਿਸੇ ਤੋਂ ਲੁਕੀਆਂ ਨਹੀਂ ਹਨ। ਸਰਕਾਰ ਤੋਂ ਲੈ ਕੇ ਸੁਪਰੀਮ ਕੋਰਟ ਨੇ ਵੀ ਇਸ ਬਾਰੇ ਚਿੰਤਾ ਪ੍ਰਗਟਾਈ ਹੈ। ਹੁਣ ਸੀਜੇਆਈ ਚੰਦਰਚੂੜ ਨੇ ਬੁੱਧਵਾਰ ਨੂੰ ਕਿਹਾ ਕਿ ਜਾਅਲੀ ਖ਼ਬਰਾਂ ਭਾਈਚਾਰਿਆਂ ਵਿਚਕਾਰ ਤਣਾਅ ਪੈਦਾ ਕਰ ਸਕਦੀਆਂ ਹਨ ਅਤੇ ਇਸ ਤਰ੍ਹਾਂ ਲੋਕਤੰਤਰੀ ਕਦਰਾਂ-ਕੀਮਤਾਂ ਨੂੰ ਖਤਰੇ ਵਿੱਚ ਪਾ ਸਕਦੀਆਂ ਹਨ।

ਚੀਫ਼ ਜਸਟਿਸ ਚੰਦਰਚੂੜ, ਜੋ ਇੱਕ ਪੁਰਸਕਾਰ ਸਮਾਰੋਹ ਵਿੱਚ ਮੁੱਖ ਮਹਿਮਾਨ ਸਨ, ਨੇ ਜ਼ਿੰਮੇਵਾਰ ਪੱਤਰਕਾਰੀ ਨੂੰ ਦੇਸ਼ ਦਾ ਇੰਜਣ ਦੱਸਿਆ ਜੋ ਲੋਕਤੰਤਰ ਨੂੰ ਬਿਹਤਰ ਭਵਿੱਖ ਵੱਲ ਲੈ ਜਾਂਦਾ ਹੈ। ਉਨ੍ਹਾਂ ਕਿਹਾ ਕਿ ਜ਼ਿੰਮੇਵਾਰ ਪੱਤਰਕਾਰੀ ਉਹ ਇੰਜਣ ਹੈ ਜੋ ਲੋਕਤੰਤਰ ਨੂੰ ਬਿਹਤਰ ਭਵਿੱਖ ਵੱਲ ਲੈ ਜਾਂਦੀ ਹੈ। ਡਿਜੀਟਲ ਯੁੱਗ ਵਿੱਚ ਪੱਤਰਕਾਰਾਂ ਲਈ ਆਪਣੀ ਰਿਪੋਰਟਿੰਗ ਵਿੱਚ ਸਹੀ, ਨਿਰਪੱਖ, ਜ਼ਿੰਮੇਵਾਰ ਅਤੇ ਨਿਡਰ ਹੋਣਾ ਪਹਿਲਾਂ ਨਾਲੋਂ ਕਿਤੇ ਵੱਧ ਮਹੱਤਵਪੂਰਨ ਹੈ। ਸੀਜੇਆਈ ਚੰਦਰਚੂੜ ਨੇ ਐਮਰਜੈਂਸੀ ਦੇ ਦੌਰ ਦਾ ਵੀ ਜ਼ਿਕਰ ਕੀਤਾ। ਉਨ੍ਹਾਂ ਕਿਹਾ ਕਿ ਐਮਰਜੈਂਸੀ ਦੌਰਾਨ ਇੰਡੀਅਨ ਐਕਸਪ੍ਰੈਸ ਨੇ ਓਪ-ਐਡ ਦੇ ਖਾਲੀ ਪੰਨੇ ਛਾਪੇ ਸਨ। ਇਹ ਵੀ ਕਿਹਾ ਕਿ ਇਹ ਯਾਦ ਦਿਵਾਉਂਦਾ ਹੈ ਕਿ ਚੁੱਪ ਕਿੰਨੀ ਸ਼ਕਤੀਸ਼ਾਲੀ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਸੱਚ ਅਤੇ ਝੂਠ ਦੇ ਪਾੜੇ ਨੂੰ ਪੂਰਾ ਕਰਨ ਦੀ ਲੋੜ ਹੈ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ ‘ਨਾਂਹ’,
ਅਸੀਂ ਕਰਾਂਗੇ ‘ਹਾਂ’
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

REXDALE BODY SHOP
USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
25 years of Canadian Experience
OPEN MON - SAT 9AM TO 7PM
CHEEMA
LOWEST PRICE IN TOWN
Towing Service Car Paint Starts $799* upto 100% Deductible Paid*
Call Rick or Manminder Cheema: 416.749.9596 / 416.951.6431
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

ਬਰਾੜ ਗਰਾਜ ਡੋਰ
ਅਸੀਂ ਰੀਪੇਅਰ ਕਰਦੇ ਹਾਂ :
BROKEN SPRINGS
CABLES & ROLLERS
GARAGE DOOR OPENERS
We Install Garage Door Openers
ਸੰਪਰਕ ਕਰੋ: (416) 357-4082, ਈਮੇਲ ਕਰੋ: brargaragedoors@gmail.com

SherGill Law Firm
Barrister, Solicitor & Notary Public
Paramjit Singh Gill (MBA,LL.B.)
Tel: 905-790-3636
Services:
★ Real Estate
★ Residential, Commercial & Franchise
★ Criminal Law
★ Family Law
★ Affidavit, Power Of Attorney & Notarization
★ Immigration Matters
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

ukttc UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS uktruck1@gmail.com
Jitpal Singh Deol 647-204-1936

# ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਜੀ ਦਾ 300 ਸਾਲਾ ਜਨਮ ਦਿਹਾੜਾ ਬਰੈਂਪਟਨ ਵਿਖੇ ਮਨਾਇਆ



ਬੀਤੇ ਐਤਵਾਰ ਰਾਮਗੜੀਆ ਸਿੱਖ ਫਾਉਂਡੇਸ਼ਨ ਆਫ ਆਨਟਾਰੀਓ ਵੱਲੋਂ ਹਰ ਹਫਤੇ ਦੀ ਤਰਾਂ ਅਪਣਾ ਹਫਤਾਵਾਰੀ ਸਮਾਗਮ ਸੁਖਮਨੀ ਸਾਹਿਬ ਜੀ ਦੇ ਪਾਠ ਰਾਮਗੜੀਆ ਭਵਨ ਵਿਖੇ ਕਰਵਾਏ ਗਏ, ਜਿਸ ਵਿਚ ਮੈਂਬਰ ਪਰਿਵਾਰਾਂ ਨੇ ਵੀ ਵੱਡੀ ਗਿਣਤੀ ਵਿੱਚ ਸ਼ਾਮਲ ਹੋ ਕੇ ਗੁਰੂ ਸਾਹਿਬ ਦੀ ਨਿੱਘੀ ਗੋਦ ਦਾ ਅਨੰਦ ਮਾਣਦੇ ਹੋਏ, ਜੀਵਨ ਨੂੰ ਸਫਲ ਕੀਤਾ । ਅੱਜ ਦਾ ਸਮਾਗਮ ਚੇਅਰਮੈਨ ਦਲਜੀਤ ਸਿੰਘ ਗੈਦੂ ਦੇ ਪਰਿਵਾਰ ਵੱਲੋਂ ਅਕਾਲਪੁਰਖ ਵੱਲੋਂ ਬਖਸ਼ੀਆਂ ਦਾਤਾਂ ਦੇ ਸ਼ੁਕਰਾਨੇ ਕਰਨ ਲਈ ਕਰਵਾਇਆ ਗਿਆ ! ।ਇਸ ਮੌਕੇ ਚੇਅਰਮੈਨ ਦਲਜੀਤ ਸਿੰਘ ਗੈਦੂ ਨੇ ਆਉਣ ਵਾਲੇ ਪਰੋਜੈਕਟ ਮਹਾਰਾਜਾ ਜੱਸਾ ਸਿੰਘ ਜੀ ਰਾਮਗੜੀਆ 300 ਸਾਲਾ ਜਨਮਸ਼ਤਾਬਦੀ ਮਲਾਉਣ ਸਬੰਧੀ ਵਿਚਾਰਾ ਵਟਾਂਦਰਾ ਵੀ ਕੀਤਾ ਗਿਆ ਅਤੇ ਵਿਸਥਾਰ ਨਾਲ ਦੱਸਦੇ ਹੋਏ, ਮਹਾਰਾਜਾ ਜੱਸਾ ਸਿੰਘ ਜੀ ਰਾਮਗੜੀਆ ਜੀ ਦੇ 300 ਸਾਲਾ ਜਨਮ ਸਤਾਬਦੀ ਸਬੰਧੀ ਤਿਆਰ ਕੀਤਾ ਪੋਸਟਰ ਵੀ ਜਾਰੀ ਕੀਤਾ, ਜਿਸ ਵਿੱਚ ਹੋਰਨਾਂ ਤੋਂ ਇਲਾਵਾ ਹਰਦੇਵ ਸਿੰਘਸੌਂਦ, ਮਨਜੀਤ ਸਿੰਘ ਭੱਚੂ, ਭਜਨ ਸਿੰਘ ਬੰਮਰਾਹ, , ਰਵਿੰਦਰਪਾਲ ਸਿੰਘ ਸੌਂਦ , ਦਲਜੀਤ ਸਿੰਘ ਗੈਦੂ , ਸਤਨਾਮ ਸਿੰਘ ਗੈਦੂ , ਜਸਵੀਰ ਸਿੰਘ ਸੈਂਹਬੀ , ਹਰਮੰਦਰ ਸਿੰਘ ਗੈਦੂ , ਮੁਹਿੰਦਰ ਸਿੰਘ ਘੜਿਆਲ, ਸੁਵਿੰਦਰ ਸਿੰਘ ਕਲਸੀ, ਗੁਰਚਰਨ ਸਿੰਘ ਦੁਬਈ, ਦਰਸ਼ਨ ਸਿੰਘ ਕਲਸੀ, ਕਰਨੈਲ ਸਿੰਘ ਘੜਿਆਲ , ਬਲਜਿੰਦਰ ਸਿੰਘ ਕੜਿਆਲ, ਗੁਰਦੀਪ ਸਿੰਘ ਮੂੰਡੇ, ਰਵਿੰਦਰ ਸਿੰਘ ਰੂਪਰਾਏ , ਰਜਿੰਦਰ ਸਿੰਘ ਕਲਸੀ,ਪਰਮਜੀਤ ਸਿੰਘ ਕਲਸੀ, ਰਣਜੀਤ ਸਿੰਘ ਲਾਲ , ਹਰਦਿਆਲ ਸਿੰਘ ਝੀਤਾ, ਅਮਨਦੀਪ ਸਿੰਘ ਬਮਰਾਹ , ਇੰਦਰਜੀਤ ਸਿੰਘ ਗੈਦੂ, ਇੰਦਰਪਾਲ ਸਿੰਘ ਗੈਦੂ, ਸਤਬੀਰ ਸਿੰਘ ਗੈਦੂ , ਜਤਿੰਦਰ ਸਿੰਘ ਸੈਂਬੀ , ਸਾਹਿਲ ਵਰਮਾ, ਮਹਿੰਦਰ ਸਿੰਘ ਸੀਹਰਾ, ਵਿਕਰਮਜੀਤ ਸਿੰਘ ਪ੍ਰੈੱਸ , ਰਸ਼ਪਾਲ ਸਿੰਘ ਬਮਰਾਹ,ਜਗਦੇਵ ਸਿੰਘ ਧੰਜਲ, ਪਲਵਿੰਦਰ ਸਿੰਘ ਮਠਾੜੂ, ਕਰਮ ਸਿੰਘ ਘਟੌੜੇ, ਕਰਮਜੀਤ ਕੌਰ ਕਲਸੀ, ਕੁਲਵੰਤ ਕੌਰ ਗੈਦੂ ਅਤੇ ਕਈ ਹੋਰ ਪਤਵੰਤੇ ਸੱਜਣ ਹਾਜਰ ਹੋਏ । ਉਪਰੰਤ ਗੁਰੂ ਦਾ ਅਤੁੱਟ ਲੰਗਰ ਆਈ ਸੰਗਤ ਵਿੱਚ ਵਰਤਾਇਆ ਗਿਆ । ਦਲਜੀਤ ਸਿੰਘ ਗੈਦੂ ਅਤੇ ਸਮੂਹ ਪਰਿਵਾਰ ਵੱਲੋਂ ਆਈ ਸੰਗਤ ਦਾ, ਇਸ ਸਮਾਗਮ ਵਿੱਚ ਸ਼ਾਮਲ ਹੋਣ ਲਈ ਵਿਸ਼ੇਸ ਤੌਰ ਤੇ ਧੰਨਵਾਦ ਕਰਦੇ ਹੋਏ,ਆਉਣ ਵਾਲੇ ਸਮਾਗਮਾਂ ਵਿੱਚ ਵੀ ਵੱਡੀ ਗਿਣਤੀ ਵਿਚ ਸ਼ਾਮਲ ਹੋਣ ਲਈ ਪਰੇਰਿਤ ਕੀਤਾ!

ਹੋਰ ਵਧੇਰੇ ਜਾਣਕਾਰੀ ਲਈ ਦਲਜੀਤ ਸਿੰਘ ਗੈਦੂ(416-305-9878) ਅਤੇ ਹਰਦਿਆਲ ਸਿੰਘ ਝੀਤਾ (647-409-8915 ਤੇ ਸੰਪਰਕ ਕਰ ਸਕਦੇ ਹੋ ।

# ਐਸੋਸੀਏਸ਼ਨ ਆਫ ਸੀਨੀਅਰਜ਼ ਕਲੱਬਜ਼ ਬਰੈਂਪਟਨ ਨੇ ਸੀਨੀਅਰਜ਼ ਨੂੰ ਸਿਟੀ ਦੇ ਜਿਮ ਸੈਂਟਰਾਂ ਦੀ ਫਰੀ ਵਰਤੋਂ ਦਾ ਅਧਿਕਾਰ ਦਵਾਇਆ



(ਮਹਿੰਦਰ ਸਿੰਘ ਮੋਹੀ): ਐਸੋਸੀਏਸ਼ਨ ਆਫ ਸੀਨੀਅਰਜ਼ ਕਲੱਬਜ਼ ਬਰੈਂਪਟਨ ਨੇ ਅਗਵਾਈ ਕਰਦਿਆ, ਸਿਟੀ ਦੀਆ ਆਪਣੀਆ ਐਸੋਸੀਏਟਿਡ ਕਲੱਬਾਂ ਦੇ ਸਹਿਯੋਗ ਨਾਲ ਸਾਰੇ ਸੀਨੀਅਰਜ ਲਈ ਆਪਣੇ ਨੇੜੇ ਦੇ ਫਿਟਨੈੱਸ ਤੇ ਰੀਕਰੀਏਸ਼ਨ ਸੈਂਟਰਾਂ ਵਿੱਚ ਬਿਨਾ ਕਿਸੇ ਖਰਚੇ ਤੋਂ ਸਾਰੀਆਂ ਸਹੂਲਤਾ ਦੀ ਵਰਤੋਂ ਕਰਨ ਦਾ ਅਧਿਕਾਰ ਪ੍ਰਾਪਤ ਕਰਨ ਵਿੱਚ ਸਫਲਤਾ ਪ੍ਰਾਪਤ ਕਰ ਲਈ ਹੈ।ਇਹ ਸਹੂਲਤ 70 ਸਾਲ ਤੋਂ ਵਧ ਉਮਰ ਦੇ ਸੀਨੀਅਰਜ ਨੂੰ ਜਨਵਰੀ 2024 ਤੋਂ ਅਤੇ 65 ਸਾਲ ਤੋਂ ਵਧ ਉਮਰ ਦੇ ਸੀਨੀਅਰਜ ਨੂੰ ਜਨਵਰੀ 2025 ਤੋਂ ਪ੍ਰਾਪਤ ਹੋਵੇਗੀ। ਇਸ ਤੇ ਸਲਾਨਾ ਆਮਦਨ ਦੀ ਕੋਈ ਸ਼ਰਤ ਨਹੀ ਹੋਵੇਗੀ।ਮਹਿੰਗਾਈ ਦੇ ਏਸ ਸਮੇ ਵਿਚ ਸੀਨੀਅਰਜ਼, ਬਿਨਾਂ ਕੋਈ ਖਰਚ ਤੋਂ ਇਸ ਸਹੂਲਤ ਦਾ ਲਾਭ ਲੈਕੇ ਆਪਣੇ ਸਰੀਰ ਨੂੰ ਤੰਦਰੁਸਤ ਰੱਖਣ ਲਈ ਯਤਨਸ਼ੀਲ ਰਹਿਣਗੇ।ਬੇਸ਼ੱਕ ਸਿਟੀ ਕੌਂਸਲ ਤੇ ਮੇਅਰ ਦੀਆਂ ਵੋਟਾਂ ਸਮੇਂ ਲਗਭਗ ਸਾਰੇ ਹੀ ਉਮੀਦਵਾਰ ਵੋਟਾਂ ਲੈਣ ਲਈ, ਸੀਨੀਅਰਜ਼ ਤੋਂ, ਪਿਛਲੇ ਤਿੰਨ ਸਾਲ ਤੋਂ ਖੋਹ ਲਏ ਗਏ ਇਸ ਬੈਨੀਫਿਟ ਨੂੰ ਮੁੜ ਬਹਾਲ ਕਰਨ ਦਾ ਵਾਅਦਾ ਕਰ ਰਹੇ ਸਨ, ਪਰ ਫਿਰ ਵੀ ਸੀਨੀਅਰਜ਼ ਕਲੱਬਜ ਨੂੰ ਇਹਨਾ ਦੇ ਜਿੱਤ ਪ੍ਰਾਪਤ ਕਰਨ ਉਪਰੰਤ ਵਾਅਦਾ ਨਿਭਾਉਣ ਪ੍ਰਤੀ ਸ਼ੰਕੇ ਸਨ।ਇਸ ਲਈ ਪਿਛਲੇ ਦਿਨੀ ਸਿਟੀ ਹਾਲ ਵਿੱਚ ਹੋ ਰਹੇ ਬਜਟ ਸੈਸ਼ਨ ਦੌਰਾਨ ਐਸੋਸੀਏਸ਼ਨ ਆਫ ਸੀਨੀਅਰਜ ਕਲੱਬਜ ਦੀ ਅਗਵਾਈ ਵਿੱਚ ਵੱਡੀ ਗਿਣਤੀ ਵਿੱਚ ਸੀਨੀਅਰਜ਼ ਸਿਟੀ ਹਾਲ ਵਿੱਚ ਪਹਿਲਾ ਹੀ ਪਹੁੰਚ ਗਏ ਸਨ। ਉਹਨਾ ਨੇ ਮੇਅਰ ਵਲੋਂ ਪੇਸ਼ ਕੀਤੇ ਮਤੇ,ਜਿਸ ਵਿੱਚ ਸੀਨੀਅਰਜ ਲਈ ਜਿਮ ਦੇ ਫਰੀ ਪਾਸ ਦੇਣ ਦਾ ਨਿਯਮ ਬਣਾਏ ਜਾਣ ਦਾ ਪ੍ਰਸਤਾਵ ਸੀ, ਨੂੰ ਅਪਣੀ ਹਾਜਰੀ ਵਿੱਚ ਸਰਬਸੰਮਤੀ ਨਾਲ ਪਾਸ ਹੁੰਦਿਆ ਵੇਖਿਆ। ਸਾਰੇ ਕੌਂਸਲਰ ਤੇ ਰਿਜਨਲ ਕੌਸਲਰ,ਮੇਅਰ ਸਮੇਤ, ਇਸ ਮਤੇ ਦੇ ਹੱਕ ਵਿੱਚ ਉੱਠ ਖੜ੍ਹੇ ਹੋਏ।ਇਸ ਤਰਾਂ ਨਾਲ ਸਾਰੇ ਹਾਜਰ ਸੀਨੀਅਰਜ ਆਪਣੀ ਇਸ ਵੱਡੀ ਮੰਗ ਦੇ ਪੂਰੇ ਹੋਣ ਤੇ ਮੇਅਰ ਤੇ ਸਾਰੇ ਕੌਂਸਲਰਜ ਦਾ ਧੰਨਵਾਦ ਕਰਦਿਆ ਆਪਸ ਵਿੱਚ ਇਸ ਇਤਿਹਾਸਕ ਪ੍ਰਾਪਤੀ ਤੇ ਇੱਕ ਦੂਜੇ ਨੂੰ ਵਧਾਈ ਦੇਣ ਲੱਗੇ।ਅਗੇ ਲਈ ਵੀ ਬਰੈਂਪਟਨ ਦੀਆ ਸਾਰੀਆਂ ਸੀਨੀਅਰਜ ਕਲੱਬਾਂ ਦੇ ਅਹੁਦੇਦਾਰਾਂ ਨੂੰ ਆਪੋ ਆਪਣੇ ਖੇਤਰ ਵਿੱਚ ਸਰਗਰਮ ਰਹਿੰਦੇ ਹੋਏ, ਸਿਟੀ ਤੇ ਪਰੋਵੈਨਸ ਨਾਲ ਸਬੰਧਤ ਸੀਨੀਅਰਜ ਦੀਆ ਸਾਡੀਆਂ ਮੰਗਾ ਦੀ ਪ੍ਰਾਪਤੀ ਲਈ ਸਾਝੇ ਤੋਰ ਤੇ ਐਸੋਸੀਏਸ਼ਨ ਆਫ ਸੀਨੀਅਰਜ਼ ਕਲੱਬਜ ਨਾਲ ਜੁੜ ਕੇ ਚਲਣ ਤੇ ਆਪਸੀ ਤਾਲਮੇਲ ਰੱਖਣ ਦੀ ਅਪੀਲ ਕੀਤੀ ਗਈ। ਇਸ ਡੈਲੀਗੇਸ਼ਨ ਵਿੱਚ ਐਸੋਸੀਏਸ਼ਨ ਆਫ ਸੀਨੀਅਰਜ ਕਲੱਬਜ ਦੇ ਪ੍ਰਧਾਨ= ਜਗੀਰ ਸਿੰਘ ਸੈਬੀ, ਸਕੱਤਰ ਪ੍ਰੀਤਮ ਸਿੰਘ ਸਰਾਂ,ਕੈਸ਼ੀਅਰ, ਅਮਰੀਕ ਸਿੰਘ ਕੁਮਰੀਆ, ਮੀਡੀਆ ਐਡਵਾਈਜ਼ਰ, ਮਹਿੰਦਰ ਸਿੰਘ ਮੋਹੀ ਤੇ ਡਾਇਰੈਕਟਰ ਪ੍ਰਿਤਪਾਲ ਸਿੰਘ ਗਰੇਵਾਲ ਸ਼ਾਮਲ ਹੋਏ। ਇਸ ਤੋਂ ਇਲਾਵਾ ਬਹੁਤ ਸਾਰੀਆਂ ਐਸੋਸੀਏਟਿਡ ਸੀਨੀਅਰਜ ਕਲੱਬਾਂ ਦੇ ਪ੍ਰਧਾਨ ਤੇ ਅਹੁਦੇਦਾਰ ਵੀ ਸ਼ਾਮਲ ਸਨ।

# ਪਤਨੀ ਤੇ ਵਫਦ ਨਾਲ ਓਟਵਾ ਪਹੁੰਚੇ ਬਾਇਡਨ

ਸਫਾ 1 ਦਾ ਬਾਕੀ

ਵ੍ਹਾਈਟ ਹਾਊਸ ਨੈਸ਼ਨਲ ਸਕਿਊਰਿਟੀ ਕਾਊਂਸਲ ਦੇ ਤਰਜ਼ਮਾਨ ਜੌਹਨ ਕਰਬੀ ਨੇ ਆਖਿਆ ਕਿ 2009 ਤੋਂ ਬਾਅਦ ਦੋਵਾਂ ਆਗੂਆਂ ਵਿਚਾਲੇ ਪਹਿਲੀ ਦੁਵੱਲੀ ਮੀਟਿੰਗ ਅਸਲ ਵਿੱਚ ਹੁਣ ਕੈਨੇਡਾ ਵਿੱਚ ਹੋਣ ਜਾ ਰਹੀ ਹੈ।ਕਰਬੀ ਨੇ ਆਖਿਆ ਕਿ ਆਪਣੇ ਕਾਰਜਕਾਲ ਦੇ ਪਹਿਲੇ ਸਾਲ ਬਾਇਡਨ ਦਾ ਧਿਆਨ ਕੈਨੇਡਾ-ਅਮਰੀਕਾ ਸਬੰਧਾਂ ਵਿੱਚ ਸੁਧਾਰ ਲਿਆਉਣ ਉੱਤੇ ਕੇਂਦਰਿਤ ਰਿਹਾ। ਹੁਣ ਉਹ ਨਿਯਮਿਤ ਰਸਤਿਆਂ ਰਾਹੀਂ ਸੁਰੱਖਿਅਤ ਮਾਈਗ੍ਰੇਸ਼ਨ ਦੇ ਮਾਮਲੇ ਉੱਤੇ ਕੰਮ ਕਰ ਰਹੇ ਹਨ। ਤੀਜੇ ਸਾਲ ਵੱਲ ਵੱਧਦਿਆਂ ਤੇ ਇਸ ਦੌਰੇ ਨੂੰ ਧਿਆਨ ਵਿੱਚ ਰੱਖਦਿਆਂ ਅਸੀਂ ਇਹ ਅੰਦਾਜ਼ਾ ਲਾਵਾਂਗੇ ਕਿ ਅਸੀਂ ਕੀ ਕੁੱਝ ਕਰ ਚੁੱਕੇ ਹਾਂ, ਅਸੀਂ ਕਿੱਥੇ ਪਹੁੰਚ ਚੁੱਕੇ ਹਾਂ ਤੇ ਭਵਿੱਖ ਵਿੱਚ ਸਾਡੀਆਂ ਤਰਜੀਹਾਂ ਕੀ ਰਹਿਣਗੀਆਂ।

ਦੋਵਾਂ ਆਗੂਆਂ ਵੱਲੋਂ ਹਾਇਤੀ ਦੇ ਮੁੱਦੇ ਉੱਤੇ ਵੀ ਵਿਸਥਾਰ ਨਾਲ ਗੱਲਬਾਤ ਕੀਤੇ ਜਾਣ ਦੀ ਸੰਭਾਵਨਾ ਹੈ। ਦੂਜੇ ਪਾਸੇ ਰੂਸ ਵੱਲੋਂ ਯੂਕਰੇਨ ਖਿਲਾਫ ਵਿੱਢੇ ਗਏ ਸੰਘਰਸ਼ ਤੇ ਚੀਨ ਵੱਲੋਂ ਸਿਰ ਚੁੱਕੇ ਜਾਣ ਦੇ ਮੁੱਦੇ ਵੀ ਇਸ ਦੌਰੇ ਦੌਰਾਨ ਮੁੱਖ ਤੌਰ ਉੱਤੇ ਵਿਚਾਰੇ ਜਾਣ ਦੀ ਸੰਭਾਵਨਾ ਹੈ।

# ਪਠਾਨਕੋਟ ਪੁਲਿਸ ਨੇ ਕਤਲ ਕਾਂਡ ਵਿੱਚ ਲੋੜੀਂਦਾ ਮੁਲਜ਼ਮ ਕੀਤਾ ਗ੍ਰਿਫ਼ਤਾਰ

*** ਵਾਰਦਾਤ 'ਚ ਵਰਤੀ ਗਈ ਕਿਰਪਾਨ ਬਰਾਮਦ * ਪਠਾਨਕੋਟ ਸਦਰ ਪੁਲਿਸ ਨੇ ਹਾਈ ਪ੍ਰੋਫਾਈਲ ਕਤਲ ਕੇਸ ਵਿੱਚ 8ਵੀਂ ਗ੍ਰਿਫ਼ਤਾਰੀ**

ਪਠਾਨਕੋਟ, 23 ਮਾਰਚ (ਰਾਜਿੰਦਰ ਸਿੰਘ ਰਾਜਨ): ਪਠਾਨਕੋਟ ਪੁਲਿਸ ਨੇ ਇੱਕ ਵੱਡੀ ਸਫਲਤਾ ਹਾਸਲ ਕਰਦੇ ਹੋਏ 2022 ਵਿੱਚ ਹੋਏ ਇੱਕ ਕਤਲ ਕੇਸ ਵਿੱਚ ਲੋੜੀਂਦੇ ਇੱਕ ਦੋਸ਼ੀ ਨੂੰ ਗ੍ਰਿਫਤਾਰ ਕੀਤਾ ਹੈ। ਇਹ ਦੋਸ਼ੀ ਗੁਰਦੇਵ ਸਿੰਘ ਜੇ।ਐਮ।ਆਈ।ਸੀ ਪਠਾਨਕੋਟ ਦੀ ਮਾਣਯੋਗ ਅਦਾਲਤ ਵੱਲੋਂ ਭਗੌੜਾ ਕਰਾਰ ਦਿੱਤਾ ਗਿਆ ਸੀ, ਉਦੋਂ ਤੋਂ ਹੀ ਭਗੌੜਾ ਸੀ ਜਦੋਂ ਦੀ ਘਟਨਾ ਵਾਪਰੀ ਹੈ। ਪੁਲਿਸ ਦੀ ਕਈ ਮਹੀਨਿਆਂ ਦੀ ਲਗਾਤਾਰ ਕੋਸ਼ਿਸ਼ ਤੋਂ ਬਾਅਦ ਕੇਸ ਵਿੱਚ ਸਫਲਤਾ ਮਿਲੀ ਹੈ।

ਫੜੇ ਗਏ ਮੁਲਜ਼ਮ ਦੀ ਪਛਾਣ ਦੀਪਕ ਸਿੰਘ ਉਰਫ ਦੀਪੂ ਪੁੱਤਰ ਮੰਗਤ ਸਿੰਘ ਵਾਸੀ ਫੇਰੂਵਾਲ ਥਾਣਾ ਤਾਰਾਗੜ੍ਹ ਪਠਾਨਕੋਟ ਵਜੋਂ ਹੋਈ ਹੈ।

ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਸੀਨੀਅਰ ਕਪਤਾਨ ਪੁਲਿਸ ਹਰਕਮਲ ਪ੍ਰੀਤ ਸਿੰਘ ਖੱਖ ਨੇ ਦੱਸਿਆ ਕਿ ਕਤਲ



ਦਾ ਮੁਕੱਦਮਾ ਐਫ।ਆਈ।ਆਰ ਨੰਬਰ 81 ਮਿਤੀ 02।09।2022 ਅ/ਧ 302,365,307,148,149,202,204,212,216,120 ਥਾਣਾ ਸਦਰ ਵਿਖੇ ਦਰਜ ਕੀਤਾ ਗਿਆ ਸੀ। ਮੁਲਜ਼ਮ ਦੀਪਕ ਸਿੰਘ ਕਈ ਮਹੀਨਿਆਂ ਤੋਂ ਗ੍ਰਿਫ਼ਤਾਰੀ ਤੋਂ ਬਚਿਆ ਹੋਇਆ ਸੀ, ਜਿਸ ਕਾਰਨ ਪੀੜਤ ਪਰਿਵਾਰ ਅਤੇ ਸਮਾਜ ਵਿੱਚ ਭਾਰੀ ਚਿੰਤਾ ਦਾ ਮਾਹੌਲ ਸੀ। ਹਾਲਾਂਕਿ, ਪੁਲਿਸ ਨੇ ਲੀਡਾਂ 'ਤੇ ਚੱਲਦਿਆਂ ਅਤੇ ਸਬੂਤ ਇਕੱਠੇ ਕਰਦੇ ਹੋਏ ਮਾਮਲੇ ਦੀ ਜਾਂਚ ਜਾਰੀ ਰੱਖੀ ਹੈ। ਇਹ ਗ੍ਰਿਫਤਾਰੀ 22।03।2023 ਨੂੰ ਇੱਕ ਮੁਖਬਰ ਦੁਆਰਾ ਦਿੱਤੀ ਗਈ ਸੂਹ 'ਤੇ ਕੀਤੀ ਗਈ ਸੀ। ਪੁੱਛ-ਗਿੱਛ ਦੌਰਾਨ, ਦੋਸ਼ੀ ਨੇ ਅਪਰਾਧ ਸੰਬੰਧੀ ਅਹਿਮ ਜਾਣਕਾਰੀਆਂ ਦਾ ਖੁਲਾਸਾ ਕੀਤਾ ਹੈ, ਜਿਸ ਨਾਲ ਕਤਲ ਵਿੱਚ ਵਰਤੀ ਗਈ ਕਿਰਪਾਨ ਬਰਾਮਦ ਹੋਈ ਹੈ।

ਐਸ।ਐਸ।ਪੀ। ਨੇ ਅੱਗੇ ਕਿਹਾ, "ਅਪਰਾਧ ਵਿੱਚ ਵਰਤੀ ਗਈ ਕਿਰਪਾਨ ਦੀ ਬਰਾਮਦਗੀ ਕੇਸ ਵਿੱਚ ਇੱਕ ਮਹੱਤਵਪੂਰਨ ਵਿਕਾਸ ਹੈ, ਅਤੇ ਸਾਨੂੰ ਭਰੋਸਾ ਹੈ ਕਿ ਇਸ ਨਾਲ ਸਾਨੂੰ ਦੋਸ਼ੀ ਦੇ ਦੋਸ਼ਾਂ ਨੂੰ ਸਥਾਪਤ ਕਰਨ ਵਿੱਚ ਮਦਦ ਮਿਲੇਗੀ। ਅਸੀਂ ਪਠਾਨਕੋਟ ਦੇ ਲੋਕਾਂ ਨੂੰ ਭਰੋਸਾ ਦਿਵਾਉਂਦੇ ਹਾਂ ਕਿ ਅਸੀਂ ਕਿਸੇ ਵੀ ਅਪਰਾਧੀ ਨੂੰ ਵੀ ਨਹੀਂ ਛੱਡਾਂਗੇ।

ਪੁਲਿਸ ਨੇ ਮਾਣਯੋਗ ਅਦਾਲਤ ਤੋਂ ਪੁਲਿਸ ਰਿਮਾਂਡ ਹਾਸਲ ਕਰ ਲਿਆ ਹੈ, ਜਿਸ 'ਤੇ ਮੁਲਜ਼ਮਾਂ ਕੋਲੋਂ ਹੋਰ ਪੁੱਛਗਿੱਛ ਕਰਕੇ ਹੋਰ ਸਬੂਤ ਇਕੱਠੇ ਕੀਤੇ ਜਾਣਗੇ।

ਅਵਾਹੁ ਸਜਨਾ ਹਉਂ ਦੇਖਾਂ ਦਰਸ਼ਨ ਤੇਰਾ ਰਾਮ
GURU NANAK NISHKAM SEWA CENTRE
CANADA
Regd.
ਹਮ ਚਾਕਰ ਗੋਬਿੰਦ ਕੇ ਠਾਕੁਰ ਮੇਰਾ ਭਾਰਾ
GURDWARA SAHIB
GURU NANAK NISHKAM SEWA CENTRE
NON-PROFIT ORGANIZATION
www.gurunanaknishkamsewa.org
12356 Mayfield and Bramalea Rd, Caledon

TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ
ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroVerCPA
Professional Corporation

214-7895 Tranmere Drive, Mississauga ON L5S 1V9

# ਮਾਈਕਲ ਪਾਰਸਾ ਓਨਟਾਰੀਓ ਦੇ ਹਾਊਸਿੰਗ ਦੇ ਐਸੋਸੀਏਟ ਮਨਿਸਟਰ



ਮੈਂ ਓਨਟਾਰੀਓ ਦਾ ਹਾਊਸਿੰਗ ਦਾ ਐਸੋਸੀਏਟ ਮਨਿਸਟਰ ਹਾਂ - ਅਤੇ ਬਹੁਤ ਸਾਰੇ ਓਨਟਾਰੀਓ ਨਿਵਾਸੀਆਂ ਵਾਂਗ ਮੇਰਾ ਪਰਿਵਾਰ ਅਤੇ ਮੈਂ ਇਸ ਸੂਬੇ ਵਿੱਚ ਕੈਨੇਡੀਅਨ ਡਰੀਮ ਦੀ ਭਾਲ ਵਿੱਚ ਆਏ ਸੀ।

ਅਸੀਂ 1980ਵਿਆਂ ਵਿੱਚ ਇਰਾਨ ਤੋਂ ਔਟਵਾ ਨੂੰ ਆਏ ਅਤੇ ਸਾਡਾ ਪਹਿਲਾ ਘਰ ਇਕ ਕਿਰਾਏ ਦਾ ਘਰ ਸੀ - ਪਰ ਸ਼ੁਰੂ ਤੋਂ ਹੀ ਮੇਰੇ ਮਾਪਿਆਂ ਦਾ ਸੁਫਨਾ ਆਪਣੇ ਘਰ ਦੇ ਮਾਲਕ ਬਣਨਾ ਸੀ।

ਉਹਨਾਂ ਸਮਿਆਂ ਵਿੱਚ ਇਹ ਸੁਫਨਾ ਸੱਚ ਦੇ ਨੇੜੇ ਸੀ। ਸੰਨ 1989 ਵਿੱਚ ਅਸੀਂ ਟਰਾਂਟੋ ਆ ਗਏ, ਜਿੱਥੇ ਇਕ ਘਰ ਦੀ ਔਸਤ ਕੀਮਤ 275,000 ਡਾਲਰਾਂ ਤੋਂ ਥੋੜ੍ਹੀ ਜਿਹੀ ਘੱਟ ਸੀ- ਜੋ ਕਿ ਬੇਸ਼ੱਕ ਇਕ ਵੱਡੀ ਰਕਮ ਸੀ, ਪਰ ਫਿਰ ਵੀ ਸਖਤ ਮਿਹਨਤ ਕਰਨ ਅਤੇ ਕੁਰਬਾਨੀਆਂ ਕਰਨ ਦੇ ਚਾਹਵਾਨ ਲੋਕਾਂ ਦੀ ਪਹੁੰਚ ਤੋਂ ਬਾਹਰ ਨਹੀਂ ਸੀ। ਮੇਰੇ ਮਾਪਿਆਂ ਨੇ ਉਹ ਹੀ ਕੀਤਾ - ਮੈਂ ਯਾਦ ਕਰ ਸਕਦਾ ਹਾਂ ਕਿ ਉਹਨਾਂ ਪਹਿਲੇ ਸਾਲਾਂ ਵਿੱਚ ਮੇਰਾ ਪਿਤਾ ਹਫਤੇ ਦੇ ਸੱਤੇ ਦਿਨ ਕੰਮ ਕਰਦਾ ਸੀ - ਅਤੇ ਉਹਨਾਂ ਨੂੰ ਇਸ ਦਾ ਫਲ ਮਿਲ ਗਿਆ ਉਹਨਾਂ ਦੇ ਪਹਿਲੇ ਕੈਨੇਡੀਅਨ ਘਰ ਦੇ ਤੌਰ 'ਤੇ।

ਸਾਡੀ ਕਹਾਣੀ ਕੋਈ ਅਲੋਕਾਰੀ ਕਹਾਣੀ ਨਹੀਂ ਹੈ। ਸੀਇੰਮੀਗਰੇਸ਼ਨ ਦੇ ਸਿਰ 'ਤੇ ਬਣਿਆ ਹੈ, ਅਤੇ ਇੰਮੀਗਰੈਂਟਾਂ ਵਲੋਂ ਕੀਤੀ ਸਖਤ ਮਿਹਨਤ ਅਤੇ ਦਿੱਤੀਆਂ ਕੁਰਬਾਨੀਆਂ ਕਰਕੇ ਸਾਡਾ ਸੂਬਾ ਰਹਿਣ ਅਤੇ ਕੰਮ ਕਰਨ ਲਈ ਇਕ ਵਧੀਆ ਥਾਂ ਬਣਿਆ ਹੈ।

ਪਰ ਹੁਣ ਬਹੁਤਾ ਕਰਕੇ, ਓਨਟਾਰੀਓਵਿੱਚ ਆਉਣ ਵਾਲੇ ਨਵੇਂ ਲੋਕ ਅਜਿਹਾ ਘਰ ਨਹੀਂ ਲੱਭ ਸਕਦੇ ਜੋ ਉਹਨਾਂ ਦੀਆਂ ਲੋੜਾਂ ਅਤੇ ਬੱਜਟ ਨਾਲ ਮੇਲ ਖਾਂਦਾ ਹੋਵੇ। ਪਿਛਲੇ ਮਹੀਨੇ, ਔਟਵਾ ਵਿੱਚ ਇਕ ਔਸਤ ਘਰ ਦੀ ਕੀਮਤ 633,000 ਡਾਲਰ ਸੀ, ਉਸ ਸਮੇਂ ਨਾਲੋਂ ਚਾਰ ਗੁਣਾਂ ਤੋਂ ਵੱਧ ਜਦੋਂ ਮੇਰਾ ਪਰਿਵਾਰ ਪਹਿਲੀ ਵਾਰ ਇੱਥੇ ਆਇਆ ਸੀ। ਗਰੇਟਰ ਟਰਾਂਟੋ ਦੇ ਕੁਝ ਹਿੱਸਿਆਂ ਵਿੱਚ, ਕੀਮਤਾਂ ਇਸ ਤੋਂ ਵੀ ਵੱਧ ਹਨ, ਜਿੱਥੇ ਸਭ ਤੋਂ ਤਾਜ਼ਾ ਅੰਕੜਿਆਂ ਅਨੁਸਾਰ ਇਕ ਔਸਤ ਘਰ ਦੀ ਕੀਮਤ 10 ਲੱਖ (1 ਮਿਲੀਅਨ) ਡਾਲਰ ਤੋਂ ਵੱਧ ਤੱਕ ਪਹੁੰਚ ਗਈ ਹੈ।

ਸਾਡੀ ਸਰਕਾਰ - ਮੇਰੇ, ਪ੍ਰੀਮੀਅਰ ਫੋਰਡ ਅਤੇ ਮਿਊਂਸਪਲ ਅਫੇਅਰਜ਼ ਅਤੇ ਹਾਊਸਿੰਗ ਦੇ ਮਨਿਸਟਰ ਸਟੀਵ ਕਲਾਰਕ ਸਮੇਤ- ਇਸ ਸਵੀਕਾਰ ਨਾ ਕਰਨ ਵਾਲੀ ਸਥਿਤੀ ਬਾਰੇ ਬਹੁਤ ਫਿਕਰਮੰਦ ਹੈ। ਅਸੀਂ, ਖਾਸ ਕਰਕੇ, ਇਹਨਾਂ ਖਰਚਿਆਂ ਕਾਰਨ ਓਨਟਾਰੀਓਵਿੱਚ ਆਉਣ ਵਾਲੇ ਲੋਕਾਂ 'ਤੇ ਪੈਣ ਵਾਲੇ ਅਸਰਾਂ ਬਾਰੇ ਫਿਕਰਮੰਦ ਹਾਂ - ਖਾਸ ਕਰਕੇ ਜਦੋਂ ਫੈਡਰਲ ਇੰਮੀਗਰੇਸ਼ਨ ਦੇ ਨਿਸ਼ਾਨੇ ਹਰ ਸਾਲ ਅੱਧਾ ਮਿਲੀਅਨ ਤੱਕ ਪਹੁੰਚਣ ਜਾ ਰਹੇ ਹਨ।

ਮੈਂ ਬਿਲਕੁਲ ਸਪਸ਼ਟ ਤੌਰ 'ਤੇ ਕਹਿਣਾ ਚਾਹੁੰਦਾ ਹਾਂ - ਓਨਟਾਰੀਓਨੂੰ ਨਵੇਂ ਕੈਨੇਡੀਅਨਾਂ ਦੀ ਲੋੜ ਹੈ। ਹੈਲਥ ਕੇਅਰ ਤੋਂ ਸਕਿਲਡ ਟ੍ਰੇਡਜ਼ ਤੱਕ - ਕਨਸਟ੍ਰਕਸ਼ਨ ਸਮੇਤ- ਅਸੀਂ ਲੇਬਰ ਦੀ ਗੰਭੀਰ ਥੁੜ ਦਾ ਸਾਹਮਣਾ ਕਰ ਰਹੇ ਹਾਂ, ਅਤੇ ਬਿਨਾਂ ਸ਼ੱਕ ਇੰਮੀਗਰੇਸ਼ਨ ਸਾਡੀ ਇਹ ਥੁੜ ਪੂਰੀ ਕਰਨ ਵਿੱਚ ਮਦਦ ਕਰ ਸਕਦੀ ਹੈ।

ਇਸ ਤੋਂ ਵੀ ਵੱਧ, ਅਸੀਂ ਜਾਣਦੇ ਹਾਂ ਕਿ ਕੈਨੇਡਾ ਵਿੱਚ ਆਪਣਾ ਪੈਰ ਰੱਖਣ ਦੇ ਪਲ ਤੋਂ ਹੀ ਨਵੇਂ ਆਉਣ ਵਾਲਿਆਂ ਵਿੱਚ ਬਹੁਤੇ ਲੋਕਾਂ ਦਾ ਧਿਆਨ ਸਖਤ ਕੰਮ ਕਰਨ ਅਤੇ ਸਮਾਜ ਵਿੱਚ ਯੋਗਦਾਨ ਪਾਉਣ 'ਤੇ ਕੇਂਦਰਿਤ ਹੁੰਦਾ ਹੈ - ਅਤੇ ਸਾਨੂੰ ਸਾਰਿਆਂ ਨੂੰ ਇਸ ਯੋਗਦਾਨ ਦੀ ਕਦਰ ਕਰਨੀ ਚਾਹੀਦੀ ਹੈ।

ਪਰ ਇਸ ਗੱਲ ਦੀ ਕਦਰ ਕਰਨ ਅਤੇ ਇਹ ਯਕੀਨੀ ਬਣਾਉਣ ਲਈ ਕਿ ਇੰਮੀਗਰੇਸ਼ਨ ਓਨਟਾਰੀਓਦੇ ਸਾਰੇ ਲੋਕਾਂ ਦੇ ਫਾਇਦੇ ਵਿੱਚ ਹੋਵੇ, ਸਭ ਤੋਂ ਵਧੀਆ ਢੰਗ ਇਹ ਪੱਕਾ ਕਰਨਾ ਹੈ ਕਿ ਸਾਡੇ ਸੂਬੇ ਕੋਲ ਹਰ ਇਕ ਲਈ ਲੋੜੀਂਦੇ ਘਰ ਹੋਣ।

ਇਸ ਸਮੇਂ ਸਾਡੇ ਕੋਲ ਇਹ ਨਹੀਂ ਹੈ। ਅਸਲ ਵਿੱਚ, ਸੂਬੇ ਦੀ ਹਾਊਸਿੰਗ ਅਫੋਰਡੇਬਿਲਟੀ ਟਾਸਕ ਫੋਰਸ ਨੇ ਪਿਛਲੇ ਸਾਲ ਇਹ ਪਤਾ ਲਾਇਆ ਸੀ ਕਿ ਮੰਗ ਪੂਰੀ ਕਰਨ ਲਈ ਓਨਟਾਰੀਓਵਿੱਚ ਸੰਨ 2031 ਤੱਕ ਘੱਟੋ ਘੱਟ 15 ਲੱਖ (1.5 ਮਿਲੀਅਨ) ਨਵੇਂ ਘਰ ਉਸਾਰੇ ਜਾਣ ਦੀ ਲੋੜ ਹੈ। ਕੈਨੇਡਾ ਮੌਰਗੇਜ ਐਂਡ ਹਾਊਸਿੰਗ ਕਾਰ-ਪੋਰੇਸ਼ਨ ਦੇ ਅੰਦਾਜ਼ੇ ਸਮੇਤ ਸਭ ਤੋਂ ਤਾਜ਼ਾ ਅੰਦਾਜ਼ਿਆਂ ਵਿੱਚ ਸੁਝਾਅ ਦਿੱਤਾ ਗਿਆ ਹੈ ਕਿ ਇਹ ਗਿਣਤੀ ਇਸ ਤੋਂ ਵੀ ਵੱਧ ਹੋਣੀ ਚਾਹੀਦੀ ਹੈ।

ਕਿਸੇ ਵੀ ਤਰ੍ਹਾਂ ਅਸੀਂ ਉਨੀ ਤੇਜ਼ੀ ਨਾਲ ਘਰ ਨਹੀਂ ਬਣਾ ਰਹੇ ਜਿਸ ਨਾਲ ਮੰਗ ਦੀ ਪੂਰਤੀ ਹੋ ਸਕੇ ਅਤੇ ਇਹਨਾਂ ਘਰਾਂ ਦੀਆਂ ਕੀਮਤਾਂ ਘੱਟ ਸਕਣ।

ਇਸ ਲਈ ਇਸ ਟੁੱਟ ਚੁੱਕੇ ਪ੍ਰਬੰਧ ਨੂੰ ਠੀਕ ਕਰਨ ਲਈ ਸਾਡੀ ਸਰਕਾਰ ਸਖਤ ਕੰਮ ਕਰ ਰਹੀ ਹੈ।

ਪਿਛਲੇ ਸਾਲ ਅਸੀਂ ਘਰਾਂ ਦੀ ਸਪਲਾਈ ਲਈ 'ਮੋਰ ਹੋਮਜ਼ ਬਿਲਟ ਫਾਸਟਰ' ਨਾਂ ਦੀ ਆਪਣੀ ਤੀਜੀ ਪਲੈਨ ਜਾਰੀ ਕੀਤੀ, ਜਿਹੜੀ ਨਵੇਂ ਘਰਾਂ ਦੀ ਉਸਾਰੀ ਦਾ ਗੱਲ ਘੁੱਟਣ ਵਾਲੀ ਲਾਲ ਫੀਤਾਸ਼ਾਹੀ ਦੇ ਵੱਡੇ ਹਿੱਸੇ ਅਤੇ ਸਰਕਾਰ ਦੀਆਂ ਫੀਸਾਂ ਨੂੰ ਖਤਮ ਕਰਦੀ ਹੈ।

ਅਸੀਂ ਬਹੁਤੀਆਂ ਰਿਹਾਇਸ਼ੀ ਲਾਟਾਂ 'ਤੇ "ਐਜ਼ ਆਫ ਰਾਈਟ" ਵਜੋਂ ਤਿੰਨ ਯੂਨਿਟਾਂ -ਗਾਰਡਨ ਸੁਇਟਾਂ ਅਤੇ ਲੇਨ-ਵੇਅ ਹਾਊਸਜ਼ ਸਮੇਤ- ਬਣਾਉਣਾ ਅਤੇ ਟ੍ਰਾਂਜ਼ਿਟ ਦੀਆਂ ਵੱਡੀਆਂ ਥਾਂਵਾਂ ਨੇੜੇ ਡੈਨਸਿਟੀ (ਘਣਤਾ) ਵਿੱਚ ਵਾਧਾ ਕਰਨਾ ਵੀ ਸੰਭਵ ਬਣਾਇਆ ਹੈ।

ਪਰ ਅਜੇ ਵੀ ਹੋਰ ਬਹੁਤ ਕੁਝ ਕਰਨ ਦੀ ਜ਼ਰੂਰਤ ਹੈ।

ਸ਼ੁਰੂ ਕਰਨ ਲਈ, ਸਾਡੇ ਮਿਊਨਿਸਪਲ ਪੱਧਰ ਦੇ ਭਾਈਵਾਲਾਂ ਨੂੰ ਹੋਰ ਘਰਾਂ ਦੀ ਲੋੜ ਨੂੰ ਸਵੀਕਾਰ ਕਰਨ ਦੀ ਲੋੜ ਹੈ ਅਤੇ ਇਹ ਯਕੀਨੀ ਬਣਾਉਣ ਲਈ ਸਾਡੇ ਨਾਲ ਮਿਲ ਕੇ ਕੰਮ ਕਰਨ ਦੀ ਲੋੜ ਹੈ ਕਿ ਇੰਮੀਗਰੈਂਟ ਅਤੇ ਜਵਾਨ ਪਰਿਵਾਰਾਂ ਨੂੰ ਡਿਵੈਲਪਮੈਂਟ ਲਈ ਵੱਡੀਆਂ ਫੀਸਾਂ ਨਾ ਦੇਣੀਆਂ ਪੈਣ। ਖੁਸ਼ਕਿਸਮਤੀ ਨਾਲ ਬਹੁਤ ਸਾਰੀਆਂ ਮਿਊਨਿਸਪੈਲਟੀਆਂ ਪਹਿਲਾਂ ਹੀ ਇਹ ਕਰ ਰਹੀਆਂ ਹਨ।

ਸਾਨੂੰ ਇਸ ਚੀਜ਼ ਦੀ ਵੀ ਲੋੜ ਹੈ ਕਿ ਇੰਮੀਗਰੇਸ਼ਨ ਬਾਰੇ ਆਖਰੀ ਫੈਸਲਾ ਕਰਨ ਦਾ ਹੱਕ ਰੱਖਣ ਵਾਲੀ ਫੈਡਰਲ ਸਰਕਾਰ ਓਨਟਾਰੀਓਵਿੱਚ ਘਰਾਂ ਲਈ ਆਪਣਾ ਉਚਿਤ ਹਿੱਸਾ ਪਾਉਣਾ ਯਕੀਨੀ ਬਣਾਵੇ।

ਅਤੇ ਬਿਨਾਂ ਸ਼ੱਕ ਸਾਡੀ ਆਪਣੀ ਸੂਬਾਈ ਸਰਕਾਰ ਨੂੰ ਉਸਾਰੀ ਦੇ ਕੰਮ 'ਤੇ ਧਿਆਨ ਕੇਂਦਰਿਤ ਰੱਖਣ ਦੀ ਲੋੜ ਹੈ - ਜਿਸ ਕਰਕੇ ਅਸੀਂ ਮੌਜੂਦਾ ਮੈਨਡੇਟ (ਫਰਮਾਨ) ਦੌਰਾਨ ਹਰ ਸਾਲ ਲਈ ਨਵੀਂ ਹਾਊਸਿੰਗ ਸਪਲਾਈ ਐਕਸ਼ਨ ਪਲੈਨ ਜਾਰੀ ਕਰਨ ਲਈ ਵਚਨਬੱਧ ਹੋਏ ਹਾਂ।

ਮੈਂ ਇਕ ਵਾਰ ਫਿਰ ਕਹਾਂਗਾ: ਓਨਟਾਰੀਓਨੂੰ ਇੰਮੀਗਰੈਂਟਾਂ ਦੀ ਲੋੜ ਹੈ, ਅਤੇ ਸਾਡੀ ਸਰਕਾਰ ਨਵੇਂ ਆਉਣ ਵਾਲਿਆਂ ਨੂੰ ਇਸ ਸੂਬੇ ਵਿੱਚ ਜੀ ਆਇਆਂ ਕਹਿਣ ਲਈ ਤਿਆਰ ਅਤੇ ਰਜ਼ਾਮੰਦ ਹੈ।

ਪਰ ਸਾਡੇ ਲਈ ਇਹ ਯਕੀਨੀ ਬਣਾਉਣ ਦੀ ਵੀ ਲੋੜ ਹੈ ਕਿ ਇੰਮੀਗਰੈਂਟ ਅਤੇ ਓਨਟਾਰੀਓਵਿੱਚ ਲੰਮੇ ਸਮੇਂ ਤੋਂ ਰਹਿਣ ਵਾਲੇ ਲੋਕ, ਦੋਵੇਂ ਅਜਿਹਾ ਘਰ ਲੈਣ ਦਾ ਟੀਚਾ ਰੱਖ ਸਕਣ ਜਿਹੜਾ ਉਹਨਾਂ ਲਈ ਵਾਰਾ ਖਾਣ ਯੋਗ ਹੈ। ਦੂਜੇ ਸ਼ਬਦਾਂ ਵਿੱਚ, ਬਿਨਾਂ ਦੇਰੀ ਦੇ ਹੋਰ ਘਰ ਬਣਾ ਕੇ ਸਾਨੂੰ ਘਰ ਦੀ ਮਾਲਕੀ ਦਾ ਸੁਫਨਾ ਜ਼ਿੰਦਾ ਰੱਖਣ ਦੀ ਲੋੜ ਹੈ।

ਇੰਮੀਗਰੈਂਟ - ਅਤੇ ਓਨਟਾਰੀਓਦੇ ਸਾਰੇ ਨਿਵਾਸੀ - ਇਸ ਤੋਂ ਘੱਟ ਦੇ ਹੱਕਦਾਰ ਨਹੀਂ ਹਨ।

ਮਾਈਕਲ ਪਾਰਸਾ ਓਨਟਾਰੀਓ ਦੇ ਹਾਊਸਿੰਗ ਦੇ ਐਸੋਸੀਏਟ ਮਨਿਸਟਰ ਹਨ।

# ਸ੍ਰੀ ਗੁਰੂ ਰਵਿਦਾਸ ਗੁਰਪੁਰਬ ਮੌਕੇ ਨਗਰ ਕੀਰਤਨ ਸਜਾਇਆ ਗਿਆ, ਵੱਖ ਵੱਖ ਜੱਥਿਆਂ ਵਲੋਂ ਇਲਾਹੀ ਗੁਰਬਾਣੀ ਦਾ ਕੀਰਤਨ





ਸੈਕਰਾਮੈਂਟੋ, ਕੈਲੀਫੋਰਨੀਆਂ ( ਹੁਸਨ ਲੜੋਆ ਬੰਗਾ): ਐਤਕਾਂ ਵੀ ਹਰ ਵਰ੍ਹੇ ਵਾਂਗ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ, ਸੈਕਰਾਮੈਂਟੋ ਵਲੋਂ ਸ੍ਰੀ ਗੁਰੂ ਰਵਿਦਾਸ ਜੀ 646 ਵੇਂ ਗੁਰਪੁਰਬ ਮੌਕੇ ਨਗਰ ਕੀਰਤਨ ਸਜਾਇਆ ਗਿਆ ਇਸ ਦੌਰਾਨ ਵੱਖ ਵੱਖ ਰਾਗੀ ਤੇ ਕਵੀਸ਼ਰ ਤੇ ਕਥਾਕਾਰਾਂ ਵਲੋਂ ਗੁਰੂ ਸਹਿਬਾਨਾਂ ਦੀ ਬਾਣੀ ਦਾ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਐਤਕਾਂ ਭਾਰੀ ਮੀਂਹ ਦੇ ਬਾਵਜੂਦ ਸੰਗਤਾ ਨੇ ਹਾਜਰੀ ਜਰੂਰ ਭਰੀ ਪਰ ਸੰਗਤਾਂ ਦਾ ਇਕੱਠ ਪਿਛਲੇ ਸਾਲ ਨਾਲੋਂ ਘੱਟ ਦਿਖਾਈ ਦਿੱਤਾ। ਪੰਜਾਂ ਪਿਆਰਿਆਂ ਦੀ ਰਹਿਨੁਮਾਈ ਹੇਠ ਕੱਢੇ ਹਏ ਨਗਰ ਕੀਰਤਨ ਦਾ ਰੂਟ ਵੀ ਪਹਿਲਾਂ ਵਾਲਾ ਹੀ ਰੱਖਿਆ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਾਲੇ ਫਲੋਟ ਨੂੰ ਮੀਂਹ ਦੇ ਬਾਵਜੂਦ ਫੁੱਲਾਂ ਨਾਲ ਸਜਾਇਆ ਗਿਆ । ਸਵੇਰ ਤੇ ਸ਼ਾਮਾਂ ਦੇ ਦਿਵਾਨਾਂ ਚ ਵੱਖ ਰਾਗੀਆਂ ਜਿਨਾਂ ਚ ਭਾਈ ਸਰਬਜੀਤ ਸਿੰਘ ਰੰਗੀਲਾ, ਭਾਈ ਓਂਕਾਰ ਸਿੰਘ ਊਨੇ ਵਾਲੇ, ਭਾਈ ਰਜਿੰਦਰ ਸਿੰਘ ਰਾਜਾ, ਭਾਈ ਅਮ੍ਰਿਤਪਾਲ ਸਿੰਘ, ਭਾਈ ਜਗਜੀਤ ਸਿੰਘ ਯੋਗੀ ਤੇ ਗੁਰੂ ਘਰ ਦੇ ਹਜੂਰੀ ਰਾਗੀਆਂ ਵਲੋਂ ਮਨੋਹਰ ਕੀਰਤਨ ਕੀਤਾ ਗਿਆ। ਨਗਰ ਕੀਰਤਨ ਵਾਲੇ ਦਿਵਾਨਾਂ ਚ ਵੱਖ ਦਾਨੀਆਂ ਤੇ ਸੇਵਾਦਾਰਾਂ ਨੂੰ ਪ੍ਰਬੰਧਕਾਂ ਵਲੋ ਪਲੈਕਾਂ ਤੇ ਸਿਰੋਪਾਓ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸੰਗਤਾਂ ਨੇ ਵੱਖ ਵੱਖ ਦੁਕਾਨਾਂ ਤੋਂ ਖਰੀਦੋ ਫਰੋਖਤ ਵੀ ਕੀਤੀ ਤੇ ਸੇਵਾਦਾਰਾਂ ਵਲੋਂ ਵੱਖ ਵੱਖ ਤਰਾਂ ਤਰਾਂ ਦੇ ਲੰਗਰ ਵੀ ਲਗਾਏ ਗਏ । ਇਸ ਮੌਕੇ ਵੱਖ ਦਾਨੀਆਂ ਵਲੋਂ ਗੁਰਦੁ-ਆਰਾ ਸਾਹਿਬ ਦੀ ਬਣ ਰਹੀ ਨਵੀ ਇਮਾਰਤ ਲਈ ਦਾਨ ਵੀ ਕੀਤਾ ਗਿਆ।

# ਕੈਨੇਡੀਅਨ ਪੰਜਾਬੀ ਸਾਹਿਤ ਸਭਾ ਵਲੋਂ ਮਨਾਇਆ ਗਿਆ ਭਗਤ ਸਿੰਘ, ਪਾਸ਼ ਤੇ ਵਿਸ਼ਵ ਔਰਤ ਦਿਵਸ





ਬਰੈਂਪਟਨ/ਡਾ ਝੰਡ, - ਇਥੋਂ ਦੀ ਕੈਨੇਡੀਅਨ ਪੰਜਾਬੀ ਸਾਹਿੱਤ ਸਭਾ ਟੋਰਾਂਟੋ (ਰਜਿ) ਵਲੋਂ ਆਪਣਾ ਮਹੀਨਾਵਾਰ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਵਿੱਚ ਸਾਹਿੱਤ-ਪ੍ਰੇਮੀਆਂ ਵਲੋਂ ਭਰਪੂਰ ਸ਼ਾਮੂਲੀਅਤ ਕੀਤੀ ਗਈ। ਸਮਾਗਮ ਨੂੰ ਦੋ ਭਾਗਾਂ ਵਿੱਚ ਪੇਸ਼ ਕੀਤਾ ਗਿਆ। ਪਹਿਲੇ ਭਾਗ ਵਿੱਚ ਸ਼ਹੀਦੇ ਆਜ਼ਮ ਸ ਭਗਤ ਸਿੰਘ, ਪੰਜਾਬੀ ਕਵੀ ਅਵਤਾਰ ਪਾਸ਼ ਅਤੇ ਵਿਸ਼ਵ ਔਰਤ ਦਿਵਸ ਬਾਰੇ ਵਿਦ-ਵਾਨ ਸੱਜਣਾਂ ਵਲੋਂ ਆਪਣੇ ਵਿਚਾਰ ਰੱਖੇ ਗਏ ਅਤੇ ਦੂਸਰੇ ਭਾਗ ਵਿੱਚ ਕਵੀ ਜਨਾਂ ਵਲੋਂ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ ਗਈਆ। ਇਸ ਮੌਕੇ ਮਹਿਮਾਨਾਂ ਨੂੰ ਜੀ ਆਇਆਂ ਸਭਾ ਦੇ ਚੇਅਰਮੈਨ ਕਰਨ ਅਜਾਇਬ ਸਿੰਘ ਸੰਘਾ ਵਲੋਂ ਕਿਹਾ ਗਿਆ। ਪ੍ਰਧਾਨਗੀ ਮੰਡਲ ਵਿੱਚ ਔਰਤਾਂ ਵਲੋਂ ਨਾਬੀਲਾ, ਨੀਟਾ ਬਲਵਿੰਦਰ, ਕਰਨ ਅਜਾਇਬ ਸਿੰਘ ਸੰਘਾ, ਤਲਵਿੰਦਰ ਮੰਡ ਅਤੇ ਪਰਮਜੀਤ ਗਿੱਲ ਸ਼ਾਮਲ ਸਨ। ਸਮਾਗਮ ਦੇ ਅੰਤ ਉਪਰ ਸਭਾ ਦੇ ਸਰਪ੍ਰਸਤ ਬਲਰਾਜ ਚੀਮਾ ਵਲੋਂ ਸਾਰਿਆਂ ਦਾ ਧੰਨਵਾਦ ਕੀਤਾ ਗਿਆ। ਪਹਿਲੇ ਭਾਗ ਵਿੱਚ ਸਟੇਜ ਦੀ ਜਿੰਮੇਵਾਰੀ ਮਲੂਕ ਸਿੰਘ ਕਾਹਲੋਂ ਵਲੋਂ ਅਤੇ ਦੂਸਰੇ ਭਾਗ ਦੀ ਸੇਵਾ ਪਰਮਜੀਤ ਢਿੱਲੋਂ ਵਲੋਂ ਬਾ-ਖੂਬੀ ਨਿਭਾਈ ਗਈ।

ਸ ਭਗਤ ਸਿੰਘ ਤੇ ਉਨ੍ਹਾਂ ਦੇ ਆਥੀਆਂ ਬਾਰੇ ਬੋਲਦਿਆਂ ਪਰਮਜੀਤ ਸਿੰਘ ਗਿੱਲ ਨੇ ਕਿਹਾ ਕਿ ਸ਼ਹੀਦੇ ਆਜ਼ਮ ਵਲੋਂ ਅਜ਼ਾਦੀ ਲਈ ਪੈਦਾ ਕੀਤੇ ਗਏ ਜ਼ਜਬੇ ਨੂੰ ਅੱਜ ਵੀ ਹਿੰਦੋਸਤਾਨੀ ਅਤੇ ਖਾਸ ਕਰਕੇ ਨੌਜਵਾਨ ਵਰਗ ਵਲੋਂ ਯਾਦ ਕੀਤਾ ਜਾਂਦਾ ਹੈ। ਮਰਹੂਮ ਕਵੀ ਅਵਤਾਰ ਪਾਸ਼ ਬਾਰੇ ਗੱਲ ਕਰਦਿਆਂ ਤਲਵਿੰਦਰ ਸਿੰਘ ਮੰਡ ਵਲੋਂ ਉਸ ਦੀ ਕਵਿਤਾ ਅੰਦਰ ਪੇਸ਼ ਕਿਰਸਾਨੀ ਸਭਿਆਚਾਰ ਅਤੇ ਕਿਰਤੀ ਵਰਗ ਲਈ ਪਾਸ਼ ਦੇ ਦਰਦ ਨੂੰ ਉਜਾਗਰ ਕੀਤਾ ਗਿਆ। ਉਨ੍ਹਾਂ ਕਿਹਾ ਕਿ ਪੰਜਾਬੀ ਵਿੱਚ ਪਹਿਲੀ ਵਾਰੀ ਉਨ੍ਹਾਂ ਸ਼ਬਦਾਂ ਨੂੰ ਸਾਰਥਕ ਬਣਾ ਕੇ ਪੇਸ਼ ਕੀਤਾ ਗਿਆ ਹੈ ਜਿਨ੍ਹਾਂ ਨੂੰ ਉਚਾਰਣ ਵੇਲੇ ਲੋਕ ਇਨ੍ਹਾਂ ਨੂੰ ਗਵਾਰਾਂ ਦੀ ਭਾਸ਼ਾ ਕਹਿੰਦੇ ਸਨ। ਔਰਤਾਂ ਪ੍ਰਤੀ ਪਾਕਿਸਤਾਨ ਤੋਂ ਆਈ ਮਹਿਮਾਨ ਨਾਬੀਲਾ ਵਲੋਂ ਆਪਣੀ ਕਵਿਤਾ ਰਾਹੀਂ ਔਰਤਾਂ ਦੀ ਅਜੋਕੀ ਸਥਿਤੀ ਬਾਰੇ ਆਪਣੇ ਵਿਚਾਰ ਪੇਸ਼ ਕੀਤੇ ਗਏ। ਇਸ ਮੌਕੇ ਨੀਟਾ ਬਲਵਿੰਦਰ ਵਲੋਂ ਵੀ ਔਰਤਾਂ ਨਾਲ ਸੰਸਾਰ ਪੱਧਰ ਤੇ ਹੋ ਰਹੀਆਂ ਵਧੀਕੀਆਂ ਦੀ ਗੱਲ ਕੀਤੀ ਗਈ। ਭਗਤ ਸਿੰਘ ਦੇ ਕਰੀਬੀ ਰਿਸ਼ਤੇਦਾਰ ਅੰਮ੍ਰਿਤ ਢਿੱਲੋਂ ਵਲੋਂ ਸ਼ਹੀਦ ਦੇ ਪਰਿਵਾਰ ਨਾਲ ਜੁੜੀਆਂ ਕਹਾਣੀਆਂ ਸੁਣਾ ਕੇ ਸਰੋਤਿਆਂ ਨੂੰ ਇਨ੍ਹਾਂ ਤੋਂ ਜਾਣੂ ਕਰਵਾਇਆ। ਟਿੱਪਣੀਕਾਰਾਂ ਵਿੱਚ ਡਾ ਜਗਮੋਹਣ ਸੰਘਾ ਅਤੇ ਹਰਜਸਪ੍ਰੀਤ ਗਿੱਲ ਵਲੋਂ ਵੀ ਆਪਣੀ ਗੱਲ ਕਹੀ ਗਈ।

ਦੂਸਰੇ ਭਾਗ ਕਵੀ ਦਰਬਾਰ ਦੌਰਾਨ ਆਏ ਕਵੀਆਂ ਵਲੋਂ ਆਪਣੀਆਂ ਰਚਨਾਵਾਂ ਸੁਣਾ ਕੇ ਸਮਾਗਮ ਦਾ ਰੰਗ ਬਨ੍ਹਿਆ ਗਿਆ। ਰਚਨਾਵਾਂ ਸੁਣਾਉਣ ਵਾਲਿਆਂ ਮਖਸੂਦ ਚੌਧਰੀ, ਹਰਮੇਸ਼ ਜੀਂਦੋਵਾਲ, ਡਾ ਪਰਗਟ ਸਿੰਘ ਬੱਗਾ, ਹਰਜਿੰਦਰ ਸਿੰਘ ਭਸੀਨ, ਤਾਹੀਰਾ ਮਸੂਦ, ਗੁਰਦੇਵ ਸਿੰਘ ਰੱਖੜਾ, ਹਿਮਾਇਤ ਹੁਸੈਨ ਮਸੂਦ, ਪਰਮਜੀਤ ਢਿੱਲੋਂ,ਗਿਆਨ ਸਿੰਘ ਦਰਦੀ,ਬ੍ਰਹਮਜੀਤ ਸਿੰਘ ਤਬਲਾਵਾਦਕ, ਜੱਸੀ ਭੁੱਲਰ,ਗੁਰ-ਦੇਵ ਚੁਹਾਨ, ਦਰਸ਼ਨ ਸਿੰਘ ਗਰੇਵਾਲ,ਪ੍ਰੋ ਜਗੀਰ ਸਿੰਘ ਕਾਹਲੋਂ, ਪੰਜਾਬ ਸਿੰਘ ਕਾਹਲੋਂ, ਜਸਪਾਲ ਸਿੰਘ ਦਸੋਵੀ, ਆਦਿ ਹਾਜ਼ਰ ਸਨ। ਇੱਕਬਾਲ ਬਰਾੜ ਹੁਰਾਂ ਵਲੋਂ ਖੂਬਸੂਰਤ ਗੀਤ ਪੇਸ਼ ਕੀਤਾ ਗਿਆ।

ਇਸ ਮੌਕੇ ਸਰੋਤਿਆਂ ਵਿੱਚ ਪੁਸ਼ਪਿੰਦਰ ਕੌਰ, ਦਵਿੰਦਰ ਕੌਰ ਸੰਘਾ, ਹਰਿੰਦਰ ਹੁੰਦਲ,ਲਖਵੀਰ ਸਿੰਘ, ਗੁਰਪ੍ਰੀਤ ਸਿੰਘ, ਹੀਰਾ ਸਿੰਘ ਹੰਸਪਾਲ, ਸਿੰਗਾਰ ਸਿੰਘ ਢਿੱਲੋਂ,ਹਰਜੀਤ ਸਿੰਘ, ਸਰਬਜੀਤ ਕੌਰ ਕਾਹਲੋਂ, ਹੁੰਨਰ ਕਾਹਲੋਂ, ਰਸ਼ਪਾਲ ਸਿੰਘ ਸਹੋਤਾ ਆਦਿ ਮੌਜੂਦ ਸਨ।

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਐ



Super Visa

- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also

Sponsor Your Family

MacroGlobal Immigration Services Ltd.

Seema Bhayana



ICCRC

Ph: 905 452 0000, 905 452 9999

180 Wilkinson Road, Unit 18 Brampton, ON L6T 4M3

Fax: 905 452 9996 Email: macroglobal@rogers.com

www.macroimmigration.com

NEED A LAWYER ??

KAUR LAW OFFICE

Red Seal NOTARY



MANJEET KAUR

LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099

Fax: 905-454-2234

2575 Steeles Ave. E., Unit 1,Brampton, ON L6T 5T1

# ਪੰਜਾਬ ਦੀ ਮੌਜੂਦਾ ਸਰਕਾਰ ਦਾ ਇੱਕ ਸਾਲ ਤੇ ਅੱਗੇ ਆ ਰਹੀਆਂ ਲੋਕ ਸਭਾ ਚੋਣਾਂ

ਜਤਿੰਦਰ ਪਨੂੰ ਦੀ ਕਲਮ ਤੋਂ



ਪੰਜਾਬ ਵਿੱਚ ਨਵੀਂ ਰਾਜਸੀ ਪਹੁੰਚਅਤੇ ਨਵੀਂ ਦਿੱਖ ਵਾਲੀ ਆਮ ਆਦਮੀ ਪਾਰਟੀ ਦੀਬੀਤੇ ਸਾਲ ਬਣੀ ਸਰਕਾਰ ਇਸ ਮਾਰਚ ਦੇ ਅੱਧ ਤੱਕ ਆਪਣਾ ਇੱਕ ਸਾਲ ਪੂਰਾ ਕਰ ਚੁੱਕੀ ਹੈ। ਹਰ ਹੋਰ ਸਰਕਾਰ ਵਾਂਗ ਇਸ ਦੇ ਪਹਿਲੇ ਸਾਲ ਦਾ ਲੇਖਾ-ਜੋਖਾ ਸਰਕਾਰ ਚਲਾਉਣ ਵਾਲਿਆਂ ਨੇ, ਮੁੱਖ ਮੰਤਰੀ ਭਗਵੰਤ ਮਾਨ ਤੇ ਉਸ ਦੇ ਮੰਤਰੀਆਂ ਨੇ ਪੇਸ਼ ਕੀਤਾ ਤੇ ਕਿਹਾ ਹੈ ਕਿ ਬਹੁਤ ਸਾਰਾ ਕੰਮ ਕਰ ਦਿੱਤਾ ਹੈ। ਵਿਰੋਧੀ ਧਿਰਾਂ ਨੇ ਇਹ ਕਹਿਣਨੂੰ ਦੇਰ ਨਹੀਂਕੀਤੀ ਕਿ ਸਰਕਾਰ ਨੇ ਕੀਤਾਕੱਖ ਵੀ ਨਹੀਂ, ਨਿਰੇ ਐਲਾਨ ਕੀਤੇ ਹਨ। ਭਾਰਤ ਦਾ ਸੰਵਿਧਾਨ ਦੋਵਾਂ ਧਿਰਾਂ ਨੂੰ ਆਪੋ-ਆਪਣੀ ਗੱਲ ਕਹਿਣ ਦਾ ਹੱਕਦੇਂਦਾ ਹੈ, ਸਗੋਂ ਸੰਵਿਧਾਨ ਤਾਂ ਹਰ ਕਿਸਮ ਦੇ ਆਧਾਰਹੀਣ ਦਾਅਵੇ ਕਰਨ ਅਤੇ ਆਧਾਰਹੀਣ ਦੋਸ਼ ਲਾਉਣਵਾਸਤੇ ਵੀ ਪੂਰਾ ਹੱਕ ਦੇਂਦਾ ਹੈ। ਪੰਜਾਬ ਦੇ ਰਾਜ ਬਾਰੇ ਇਸ ਤਰ੍ਹਾਂ ਦੇ ਦੋਵੇਂ ਰੰਗ ਵੇਖਣ ਅਤੇ ਸੁਣਨ ਨੂੰ ਮਿਲਦੇ ਪਏ ਹਨ, ਜਿਨ੍ਹਾਂ ਵਿੱਚੋਂ ਅਸਲੀ ਰੰਗ ਨੂੰ ਛਾਂਟਣਾ ਅਤੇ ਉਸ ਨੂੰ ਮੰਨਣਾ ਜਾਂ ਨਾ ਮੰਨਣਾ ਇਸ ਰਾਜ ਦੇ ਆਮ ਲੋਕਾਂ ਦੀ ਮਰਜ਼ੀ ਹੈ।

ਹਕੀਕਤ ਇਹ ਹੈ ਕਿ ਜੋ ਕੁਝ ਚੋਣਾਂ ਦੌਰਾਨ ਕਿਹਾ ਜਾਂਦਾ ਹੈ, ਕੋਈ ਵੀ ਸਰਕਾਰ ਉਹ ਸਾਰਾ ਕੁਝ ਕਰ ਸਕਣਦੇ ਯੋਗ ਕਦੀ ਹੋ ਹੀ ਨਹੀਂ ਸਕਦੀ ਤੇ ਇਸ ਗੱਲ ਦਾ ਦਾਅਵਾ ਕਰਨ ਵਾਲਿਆਂ ਨੂੰ ਵੀ ਪਤਾ ਹੁੰਦਾ ਹੈ। ਭਾਰਤੀ ਲੋਕਅੱਜ ਤੋਂ ਅੱਧੀ ਸਦੀ ਪਹਿਲਾਂ ਇੰਦਰਾ ਗਾਂਧੀ ਦੇ ਮੂੰਹੋਂ ਇਹ ਸੁਣ ਕੇ ਵੀ ਬਾਗੋ-ਬਾਗ ਹੋਏ ਸਨ ਕਿ ਗਰੀਬੀ ਦੇਸ਼ ਵਿੱਚੋਂ ਖਤਮ ਕਰ ਦੇਣੀ ਹੈ, ਪਰ ਉਸ ਨੇ ਗਰੀਬੀ ਹਟਾਉਣ ਵੱਲ ਮੂੰਹ ਹੀ ਨਹੀਂ ਸੀ ਕੀਤਾ। ਇਸ ਦਾਅਵੇ ਦੇ ਝੂਠਾ ਹੋਣਾ ਸਾਬਤ ਹੋਣ ਪਿੱਛੋਂ ਵੀ ਇੱਕ ਵਾਰੀ ਹਰਾਈ ਹੋਈ ਇੰਦਰਾ ਗਾਂਧੀ ਨੂੰ ਲੋਕਾਂ ਨੇ ਢਾਈ ਸਾਲ ਬਾਅਦ ਫਿਰ ਦੇਸ਼ ਦੀ ਸਰਕਾਰ ਬਣਾਉਣ ਲਈ ਵੋਟਾਂ ਪਾ ਦਿੱਤੀਆਂ ਸਨ।ਜਦੋਂ ਨੌਂ ਸਾਲ ਪਹਿਲਾਂ ਭਾਰਤੀ ਜਨਤਾ ਪਾਰਟੀ ਨੇ ਗੁਜਰਾਤ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਨੂੰ ਪ੍ਰਧਾਨ ਮੰਤਰੀ ਬਣਨ ਵਾਸਤੇ ਉਮੀਦਵਾਰ ਬਣਾਇਆ ਸੀ, ਉਸ ਨੇ ਹਰ ਨਾਗਰਿਕ ਦੇ ਬੈਂਕ ਖਾਤੇ ਵਿੱਚ ਤਿੰਨ-ਤਿੰਨ ਲੱਖ ਅਤੇ ਪੰਜ ਜੀਆਂ ਦੇ ਹਰ ਪਰਵਾਰ ਦੇ ਖਾਤੇ ਵਿੱਚ ਪੰਦਰਾਂ ਲੱਖ ਰੁਪਏ ਪਾਉਣ ਦਾ ਵਾਅਦਾ ਕੀਤਾ ਸੀ। ਬਾਅਦ ਵਿੱਚ ਉਹ ਖੁਦ ਮੂੰਹੋਂ ਨਹੀਂ ਸੀ ਬੋਲਿਆ, ਉਸ ਦੀ ਪਾਰਟੀ ਦੇ ਪ੍ਰਧਾਨ ਅਮਿਤ ਸ਼ਾਹ ਨੇ ਖੁੱਲ੍ਹ ਕੇ ਕਹਿ ਦਿੱਤਾ ਸੀ, 'ਵੋ ਏਕ ਚੁਨਾਵ ਜੁਮਲਾ ਥਾ, ਪੈਸੇ ਇਸ ਤਰਹ ਨਹੀਂ ਮਿਲਾ ਕਰਤੇ।' ਇਸ ਦੇ ਬਾਵਜੂਦ ਭਾਰਤ ਦੇ ਲੋਕਾਂ ਨੇ ਓਸੇ ਪ੍ਰਧਾਨ ਮੰਤਰੀ ਤੇ ਉਸ ਦੀ ਪਾਰਟੀ ਭਾਜਪਾ ਨੂੰ ਇੱਕ ਵਾਰ ਹੋਰ ਰਾਜ ਕਰਨ ਦਾ ਨਾ ਸਿਰਫ ਮੌਕਾ ਦਿੱਤਾ, ਸਗੋਂ ਹੋਰ ਵੱਧ ਵੋਟਾਂ ਅਤੇ ਸੀਟਾਂ ਨਾਲ ਉਸ ਦੀ ਤਾਕਤ ਪਹਿਲਾਂ ਤੋਂ ਮਜ਼ਬੂਤ ਕਰ ਦਿੱਤੀ ਸੀ। ਜਿਸ ਦੇਸ਼ ਵਿੱਚ ਏਨੇ ਫੋਕੇ ਦਾਅਵੇ ਕਰਨ ਪਿੱਛੋਂ ਬਹੁਤ ਆਰਾਮ ਨਾਲ ਇਨ੍ਹਾਂ ਉੱਤੇ ਕਾਟਾ ਮਾਰ ਦੇਣ ਦੇ ਬਾਅਦ ਵੀ ਵੋਟਾਂ ਅਤੇ ਸੀਟਾਂ ਵਧ ਸਕਦੀਆਂ ਹਨ, ਓਥੇ ਕੀਤੇ ਗਏ ਕੰਮਾਂ ਜਾਂ ਰਹਿ ਗਏ ਐਲਾਨਾਂ ਦੀਆਂ ਲਿਸਟਾਂ ਪੜ੍ਹਨਾ ਅਤੇ ਨੁਕਸ ਜਾਂ ਪ੍ਰਾਪਤੀਆਂ ਗਿਣਾਉਣਾ ਫਾਲਤੂ ਹੋ ਜਾਂਦਾ ਹੈ।

ਫਿਰ ਵੀ ਜਦੋਂ ਅਸੀਂ ਪੰਜਾਬ ਦੇ ਲੋਕਾਂ ਵੱਲੋਂ ਚੁਣੀ ਨਵੀਂ ਸਰਕਾਰ ਅਤੇ ਆਪਣੇ ਆਪ ਨੂੰ ਵੱਖਰੀ ਕਹਿਣ ਵਾਲੀ ਪਾਰਟੀ ਦੇ ਇੱਕ ਸਾਲਾ ਰਾਜ ਉੱਤੇ ਝਾਤੀ ਮਾਰਦੇ ਹਾਂ ਤਾਂ ਸਾਡਾਮਕਸਦ ਆਮ ਆਦਮੀ ਦੇ ਪੱਖ ਤੋਂ ਕਿਸੇ ਸਰਕਾਰ ਬਾਰੇ ਪੱਤਰਕਾਰੀ ਫਰਜ਼ ਮੁਤਾਬਕ ਤੋਲ-ਤੁਲਾਵਾ ਕਰਨਾ ਹੁੰਦਾ ਹੈ। ਪੰਜਾਬ ਦੀ ਭਗਵੰਤ ਮਾਨ ਸਰਕਾਰ ਨੇ ਇੱਕ ਸਾਲ ਦੌਰਾਨ ਜਿਹੜੇ ਕੰਮ ਕੀਤੇ ਦੱਸੇ ਹਨ, ਉਨ੍ਹਾਂ ਵਿੱਚੋਂ ਬਿਜਲੀ ਦੇ ਬਿੱਲਾਂ ਦੀ ਮੁਆਫੀ ਬਹੁਤ ਵੱਡਾ ਦਾਅਵਾ ਹੈ ਤੇ ਸਰਕਾਰ ਨੇ ਉਹ ਕੰਮ ਸਚਮੁੱਚ ਕੀਤਾ ਹੈ। ਕਿਸਾਨਾਂ ਨੂੰ ਪਿਛਲੀਆਂ ਸਰਕਾਰਾਂ ਦੇ ਰਾਜ ਵੇਲੇ ਦੇ ਗੰਨੇ ਵਾਲੇ ਜਾਂ ਹੋਰ-ਬਕਾਏ ਦੇ ਦਿੱਤੇ ਹਨ ਅਤੇ ਅੱਗੋਂ ਲਈ ਗੰਨੇ ਦਾ ਭਾਅ ਭਾਰਤ ਵਿੱਚ ਸਭ ਤੋਂ ਵੱਧ ਐਲਾਨ ਕਰ ਦਿੱਤਾ ਹੈ। ਮੂੰਗੀ ਬੀਜ ਕੇ ਕਣਕ-ਝੋਨੇ ਦੇ ਗੇੜ ਵਿੱਚੋਂ ਨਿਕਲਣ ਦੀ ਪਹਿਲ ਕਰਨ ਵਾਲੇ ਕਿਸਾਨਾਂ ਲਈ ਐਲਾਨ ਕੀਤੀ ਗਈ ਘੱਟੋ-ਘੱਟ ਖਰੀਦ ਕੀਮਤ ਦਾ ਫਰਕ ਜਿੰਨਾ ਬਣਦਾ ਸੀ, ਉਹ ਪੈਸੇ ਕਿਸਾਨਾਂ ਨੂੰ ਦੇਣ ਦੀ ਗੱਲ ਵੀ ਠੀਕ ਜਾਪਦੀ ਹੈ। ਕੱਦੂ ਕਰਨ ਬਗੈਰ ਝੋਨਾ ਬੀਜਣ ਵਾਲਿਆਂ ਨੂੰ ਜਿੰਨੀ ਮਦਦ ਦੇਣੀ ਕੀਤੀ ਸੀ, ਉਹ ਵੀ ਦਿੱਤੀ ਜਾਪਦੀ ਹੈ ਅਤੇ ਏਦਾਂ ਦੇ ਕਈ ਹੋਰ ਕੰਮ ਕੀਤੇ ਹੋਣ ਦਾ ਦਾਅਵਾ ਵੀ ਇਹ ਸਰਕਾਰ ਕਰ ਸਕਦੀ ਹੈ। ਵਿਰੋਧੀ ਧਿਰ ਇਨ੍ਹਾਂ ਦਾਅਵਿਆਂ ਦੇ ਉਲਟ ਇਹ ਸਵਾਲ ਕਰਦੀ ਹੈ ਕਿ ਹਰ ਔਰਤ ਨੂੰ ਇੱਕ-ਇੱਕ ਹਜ਼ਾਰ ਰੁਪਏ ਹਰ ਮਹੀਨੇ ਦੇਣ ਦਾ ਵਾਅਦਾ ਹਾਲੇ ਤੱਕ ਪੂਰਾ ਕਿਉਂ ਨਹੀਂ ਕੀਤਾ! ਸਵਾਲ ਸਿਰ ਚੁੱਕ ਰਹੇ ਹੋਣ ਤਾਂ ਸਰਕਾਰ ਦੀਆਂ ਮਜਬੂਰੀਆਂ ਜੋ ਵੀ ਹੋਣ, ਲੋਕ ਉਨ੍ਹਾਂ ਲਈਦਿੱਤੀ ਹੋਈ ਗਾਰੰਟੀ ਉੱਤੇ ਅਮਲ ਲਈ ਜ਼ੋਰ ਪਾਉਣਗੇ ਹੀ।

ਦੂਸਰਾ ਪੱਖ ਇਸ ਸਰਕਾਰ ਦੇ ਖਜ਼ਾਨੇ ਦੀ ਹਾਲਤ ਦਾ ਹੈ, ਜਿਸ ਵਿੱਚ ਵਿਗਾੜ ਦੀ ਪ੍ਰਕਿਰਿਆ ਅੱਧੀ ਸਦੀ ਤੋਂ ਵੀ ਵੱਧ ਸਮੇਂ ਤੋਂ ਚੱਲਦੀ ਆਈ ਹੈ, ਪਰ ਇਸ ਦੇ ਸੁਧਾਰ ਦੀ ਕੋਸ਼ਿਸ਼ ਕਦੀ ਕਿਸੇ ਨੇ ਨਹੀਂ ਕੀਤੀ। ਮੌਜੂਦਾ ਸਰਕਾਰ ਬੇਸ਼ੱਕ ਕੁਝ ਵੀ ਕਹਿੰਦੀ ਹੋਵੇ, ਹਾਲਤ ਅਜੇ ਤੱਕ ਚੰਗੀ ਨਹੀਂ, ਕਿਉਂਕਿ ਪਿਛਲਿਆਂ ਵੱਲੋਂ ਸਿਰ ਚੜ੍ਹਾਏ ਕਰਜ਼ੇ ਦੀਆਂ ਕਿਸ਼ਤਾਂ ਦੇਣ ਦਾ ਬੋਝ ਹੀ ਸਾਹ ਨਹੀਂ ਲੈਣ ਦੇਂਦਾ। ਉਲਟਾ ਇਹ ਹੈ ਕਿ ਅਕਾਲੀ-ਭਾਜਪਾ ਸਰਕਾਰਆਪਣੇ ਅੰਤਲੇ ਸਾਲ ਜਿਹੜੇ ਉਨੱਤੀ ਹਜ਼ਾਰ ਕਰੋੜ ਰੁਪਏ ਕੇਂਦਰ ਸਰਕਾਰ ਤੋਂ ਕੈਸ਼ ਕਰੈਡਿਟ ਲਿਮਿਟ ਬਣਵਾ ਕੇ ਫਿਰ ਉਨ੍ਹਾਂ ਨੂੰ ਕਰਜ਼ੇ ਵਿੱਚ ਬਦਲ ਕੇ ਪਤਾ ਨਹੀਂ ਕਿਸ ਪਾਸੇ ਖੁਰਦ-ਬੁਰਦ ਕਰ ਗਈ ਸੀ, ਉਹ ਰੇੜਕਾ ਵੀ ਮੌਜੂਦਾ ਸਰਕਾਰ ਨੂੰ ਸਮੇਟਣਾ ਪਿਆ ਹੈ। ਇਸ ਤੋਂ ਪਿਛਲੀ ਕਾਂਗਰਸੀ ਸਰਕਾਰ ਨੇ ਆਪਣੇ ਪਹਿਲੇ ਸਾਲ ਦੇ ਬੱਜਟ ਮੌਕੇ ਕਿਹਾ ਸੀ ਕਿ ਅਕਾਲੀ-ਭਾਜਪਾ ਸਰਕਾਰ ਵੇਲੇ ਜਿਨ੍ਹਾਂ ਨੇ ਇਹ ਗਬਨ ਕੀਤਾ-ਕਰਾਇਆ ਸੀ, ਉਨ੍ਹਾਂ ਨੂੰ ਘੇਰਿਆ ਜਾਵੇਗਾ, ਪਰ ਬਾਅਦ ਵਿੱਚ ਦੁਵੱਲੇ ਸਮਝੌਤੇ ਕਰਨ ਦਾ ਰਾਹ ਫੜ ਕੇ ਗੱਲ ਆਈ-ਗਈ ਕਰ ਦਿੱਤੀ ਸੀ। ਨਵੀਂ ਸਰਕਾਰ ਨੂੰ ਜਦੋਂ ਕੇਂਦਰ ਸਰਕਾਰ ਨੇ ਅਗਲੇ ਕੰਮਾਂਵਾਸਤੇ ਕੈਸ਼ ਕਰੈਡਿਟ ਲਿਮਟ ਦੇਣ ਤੋਂ ਪਹਿਲਾਂ ਛੇ ਸਾਲ ਪੁਰਾਣਾ ਉਹ ਮੁੱਦਾ ਨਿਬੇੜਨ ਨੂੰ ਮਜਬੂਰ ਕੀਤਾ, ਜਿਹੜਾ ਅਮਰਿੰਦਰ ਸਿੰਘ ਦੀ ਸਰਕਾਰ ਦੌਰਾਨ ਫਾਈਲ ਹੇਠ ਦੱਬਿਆ ਰਿਹਾ ਸੀ ਤਾਂ ਉਸ ਮਜਬੂਰੀ ਦਾ ਕੌੜਾ ਘੁੱਟ ਵੀ ਇਸ ਸਰਕਾਰ ਨੂੰ ਭਰਨਾ ਪੈ ਜਾਣ ਕਾਰਨ ਇਸ ਦੀ ਹਾਲਤ ਏਡੀ ਛੇਤੀ ਸੁਧਰ ਹੀ ਨਹੀਂ ਸਕਦੀ। ਰੇਤ ਦੀਆਂ ਖੱਡਾਂ ਅਤੇ ਹੋਰ ਚਿਰਾਂ ਤੋਂ ਚੱਲੇਆਉਂਦੇ ਚੋਰ-ਮਘੋਰਿਆਂ ਦਾ ਸ਼ਿਕਾਰ ਹੋਏ ਖੇਤਰ ਨੂੰ ਜਦੋਂ ਇਸ ਸਰਕਾਰ ਨੇ ਸੰਭਾਲਣਾ ਚਾਹਿਆ ਤਾਂ ਉਸ ਦੇ ਵਿਰੁੱਧ ਅਦਾਲਤੀ ਸਟੇਅ ਆਰਡਰਾਂ ਅਤੇ ਕੇਂਦਰ ਸਰਕਾਰ ਜਾਂ ਸਿਆਸੀ ਧਿਰਾਂ ਦੇ ਅੜਿੱਕਿਆਂ ਨੇ ਸਰਕਾਰ ਦੀ ਪੇਸ਼ ਨਹੀਂ ਜਾਣ ਦਿੱਤੀ ਅਤੇ ਆਮਦਨ ਦੇ ਸਰੋਤ ਇੱਕ ਤਰ੍ਹਾਂ ਜਾਮ ਜਿਹੇ ਹੋਏ ਰਹੇ ਹਨ, ਪਰ ਹੌਲੀ-ਹੌਲੀ ਲੀਹੇ ਪੈਣ ਲੱਗੇ ਜਾਪਦੇ ਹਨ। ਅਗਲੇ ਸਾਲ ਵਿੱਚ ਸਰਕਾਰ ਕੁਝ ਕਰ ਕੇ ਵਿਖਾ ਸਕੇਗੀ ਕਿ ਨਹੀਂ, ਹਾਲ ਦੀ ਘੜੀ ਕੁਝ ਕਹਿਣਾ ਔਖਾ ਲੱਗਦਾ ਹੈ।

ਪੰਜਾਬ ਵਿੱਚ ਪਿਛਲੇ ਸੋਲਾਂ ਸਾਲਾਂ ਤੋਂ ਨਵੇਂ ਮੁਲਾਜ਼ਮਾਂ ਦੀ ਭਰਤੀ ਵਾਲਾ ਕੰਮ ਲਗਭਗ ਠੱਪ ਵਾਂਗਹੀ ਸੀ, ਕਦੇ-ਕਦਾਈਂ ਥੋੜ੍ਹੇ-ਬਹੁਤ ਮੁਲਾਜ਼ਮ ਭਰਤੀ ਕਰ ਕੇ ਬਾਕੀ ਕੱਚੇ ਜਾਂ ਠੇਕਾ ਆਧਾਰ ਉੱਤੇ ਕੰਮ ਕਰਨ ਵਾਲੇ ਰੱਖੇ ਜਾਂਦੇ ਸਨ। ਮੌਜੂਦਾ ਸਰਕਾਰ ਨੇ ਉਨ੍ਹਾਂ ਪੁਰਾਣੇ ਕੱਚੇ ਅਤੇ ਠੇਕੇ ਵਾਲੇ ਮੁਲਾਜ਼ਮਾਂ ਨੂੰ ਪੱਕੇ ਕਰਨ ਅਤੇ ਨਵੀਂ ਭਰਤੀ ਸਿਰਫ ਸਰਕਾਰੀ ਨਿਯਮ ਅਨੁਸਾਰ ਕਰਨ ਦਾ ਰਾਹ ਫੜਿਆ ਤਾਂ ਬੁਰੇ ਹਾਲ ਵਿੱਚ ਫਸੇ ਹੋਏ ਖਜ਼ਾਨੇ ਉੱਤੇ ਇਸ ਨਾਲ ਹੋਰ ਵਿੱਤੀ ਮਾਇਕ ਬੋਝ ਵਧਣਾ ਹੈ। ਮਿਸਾਲ ਵਜੋਂ ਪੰਜਾਬ ਪੁਲਸ ਦੇ ਅੱਸੀ ਹਜ਼ਾਰ ਦੇ ਕਰੀਬ ਛੋਟੇ-ਵੱਡੇ ਮੁਲਾਜ਼ਮ ਹੋਣ ਕਾਰਨ ਹਰ ਸਾਲ ਕਰੀਬ ਤਿੰਨ ਹਜ਼ਾਰ ਰਿਟਾਇਰ ਹੁੰਦੇ ਜਾਂ ਕਿਸੇ ਹੋਰ ਕਾਰਨ ਨੌਕਰੀ ਛੱਡ ਜਾਂਦੇ ਹਨ ਅਤੇ ਇਸ ਕਾਰਨ ਖਾਲੀ ਥਾਂਵਾਂ ਨਾਲੋ-ਨਾਲ ਭਰਨ ਦੀ ਲੋੜ ਹੁੰਦੀ ਹੈ। ਅਕਾਲੀ-ਭਾਜਪਾ ਸਰਕਾਰ ਨੇ 2012 ਤੋਂ ਪਿੱਛੋਂ ਪੁਲਸ ਦੀ ਭਰਤੀ ਰੋਕੀ ਰੱਖੀ ਤੇ ਜਦੋਂ ਅਗਲੀ ਚੋਣ ਵਿੱਚ ਇੱਕ ਸਾਲ ਰਹਿ ਗਿਆ ਤਾਂ 2016 ਵਿੱਚ ਅੱਠ ਹਜ਼ਾਰ ਤੋਂ ਵੀ ਘੱਟ ਨਵੀਂ ਭਰਤੀ ਕਰ ਲਈ ਸੀ, ਜਦ ਕਿ ਪੰਜ ਸਾਲਾਂ ਵਿੱਚ ਤਿੰਨ ਹਜ਼ਾਰ ਦੀ ਔਸਤ ਨਾਲ ਪੰਦਰਾਂ ਹਜ਼ਾਰ ਦੇ ਕਰੀਬ ਸੀਟਾਂ ਖਾਲੀ ਹੋ ਚੁੱਕੀਆਂ ਸਨ। ਫਿਰ ਕਾਂਗਰਸ ਸਰਕਾਰ ਦੇ ਰਾਜ ਦੌਰਾਨ ਏਨੀਆਂ ਕੁ ਹੋਰ ਸੀਟਾਂ ਖਾਲੀ ਹੋਣ ਦੇ ਬਾਵਜੂਦ ਅੰਤਲੇ ਸਾਲ ਦੋ ਹਜ਼ਾਰ ਤੋਂ ਵੀ ਘੱਟ ਮੁਲਾਜ਼ਮ, ਸਿਪਾਹੀਆਂ ਤੋਂ ਛੋਟੇ ਅਫਸਰਾਂ ਤੱਕ, ਭਰਤੀ ਕਰ ਕੇ ਡੰਗ ਸਾਰਿਆ ਗਿਆ ਸੀ। ਨਵੀਂ ਸਰਕਾਰ ਨੇ ਏਦਾਂ ਦੀ ਡੰਗ-ਟਪਾਈ ਦੀ ਥਾਂ ਪੱਕੀ ਭਰਤੀ ਕਰਨੀ ਹੈ ਤਾਂ ਪੰਜਾਬ ਦੇ ਖਜ਼ਾਨੇ ਦਾ ਇਸ ਨਾਲ ਵੀਬੋਝ ਵਧਣਾ ਹੈ।

ਅਮਨ-ਕਾਨੂੰਨ ਦੇ ਪੱਖੋਂ ਇਸ ਸਾਰਕ-ਾਰਅੱਗੇ ਬਹੁਤ ਸਾਰੀਆਂ ਚੁਣੌਤੀਆਂ ਹਨ ਅਤੇ ਸਿਰਫ ਇਸ ਸਰਕਾਰ ਲਈ ਨਹੀਂ, ਪਿਛਲੀਆਂ ਸਰਕਾਰਾਂ ਨੂੰ ਵੀ ਇਹੀ ਚੁਣੌਤੀਆਂ ਪੇਸ਼ ਹੁੰਦੀਆਂ ਰਹੀਆਂ ਸਨ। ਜਿਹੜੀਆਂ ਜੇਲ੍ਹਾਂ ਵਿੱਚ ਅੱਧੀ ਸਦੀ ਤੋਂ ਵੱਧ ਸਮੇਂ ਤੋਂ ਬਦ-ਅਮਨੀ ਚੱਲੀ ਆਈ ਹੈ, ਮੌਜੂਦਾ ਸਰਕਾਰ ਆਪਣੇ ਇੱਕ ਸਾਲਾ ਰਾਜ ਵਿੱਚ ਉਨ੍ਹਾਂ ਨੂੰ ਅਪਰਾਧੀਆਂ ਦੇ ਅੱਡੇ ਬਣਨ ਜਾਂ ਨਵੇਂ ਅਪਰਾਧੀ ਪੈਦਾ ਕਰਨ ਦਾ ਟਰੇਨਿੰਗ ਸਕੂਲ ਬਣੇ ਰਹਿਣੋਂ ਰੋਕਣ ਜੋਗੀ ਨਹੀਂ ਹੋ ਸਕੀ। ਕਾਰਨ ਇਹ ਵੀ ਹੈ ਕਿ ਪੰਜਾਬ ਦੀ ਸਿਵਲ ਤੇ ਪੁਲਸ ਅਫਸਰਸ਼ਾਹੀ ਦਾ ਵੱਡਾ ਹਿੱਸਾ ਇੱਕ ਸਾਲ ਲੰਘਣ ਪਿੱਛੋਂ ਵੀ ਇਸ ਸਰਕਾਰ ਦੀਥਾਂ ਪਹਿਲੀਆਂ ਸਰਕਾਰਾਂ ਵੇਲੇ ਦੀਆਂ ਸਿਆਸੀ ਸਾਂਝਾਂ ਦੀ ਤਾਰਾਂ ਨਾਲ ਬੱਝਾ ਪਿਆ ਹੈ। ਇਸ ਦਾ ਇੱਕ ਵੱਡਾ ਸਬੂਤ ਓਦੋਂ ਮਿਲਿਆ, ਜਦੋਂ ਪੰਜਾਬ ਦੇ ਸਿਵਲ ਅਧਿਕਾਰੀਆਂ, ਪੀ ਸੀ ਐੱਸ ਅਫਸਰਾਂ, ਨੇ ਇੱਕ ਦਿਨ ਹੜਤਾਲ ਕਰਨ ਦਾ ਐਲਾਨ ਕਰ ਦਿੱਤਾ ਅਤੇ ਉਨ੍ਹਾਂ ਦੀ ਹਮਾਇਤ ਵਿੱਚ ਆਈ ਏ ਐੱਸ ਅਫਸਰਾਂ ਨੇ ਵੀ ਖੜੇ ਪੈਰ ਆਪਣੀ ਮੀਟਿੰਗ ਰੱਖ ਲਈ। ਉਸ ਦਿਨ ਪਹਿਲੀ ਵਾਰੀ ਮੌਜੂਦਾ ਸਰਕਾਰ ਨਾ ਸਿਰਫ ਸਰਕਾਰ ਦੇ ਅਸਲੀ ਅਰਥਾਂ ਵਿੱਚ ਸਾਹਮਣੇ ਆਈ ਤੇ ਸਿਵਲ ਅਫਸਰਾਂ ਨੂੰ ਚਾਰ ਘੰਟਿਆਂ ਦੇ ਅੰਦਰ ਕੰਮ ਉੱਤੇ ਮੁੜਨਾ ਪਿਆ ਸੀ, ਸਗੋਂ ਕੇਂਦਰ ਸਰਕਾਰ ਵੀ ਇਸ ਦੇ ਇਸ ਕਦਮ ਤੋਂ ਖੁਸ਼ ਹੋਣ ਦੇ ਚਰਚੇ ਸਨ, ਕਿਉਂਕਿ ਇਹ ਬਿਮਾਰੀ ਦੂਸਰੇ ਰਾਜਾਂ ਵਿੱਚ ਵੀ ਪਹੁੰਚਣ ਦਾ ਡਰ ਸੀ। ਪੰਜਾਬ ਦੇ ਵਿਰੋਧੀ ਧਿਰਾਂ ਦੇ ਕੁਝ ਲੀਡਰ ਇਹ ਗੱਲ ਵੀ ਖੁੱਲ੍ਹੇ ਤੌਰ ਉੱਤੇ ਕਹੀ ਜਾਂਦੇ ਸਨ ਕਿ ਸਰਕਾਰ ਭਗਵੰਤ ਮਾਨ ਦੀ ਹੋਣ ਦੇ ਬਾਵਜੂਦ ਅਫਸਰ ਅਜੇ ਤੱਕ ਸਾਡੇ ਕਹੇ ਮੁਤਾਬਕ ਚੱਲਦੇ ਹਨ। ਇਹ ਕਹਿਣ ਦਾ ਅਰਥ ਅਸਲ ਵਿੱਚ ਇਹੀ ਨਿਕਲਦਾ ਹੈ ਕਿ ਸਰਕਾਰ ਦੇ ਕੰਮ ਵਿੱਚ ਜਿਹੜੇ ਅੜਿੱਕੇ ਪੈ ਰਹੇ ਹਨ, ਉਹ ਇਹ ਵਿਰੋਧੀ ਲੀਡਰ ਹੀ ਕਿਸੇ ਤਰ੍ਹਾਂ ਪਵਾ ਰਹੇ ਹੋ ਸਕਦੇ ਹਨ।

ਅਗਲੇ ਸਾਲ ਲੋਕ ਸਭਾ ਚੋਣਾਂ ਹੋਣ ਵਾਲੀਆਂ ਹਨ। ਪਿਛਲਾ ਤਜਰਬਾ ਇਹ ਹੈ ਕਿ ਪੰਜਾਬ ਦੀ ਹਰ ਸਰਕਾਰ ਸੱਤਾ ਸਾਂਭਣ ਤੋਂ ਦੋ ਸਾਲ ਬਾਅਦ ਹੋਈਆਂ ਲੋਕ ਸਭਾਂ ਚੋਣਾਂ ਵਿੱਚ ਬਹੁਤੀ ਭੱਲ ਨਹੀਂ ਖੱਟ ਸਕੀ। ਅਕਾਲੀ-ਭਾਜਪਾ ਦੀ ਪਹਿਲੀ ਸਾਂਝੀ ਸਰਕਾਰ 1997 ਵਿੱਚ ਬਣੀ ਸੀ ਅਤੇ 1999 ਦੀਆਂ ਚੋਣਾਂ ਦੌਰਾਨ ਅਕਾਲੀ ਦਲ ਦੀਆਂ ਦੋ ਅਤੇ ਭਾਜਪਾ ਦੀਇੱਕ ਸੀਟ ਆਈ ਅਤੇ ਦਸ ਸੀਟਾਂ ਵਿਰੋਧੀ ਲੈ ਗਏ ਸਨ। ਅਗਲੀ ਸਰਕਾਰ ਕੈਪਟਨ ਅਮਰਿੰਦਰ ਸਿੰਘ ਦੀ ਬਣੀ ਤਾਂ ਦੋ ਸਾਲਾਂ ਬਾਅਦ 2004 ਵਿੱਚ ਕਾਂਗਰਸ ਨੂੰ ਸਿਰਫ ਦੋ ਮਿਲੀਆਂ ਅਤੇ ਅਕਾਲੀ-ਭਾਜਪਾ ਗਿਆਰਾਂ ਜਿੱਤਣ ਵਿੱਚ ਕਾਮਯਾਬ ਹੋ ਗਏ ਸਨ। ਅਕਾਲੀ-ਭਾਜਪਾ ਦੀ ਅਗਲੀ ਸਰਕਾਰ ਬਣਨ ਦੇ ਬਾਅਦ 2009 ਵਿੱਚ ਅਕਾਲੀ ਦਲ ਮਸਾਂ ਚਾਰ ਸੀਟਾਂ ਤੇ ਭਾਜਪਾ ਇੱਕ ਸੀਟ ਜਿੱਤ ਸਕੀ ਸੀ ਤੇ ਕਾਂਗਰਸ ਅੱਠ ਸੀਟਾਂ ਜਿੱਤ ਗਈ ਸੀ। ਸਾਲ 2012 ਵਿੱਚ ਲਗਾਤਾਰ ਦੂਸਰੀ ਵਾਰ ਜਿੱਤਣ ਪਿੱਛੋਂ ਚੜ੍ਹਤ ਵਿੱਚ ਆਏ ਅਕਾਲੀ-ਭਾਜਪਾ ਗੱਠਜੋੜ ਨੂੰ ਦੋ ਸਾਲ ਪਿੱਛੋਂ 2014 ਵਿੱਚ ਹੋਈਆਂ ਲੋਕ ਸਭਾ ਚੋਣਾਂ ਵਿੱਚ ਫਿਰ ਸੱਟ ਪਈ ਸੀ। ਕਾਂਗਰਸ ਨੂੰ ਤਿੰਨ ਸੀਟਾਂ ਮਿਲੀਆਂ ਤੇ ਚਾਰ ਸੀਟਾਂ ਨਵੀਂ ਬਣੀ ਆਮ ਆਦਮੀ ਪਾਰਟੀ ਲੈ ਗਈ ਸੀ, ਅਕਾਲੀਆਂ ਨੂੰ ਚਾਰ ਤੇ ਭਾਜਪਾ ਨੂੰ ਦੋ ਸੀਟਾਂ, ਯਾਨੀ ਤੇਰਾਂ ਵਿੱਚੋਂ ਅੱਧ ਤੋਂ ਵੀ ਘੱਟ ਮਿਲੀਆਂ ਸਨ। ਇਹ ਤਜਰਬਾ ਅਗਲੇ ਸਾਲ ਲੋਕ ਸਭਾ ਚੋਣਾਂ ਮੌਕੇ ਵੀ ਦੁਹਰਾਇਆ ਜਾ ਸਕਦਾ ਹੈ। ਲੋਕ ਕਿਸੇ ਦੇ ਖਰੀਦੇ ਹੋਏ ਨਹੀਂ, ਹਰ ਵਾਰ ਆਪਣੇ ਹਿੱਤਾਂ ਨੂੰ ਵੀ ਵੇਖਦੇ ਤੇ ਵੇਲੇ ਦੀ ਰਾਜ ਸਰਕਾਰ ਦੇ ਕੀਤੇ ਕੰਮਾਂ ਜਾਂ ਪੂਰੇ ਕੀਤੇ ਵਾਅਦਿਆਂ ਨੂੰ ਯਾਦ ਰੱਖ ਕੇ ਵੋਟ ਪਾਉਣ ਜਾਂਦੇ ਹਨ। ਸਰਕਾਰ ਚਲਾ ਰਹੀ ਪਾਰਟੀ ਬੇਸ਼ੱਕ ਲੱਖ ਵਾਰੀ ਕਹੀ ਜਾਵੇ ਕਿ ਉਸ ਅੱਗੇ ਮਜਬੂਰੀਆਂ ਬਹੁਤ ਸਨ, ਲੋਕ ਬਹੁਤੀ ਵਾਰੀ ਇਸ ਬਾਰੇ ਸੋਚਣ ਦੇਣ ਦੀ ਬਜਾਏ ਵਿਰੋਧੀ ਧਿਰ ਵੱਲੋਂ ਉਭਾਰੇ ਗਏ ਉਨ੍ਹਾਂ ਮੁੱਦਿਆਂ ਤੋਂ ਵੱਧ ਪ੍ਰਭਾਵਤ ਹੁੰਦੇ ਹਨ, ਜਿਨ੍ਹਾਂ ਵਿੱਚ ਸਰਕਾਰ ਦੀਆਂ ਕਮਜ਼ੋਰੀਆਂ ਗਿਣਾਈਆਂ ਜਾਂਦੀਆਂ ਹਨ। ਇਸ ਵਕਤ ਦੀ ਸਰਕਾਰ ਨੂੰ ਵੀ ਪਿਛਲਾ ਤਜਰਬਾ ਧਿਆਨ ਵਿੱਚ ਰੱਖ ਕੇ ਚੱਲਣਾ ਹੋਵੇਗਾ, ਨਹੀਂ ਤਾਂ ਜਿਹੜੇ ਹਾਲਾਤ ਵਿੱਚੋਂ ਅਕਾਲੀ-ਭਾਜਪਾ ਤੇ ਕਾਂਗਰਸ ਦੀਆਂ ਸਰਕਾਰਾਂ ਨੂੰ ਸੱਤਾ ਸੰਭਾਲਣ ਦੇ ਦੋ ਸਾਲ ਬਾਅਦ ਲੰਘਣਾ ਪੈਂਦਾ ਰਿਹਾ ਹੈ, ਉਨ੍ਹਾਂ ਹਾਲਾਤ ਲਈ ਇਸ ਸਰਕਾਰ ਅਤੇ ਸਰਕਾਰ ਚਲਾ ਰਹੀ ਪਾਰਟੀ ਨੂੰ ਵੀ ਤਿਆਰ ਹੋਣਾ ਪੈ ਸਕਦਾ ਹੈ। ਇਸ ਵਹਿਮ ਵਿੱਚ ਰਹਿਣਾ ਇਸ ਸਰਕਾਰ ਦੇ ਲਈ ਘਾਟੇਵੰਦਾ ਹੋਵੇਗਾ ਕਿ ਉਸ ਦੀ ਹਰ ਗੱਲ ਲੋਕ ਪੂਰੀ ਦੀ ਪੂਰੀ ਮੰਨ ਲੈਂਦੇ ਹਨ। ਪੰਜਾਬੀ ਦਾ ਮੁਹਾਵਰਾ ਹੈ ਕਿ 'ਹਸਾਏ ਦਾ ਨਾਂਅ ਨਹੀਂ ਹੁੰਦਾ, ਰੁਆਏ ਦਾ ਚੇਤਾ ਨਹੀਂ ਭੁੱਲਦਾ ਹੁੰਦਾ'। ਇਹੀ ਮੁਹਾਵਰਾ ਪਿਛਲੇ ਸਮਿਆਂ ਵਿੱਚ ਇਸ ਰਾਜ ਵਿੱਚ ਸਿਆਸੀ ਖੇਤਰ ਵਿੱਚ ਵੀ ਲਾਗੂ ਹੁੰਦਾ ਵੇਖਿਆ ਗਿਆ ਹੈ ਅਤੇ ਜਿਹੜੀ ਵੀ ਸਰਕਾਰ ਆਈ ਸੀ, ਉਸ ਨੇ ਇਸ ਦਾ ਚੇਤਾ ਭੁਲਾ ਕੇ ਬਾਅਦ ਵਿੱਚ ਮਾਰ ਖਾਣ ਵਾਲੇ ਹਾਲਾਤ ਭੁਗਤੇ ਹਨ। ਅੱਗੋਂ ਸਰਕਾਰ ਚਲਾਉਣ ਵਾਲਿਆਂ ਦੀ ਮਰਜ਼ੀ।

ਵਿਸ਼ਵ ਲੂਣ ਜਾਗਰੂਕਤਾ ਹਫ਼ਤਾ 2023

# ਆਪਣੀ ਸਿਹਤ ਨੂੰ ਸੁਧਾਰੋ: ਨਮਕ ਦੀ ਆਦਤ ਨੂੰ ਛੁਡਾ ਕੇ !



ਸੁਰਜੀਤ ਸਿੰਘ ਫਲੋਰਾ

ਇਸ ਸਾਲ, ਵਿਸ਼ਵ ਲੂਣ ਜਾਗਰੂਕਤਾ ਹਫ਼ਤਾ 2023 15 ਤੋਂ 21 ਮਾਰਚ ਤੱਕ ਆਯੋਜਿਤ ਕੀਤਾ ਜਾ ਰਿਹਾ ਹੈ, ਅਤੇ ਇਹ ਸਾਡੇ ਸਾਰਿਆਂ ਲਈ ਆਪਣੀ ਸਿਹਤ ਨੂੰ ਬਿਹਤਰ ਬਣਾਉਣ ਦੇ ਇੱਕ ਸਧਾਰਨ ਪਰ ਪ੍ਰਭਾਵਸ਼ਾਲੀ ਤਰੀਕੇ 'ਤੇ ਧਿਆਨ ਕੇਂਦਰਿਤ ਕਰੇਗਾ: ਲੂਣ ਦੀ ਆਦਤ ਨੂੰ ਛੱਡ ਕੇ! ਜਿਵੇਂ ਕਿ ਈਵੈਂਟ ਦੇ ਆਯੋਜਕਾਂ ਦਾ ਕਹਿਣਾ ਹੈ, ਇਹ ਜੀਵਨ ਸ਼ੈਲੀ ਜਾਗਰੂਕਤਾ ਈਵੈਂਟ ਵਿਸ਼ਵ ਦੇ ਏਜੰਡੇ 'ਤੇ ਘੱਟ ਲੂਣ ਪਾਉਣ ਦੇ ਵੱਡੇ ਯਤਨ ਦਾ ਹਿੱਸਾ ਹੈ।

ਇਹ ਬਹੁਤ ਮਹੱਤਵਪੂਰਨ ਹੈ ਕਿ ਅਸੀਂ ਇਸ ਹਫ਼ਤੇ ਪੈਸੇ ਦੀ ਬਚਤ ਕਰੀਏ ਅਤੇ ਗਲੋਬਲ ਏਜੰਡੇ 'ਤੇ ਘੱਟ ਲੂਣ ਪ੍ਰਾਪਤ ਕਰਨ ਲਈ ਵੱਧ ਰਹੀ ਲਹਿਰ ਵਿੱਚ ਸ਼ਾਮਲ ਹੋਈਏ ਅਤੇ, ਇਸ ਤੋਂ ਵੀ ਮਹੱਤਵਪੂਰਨ, ਸਾਡੀ ਆਪਣੀ ਜ਼ਿੰਦਗੀ ਨੂੰ ਸਿਹਰਮੰਦ ਬਣਾਈਏ।

ਵਿਸ਼ਵ ਨਮਕ ਜਾਗਰੂਕਤਾ ਹਫ਼ਤੇ ਦੇ ਆਯੋਜਕਾਂ ਦਾ ਕਹਿਣਾ ਹੈ ਕਿ ਦਿਲ ਦੇ ਦੌਰੇ ਅਤੇ ਸਟ੍ਰੋਕ ਦੁਨੀਆ ਭਰ ਵਿੱਚ ਮੌਤ ਅਤੇ ਅਪਾਹਜਤਾ ਦੇ ਪ੍ਰਮੁੱਖ ਕਾਰਨ ਹਨ। ਹਰ ਸਾਲ, 17.9 ਮਿਲੀਅਨ ਲੋਕਾਂ ਇਸ ਦੇ ਦੌਰੇ ਅਤੇ ਸਟ੍ਰੋਕ ਕਾਰਨ ਮਰ ਜਾਂਦੇ ਹਨ। ਇਹ ਜੋ ਦਬਾਅ ਸਿਰਫ਼ ਵਿਅਕਤੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ 'ਤੇ ਹੀ ਨਹੀਂ, ਸਗੋਂ ਸਿਹਤ ਸੰਭਾਲ ਸੰਸਥਾਵਾਂ 'ਤੇ ਵੀ ਰਿਹਾ ਹੈ, ਜੋ ਸਾਡੇ ਹੱਥ ਵਿਚ ਹੈ , ਜਿਸ ਨੂੰ ਇਕ ਲੂਣ ਦੀ ਚੁਟਕੀ ਨਾਲ ਬਹੁਤਿਆਂ ਦੀਆਂ ਜ਼ਿੰਦਗੀਆਂ ਬਚਾਇਆਂ ਜਾ ਸਕਦੀਆਂ ਹਨ।

ਰਿਪੋਰਟ ਵਿੱਚ ਕਿਹਾ ਗਿਆ ਹੈ, "ਜ਼ਿਆਦਾਤਰ ਕੇਸ ਪੂਰੀ ਤਰ੍ਹਾਂ ਰੋਕੇ ਜਾ ਸਕਦੇ ਹਨ, ਇਸ ਲਈ ਇਹ ਜ਼ਰੂਰੀ ਹੈ ਕਿ ਅਸੀਂ ਸਾਰੇ ਆਪਣੀ ਸਿਹਤ ਨੂੰ ਬਿਹਤਰ ਬਣਾਉਣ ਲਈ ਕੰਮ ਕਰੀਏ ਅਤੇ ਇਹਨਾਂ ਚੀਜ਼ਾਂ ਨੂੰ ਪਹਿਲੀ ਥਾਂ 'ਤੇ ਹੋਣ ਤੋਂ ਰੋਕੀਏ।" "ਇਹ ਥੋੜਾ ਜਿਹਾ ਜਾਣਿਆ-ਪਛਾਣਿਆ ਸੱਚ ਹੈ ਕਿ ਸਾਡੇ ਲੂਣ ਦੇ ਸੇਵਨ ਨੂੰ ਘਟਾਉਣਾ ਸਾਡੀ ਸਿਹਤ ਨੂੰ ਬਿਹਤਰ ਬਣਾਉਣ ਲਈ ਸਭ ਤੋਂ ਸਰਲ ਅਤੇ ਸਭ ਤੋਂ ਪ੍ਰਭਾਵਸ਼ਾਲੀ ਰਣਨੀਤੀਆਂ ਵਿੱਚੋਂ ਇੱਕ ਹੈ।"

ਇਹ ਤੱਥ ਕਿ ਵਿਸ਼ਵ ਲੂਣ ਜਾਗਰੂਕਤਾ ਹਫ਼ਤਾ ਸਾਡੇ ਕੈਲੰਡਰ 'ਤੇ ਹੋਣਾ ਚਾਹੀਦਾ ਹੈ, ਖਾਸ ਤੌਰ 'ਤੇ ਵਿਸ਼ਵ ਸਿਹਤ ਸੰਗਠਨ ਦੇ ਪਿਛਲੇ ਹਫ਼ਤੇ ਜਾਰੀ ਕੀਤੇ ਅਧਿਐਨ ਦੀ ਰੌਸ਼ਨੀ ਵਿੱਚ ਮਹੱਤਵਪੂਰਨ ਹੈ।

ਭੋਜਨ ਵਿੱਚ ਨਮਕ (ਸੋਡੀਅਮ ਕਲੋਰਾਈਡ) ਇੱਕ ਵੱਡਾ ਕਾਰਕ ਹੈ ਕਿਉਂਕਿ ਇਹ ਬਲੱਡ ਪ੍ਰੈਸ਼ਰ, ਹਾਈਪਰਟੈਨਸ਼ਨ, ਅਤੇ ਦਿਲ ਦੀ ਬਿਮਾਰੀ ਦੇ ਸਮੁੱਚੇ ਜੋਖਮ ਨੂੰ ਪ੍ਰਭਾਵਿਤ ਕਰਦਾ ਹੈ। ਡਵਲਯੂ ਐਸ ਉ ਦਾ ਕਹਿਣਾ ਹੈ ਕਿ ਲੋਕਾਂ ਨੂੰ ਦਿਲ ਦੀਆਂ ਬਿਮਾਰੀਆਂ ਤੋਂ ਬਚਣ ਲਈ ਪ੍ਰਤੀ ਦਿਨ 5 ਗ੍ਰਾਮ ਲੂਣ (ਜਾਂ 2 ਗ੍ਰਾਮ ਸੋਡੀਅਮ) ਤੋਂ ਵੱਧ ਨਹੀਂ ਖਾਣਾ ਚਾਹੀਦਾ, ਜੋ ਕਿ ਦੁਨੀਆ ਭਰ ਵਿੱਚ ਮੌਤ ਦਾ ਮੁੱਖ ਕਾਰਨ ਹਨ। ਫਿਰ ਵੀ, ਬਹੁਤ ਸਾਰੇ ਦੇਸ਼ਾਂ ਦੇ ਅਧਿਐਨ ਦਰਸਾਉਂਦੇ ਹਨ ਕਿ ਜ਼ਿਆਦਾਤਰ ਲੋਕ ਸਿਫ਼ਾਰਸ਼ ਕੀਤੇ ਗਏ ਨਾਲੋਂ ਕਿਤੇ ਜ਼ਿਆਦਾ ਲੂਣ ਖਾਂਦੇ ਹਨ। ਬਹੁਤ ਸਾਰੇ ਉੱਚ-ਆਮਦਨ ਵਾਲੇ ਦੇਸ਼ਾਂ ਦੇ ਲੋਕ ਪ੍ਰੋਸੈਸਡ ਭੋਜਨਾਂ ਅਤੇ ਘਰ ਤੋਂ ਬਾਹਰ ਪਰੋਸੇ ਜਾਣ ਵਾਲੇ ਭੋਜਨਾਂ ਤੋਂ ਲਗਭਗ 75% ਨਮਕ ਦੀ ਖ਼ਪਤ ਕਰਦੇ ਹਨ। ਬਹੁਤ ਸਾਰੇ ਘੱਟ ਅਤੇ ਮੱਧ-ਆਮਦਨੀ ਵਾਲੇ ਦੇਸ਼ਾਂ ਵਿੱਚ ਖ਼ਪਤ ਕੀਤੇ ਜਾਣ ਵਾਲੇ ਸੋਡੀਅਮ ਦੀ ਬਹੁਗਿਣਤੀ ਖਾਣਾ ਪਕਾਉਣ ਦੌਰਾਨ ਅਤੇ ਮੇਜ਼ 'ਤੇ ਘਰ ਵਿੱਚ ਟਬਲਾਂ ਤੇ ਪਏ ਨਮਕ ਦੇ ਨਾਲ-ਨਾਲ ਮੱਛੀ ਦੀ ਚਟਣੀ ਅਤੇ ਸੋਇਆ ਸਾਸ ਵਰਗੇ ਮਸਾਲਿਆਂ ਤੋਂ ਮਿਲਦੀ ਹੈ। ਪ੍ਰਤੀ ਦਿਨ 5 ਗ੍ਰਾਮ ਤੋਂ ਘੱਟ ਦੇ ਸਿਫ਼ਾਰਸ਼ ਕੀਤੇ ਪੱਧਰ ਤੋਂ ਘਟਾ ਕੇ ਮੌਜੂਦਾ ਗਲੋਬਲ ਪੱਧਰ 9-12 ਗ੍ਰਾਮ ਪ੍ਰਤੀ ਦਿਨ ਤੱਕ ਲੂਣ ਦਾ ਸੇਵਨ ਬਲੱਡ ਪ੍ਰੈਸ਼ਰ ਅਤੇ ਦਿਲ ਦੀ ਬਿਮਾਰੀ 'ਤੇ ਵੱਡਾ ਪ੍ਰਭਾਵ ਪਾਉਂਦਾ ਹੈ, ਹਰ ਇੱਕ ਨੂੰ ਦਿਲ ਦੇ ਦੌਰੇ ਅਤੇ ਸਟ੍ਰੋਕ ਨਾਲ 2.5 ਮਿਲੀਅਨ ਮੌਤਾਂ ਨੂੰ ਰੋਕਦਾ ਹਰ ਸਾਲ ਰੋਕ ਸਕਦਾ ਹੈ।

ਨਾਲ ਹੀ, ਡਵਲਯੂ ਐਸ ਉ ਨੇ ਹੈਰਾਨ ਕਰਨ ਵਾਲੀ ਘੋਸ਼ਣਾ ਵੀ ਕੀਤੀ ਕਿ ਵਿਸ਼ਵ 2025 ਤੱਕ ਲੂਣ ਦੀ ਖਪਤ ਨੂੰ 30% ਤੱਕ ਘਟਾਉਣ ਦੇ ਆਪਣੇ ਟੀਚੇ ਨੂੰ ਪੂਰਾ ਕਰਨ ਦੇ ਰਾਹ 'ਤੇ ਨਹੀਂ ਹੈ। ਨਾਲ ਹੀ, 2030 ਤੱਕ ਲਗਭਗ 70 ਲੱਖ ਜਾਨਾਂ ਬਚਾਈਆਂ ਜਾ ਸਕਦੀਆਂ ਹਨ ਜੇਕਰ ਲੂਣ ਦੇ ਸੇਵਨ ਨੂੰ ਘਟਾਉਣ ਲਈ ਰਣਨੀਤੀਆਂ ਹਰ ਦੇਸ਼ ਦੀਆਂ ਸਰਕਾਰਾਂ ਤਿਆਰ ਕਰਨ ਤਾਂ।

ਡਬਲਯੂਐਚਓ ਦੇ ਡਾਇਰੈਕਟਰ-ਜਨਰਲ ਡਾ: ਟੇਡਰੋਸ ਅਡਾਨੋਮ ਨੇ ਕਿਹਾ, "ਗੈਰ-ਸਿਹਤਮੰਦ ਖੁਰਾਕ ਵਿਸ਼ਵ ਪੱਧਰ 'ਤੇ ਮੌਤ ਅਤੇ ਬਿਮਾਰੀਆਂ ਦਾ ਮੁੱਖ ਕਾਰਨ ਹੈ, ਅਤੇ ਬਹੁਤ ਜ਼ਿਆਦਾ ਲੂਣ ਦਾ ਸੇਵਨ ਮੁੱਖ ਕਾਰਨਾਂ ਵਿੱਚੋਂ ਇੱਕ ਹੈ।" ਇਸ ਵਿਸ਼ਲੇਸ਼ਣ ਦੇ ਅਨੁਸਾਰ, ਜ਼ਿਆਦਾਤਰ ਰਾਸ਼ਟਰਾਂ ਨੇ ਅਜੇ ਤੱਕ ਕਿਸੇ ਵੀ ਲਾਜ਼ਮੀ ਨਿਯਮਾ ਨੂੰ ਲਾਗੂ ਨਹੀਂ ਕੀਤਾ ਹੈ। ਲੂਣ ਘਟਾਉਣ ਦੇ ਪ੍ਰੋਗਰਾਮ, ਉਹਨਾਂ ਦੇ ਨਾਗਰਿਕਾਂ ਨੂੰ ਦਿਲ ਦੇ ਦੌਰੇ, ਸਟ੍ਰੋਕ ਅਤੇ ਹੋਰ ਸਿਹਤ ਸਮੱਸਿਆਵਾਂ ਦੇ ਖ਼ਤਰੇ ਵਿੱਚ ਪਾਉਂਦੇ ਹਨ।"

ਡਬਲਯੂਐਚਓ ਦੇ ਮੁਲਾਂਕਣ ਦੇ ਅਨੁਸਾਰ, ਦੁਨੀਆ ਦੀ ਬਹੁਗਿਣਤੀ ਆਬਾਦੀ ਹਰ ਰੋਜ਼ ਲਗਭਗ 10.8 ਗ੍ਰਾਮ ਲੂਣ ਖਾਂਦੀ ਹੈ, ਜੋ ਕਿ ਇੱਕ ਚਮਚ ਦੀ ਸਿਫਾਰਸ਼ ਕੀਤੀ ਰੋਜ਼ਾਨਾ ਮਾਤਰਾ ਤੋਂ ਦੁੱਗਣੀ ਹੈ।

ਟੇਬਲ ਲੂਣ, ਜਾਂ ਸੋਡੀਅਮ ਕਲੋਰਾਈਡ, ਸੋਡੀਅਮ ਦਾ ਸਾਡਾ ਮੁੱਖ ਅਤੇ ਸਭ ਤੋਂ ਆਮ ਸਰੋਤ ਹੈ। ਇਹ ਰਸੋਈਆਂ ਅਤੇ ਰਾਤ ਦੇ ਖਾਣੇ ਦੇ ਮੇਜ਼ਾਂ ਤੇ ਪਏ ਹੋਣਾ ਇੱਕ ਆਮ ਦ੍ਰਿਸ਼ ਹੈ, ਜਿੱਥੇ ਸ਼ੇਕਰ ਹਮੇਸ਼ਾ ਇਸ ਨਾਲ ਭਰੇ ਰਹਿੰਦੇ ਹਨ। ਪਰ, ਪਰਉਪਕਾਰ ਦੀ ਤਰ੍ਹਾਂ, ਲੂਣ ਦੀ ਕਮੀ ਘਰ ਤੋਂ ਸ਼ੁਰੂ ਹੁੰਦੀ ਹੈ, ਸ਼ੁਰੂਆਤੀ ਬਿੰਦੂ ਵਜੋਂ ਸਿੱਖਿਆ ਦੇ ਨਾਲ। ਇਸ ਦੇ ਨਾਲ ਹੀ ਖੋਜ ਦਰਸਾਉਂਦੀ ਹੈ ਕਿ ਮਨੁੱਖਾਂ ਨੂੰ ਨਸਾਂ ਦੀਆਂ ਭਾਵਨਾਵਾਂ, ਮਾਸਪੇਸ਼ੀਆਂ ਨੂੰ ਸੁੰਗੜਨ ਅਤੇ ਆਰਾਮ ਦੇਣ, ਅਤੇ ਪਾਣੀ ਅਤੇ ਖਣਿਜਾਂ ਦਾ ਸਿਹਤਮੰਦ ਸੰਤੁਲਨ ਰੱਖਣ ਲਈ ਥੋੜ੍ਹੀ ਮਾਤਰਾ ਵਿੱਚ ਸੋਡੀਅਮ ਦੀ ਲੋੜ ਹੁੰਦੀ ਹੈ।

ਲੂਣ ਘੱਟ ਕਰਨ ਦੀ ਜ਼ਿਆਦਾ ਵਰਤੋਂ ਕਰਨਾ ਜਾਂ ਬਹੁਤ ਜ਼ਿਆਦਾ ਨਮਕੀਨ ਪ੍ਰੋਸੈਸਡ ਭੋਜਨ ਖਾਣ ਨਾਲ ਬਹੁਤ ਜ਼ਿਆਦਾ ਸੋਡੀਅਮ ਅਤੇ ਪਾਣੀ ਦੀ ਧਾਰਨਾ ਹੋ ਸਕਦੀ ਹੈ। ਨਤੀਜੇ ਵਜੋਂ, ਤਰਲ ਦੀ ਮਾਤਰਾ ਵਧਣ ਨਾਲ ਦਿਲ ਸਖ਼ਤ ਪੰਪ ਕਰਦਾ ਹੈ ਅਤੇ ਖ਼ੂਨ ਦੀਆਂ ਨਾੜੀਆਂ ਵਿੱਚ ਦਬਾਅ ਪੈਦਾ ਕਰਦਾ ਹੈ। ਹਾਈ ਬਲੱਡ ਪ੍ਰੈਸ਼ਰ, ਦਿਲ ਦੀ ਬਿਮਾਰੀ, ਅਤੇ ਸਟ੍ਰੋਕ ਅੰਤਮ ਨਤੀਜੇ ਹਨ।

ਸਭ ਤੋਂ ਪਹਿਲਾਂ, ਨਮਕ ਤੁਹਾਨੂੰ ਬਹੁਤ ਪਿਆਸ ਮਹਿਸੂਸ ਕਰਵਾਏਗਾ। ਫਿਰ, ਤੁਸੀਂ ਕਮਜ਼ੋਰ ਅਤੇ ਬਿਮਾਰ ਮਹਿਸੂਸ ਕਰੋਗੇ ਅਤੇ ਤੁਹਾਡੀ ਭੁੱਖ ਖ਼ਤਮ ਹੋ ਜਾਵੇਗੀ। ਜਿਵੇਂ-ਜਿਵੇਂ ਸਮਾਂ ਬੀਤਦਾ ਜਾਂਦਾ ਹੈ, ਲੱਛਣ ਵਿਗੜ ਜਾਂਦੇ ਹਨ, ਜਿਵੇਂ ਕਿ ਉਲਝਣ, ਮਾਸਪੇਸ਼ੀਆਂ ਦਾ ਮਰੋੜਨਾ, ਅਤੇ ਦਿਮਾਗ ਦੇ ਅੰਦਰ ਜਾਂ ਆਲੇ ਦੁਆਲੇ ਖ਼ੂਨ ਵਗਣਾ। ਜਦੋਂ ਦਿਮਾਗ ਖੋਪੜੀ ਦੇ ਵਿਰੁੱਧ ਸੁੱਜ ਜਾਂਦਾ ਹੈ, ਤਾਂ ਇਹ ਵਿਅਕਤੀ ਨੂੰ ਮਾਰ ਦਿੰਦਾ ਹੈ।

ਲੂਣ ਦਾ ਜ਼ਹਿਰ ਆਮ ਤੌਰ 'ਤੇ ਲੋਕਾਂ ਨੂੰ ਉਲਝਣ ਅਤੇ ਘਬਰਾਹਟ ਮਹਿਸੂਸ ਕਰਵਾਉਂਦਾ ਹੈ। ਦੌਰੇ ਅਤੇ ਕੋਮਾ ਹੋ ਸਕਦੇ ਹਨ ਜੇਕਰ ਜ਼ਹਿਰ ਕਾਫ਼ੀ ਖ਼ਰਾਬ ਹੈ। ਜੇਕਰ ਡਾਕਟਰੀ ਸਹਾਇਤਾ ਨਾ ਦਿੱਤੀ ਜਾਵੇ ਤਾਂ ਵਿਅਕਤੀ ਦੀ ਮੌਤ ਹੋ ਸਕਦੀ ਹੈ। ਹਾਈਪਰਨੇਟ੍ਰੀਮੀਆ, ਜਾਂ ਖ਼ੂਨ ਵਿੱਚ ਸੋਡੀਅਮ ਦਾ ਇੱਕ ਅਸਧਾਰਨ ਉੱਚ ਪੱਧਰ, ਆਮ ਤੌਰ 'ਤੇ ਇਹਨਾਂ ਲੱਛਣਾਂ ਦਾ ਕਾਰਨ ਹੁੰਦਾ ਹੈ। ਤਕਰੀਬਨ ਹਰ ਦੇਸ਼ ਦੇ ਲੋਕ ਡਾਇਬਟੀਜ਼ ਵਰਗੀਆਂ ਗੈਰ-ਸੰਚਾਰੀ ਬਿਮਾਰੀਆਂ ਦੇ ਸਮਾਜਿਕ, ਸਿਹਤ ਅਤੇ ਆਰਥਿਕ ਪ੍ਰਭਾਵਾਂ ਨਾਲ ਵੀ ਨਜਿੱਠ ਰਹੇ ਹਨ, ਜੋ ਅਕਸਰ ਬਹੁਤ ਜ਼ਿਆਦਾ ਖੰਡ, ਚਰਬੀ ਅਤੇ ਨਮਕ ਖਾਣ ਨਾਲ ਬਦਤਰ ਹੋ ਰਹੇ ਹਨ।

ਇਸ ਲਈ ਸਾਨੂੰ 15-21 ਮਈ ਦੇ ਹਫ਼ਤੇ ਨੂੰ ਬਚਾਉਣ ਦੀ ਯੋਜਨਾ ਬਣਾਉਣੀ ਚਾਹੀਦੀ ਹੈ ਅਤੇ ਆਪਣੀ ਸਿਹਤ ਨੂੰ ਸੁਧਾਰ ਅਤੇ ਵਧਿਆਂ ਸਿਹਤਮੰਦ ਰਹਿਣ ਲਈ ਬਹੁਤੇ ਨਮਕ ਦੀ ਆਦਤ ਨੂੰ ਛੱਡ ਦੇਣਾ ਚਾਹਿੰਦਾ ਹੈ, ਜਿਸ ਵਿਚ ਹੀ ਤੁਹਾਡਾਂ ਅਤੇ ਤੁਹਾਡੇ ਪਰਿਵਾਰ ਦਾ ਭਲਾ ਹੈ!

## ਅੱਜ ਨਾਮਾ

ਦਰਿਆਈ ਪਾਣੀ ਲਈ ਫੇਰ ਤਰੀਕ ਸੀ ਗੀ,
ਸਕਿਆ ਮੁੱਦਾ ਨਹੀਂ ਲਮਕਿਆ ਮੁੱਕ ਬੇਲੀ।
ਹਟਣ ਸਿੱਖਿਆ ਨਹੀਂਪਿੱਛੇ ਪੰਜਾਬੀਆਂ ਨੇ,
ਗੱਡ ਲਈ ਲੱਤ ਤੇ ਹੋਊ ਨਹੀਂ ਚੁੱਕ ਬੇਲੀ।
ਹਰਿਆਣੇ ਅੰਦਰ ਵੀ ਪਾਣੀ ਹੈ ਵੋਟ-ਮੁੱਦਾ,
ਸਾਰਿਆਂ ਰੰਗਾਂ ਦੇ ਲੀਡਰ ਰਹੇ ਬੁੱਕ ਬੇਲੀ।
ਹੋ ਗਏ ਸੱਠ ਕੁ ਸਾਲ ਇੰਜ ਲੜਦਿਆਂ ਨੂੰ,
ਚੱਲਿਆ ਪਾਣੀ ਦਰਿਆਵਾਂ ਦਾ ਸੁੱਕ ਬੇਲੀ।
ਜਿਹੜਾਆਗੂ ਖਿਸਕਾਊ ਕੁਝ ਕਦਮ ਪਿੱਛੇ,
ਲੋਕੀਂ ਨਿਕਲਣ ਨਹੀਂ ਦੇਣਗੇ ਬਾਹਰ ਬੇਲੀ।
ਮੁਸ਼ਕਲ ਵੱਸਣ ਪੰਜਾਬ ਵਿੱਚ ਹੋਊ ਉਹਨੂੰ,
ਲੱਭਣੀ ਪਊ ਕੋਈ ਬਾਹਰਲੀ ਠਾਹਰ ਬੇਲੀ।

ਤੀਸ ਮਾਰ ਖਾਂ

# 22 ਸਾਲਾਂ ਤੋਂ ਲਾਪਤਾ ਮੰਦਬੁੱਧੀ ਪਰਮਿਲਾ ਦਾ ਪਰਿਵਾਰ ਨੂੰ ਮਿਲਕੇ ਰੋ-ਰੋ ਹੋਇਆ ਬੁਰਾ ਹਾਲ

ਇਹ ਪਰਮਿਲਾ ਨਾਂ ਦੀ ਮੰਦ-ਬੁੱਧੀ ਔਰਤ ਅੱਜ ਤੋਂ 22 ਸਾਲ ਪਹਿਲਾਂ ਉੱਤਰ ਪ੍ਰਦੇਸ਼ ਦੇ ਜ਼ਿਲ੍ਹਾ ਫਰੁਖਾਬਾਦ 'ਚ ਪੈਂਦੇ ਆਪਣੇ ਸਹੁਰਾ ਪਿੰਡ ਬਿਲਹਾ ਤੋਂ ਗੁੰਮ ਹੋ ਗਈ ਸੀ। ਉਸ ਤੋਂ ਕਈ ਸਾਲ ਬਾਅਦ ਪਤਾ ਨੀ ਕਿੱਥੇ ਭਟਕਦੀ ਰਹੀ। ਫਿਰ 12 ਦਸੰਬਰ 2017 ਨੂੰ ਕੁੱਝ ਵਿਅਕਤੀਆਂ ਨੇ ਇਸ ਨੂੰ ਕੜੱਕਦੀ ਦੀ ਸਰਦੀ 'ਚ ਲੁਧਿਆਣਾ ਸ਼ਹਿਰ ਵਿੱਚ ਸੜਕ ਕਿਨਾਰੇ ਅਰਧ-ਨਗਨ ਹਾਲਤ ਵਿੱਚ ਦੇਖਿਆ । ਉਹਨਾਂ ਦਇਆਵਾਨ ਵਿਅਕਤੀਆਂ ਨੇ ਤਰਸ ਖਾ ਕੇ ਇਸਨੂੰ ਪਿੰਡ ਸਰਾਭਾ ਦੇ ਨਜ਼ਦੀਕ ਬਣੇ ਗੁਰੂ ਅਮਰ ਦਾਸ ਅਪਾਹਜ ਆਸ਼ਰਮ ਵਿੱਚ ਪਹੁੰਚਾ ਦਿੱਤਾ।

ਆਸ਼ਰਮ ਵਿੱਚ ਲੁਧਿਆਣਾ ਦੇ ਮਸ਼ਹੂਰ ਸਾਇਕੈਟਰਿਸਟ ਡਾ. ਆਰ. ਐਲ. ਨਾਰੰਗ ਵਲੋਂ ਲਗਾਤਾਰ ਪੰਜ ਸਾਲ ਇਸਦਾ ਇਲਾਜ ਕੀਤਾ ਗਿਆ ਜਿਸ ਨਾਲ ਇਸ ਦੀ ਯਾਦਾਸ਼ਤ ਵਾਪਿਸ ਆ ਗਈ। ਇਸਨੇ ਆਪਣੇ ਪਤੀ ਦਾ ਨਾਮ ਮਹਾਂਵੀਰ, ਪਿੰਡ ਬਿਲਹਾ ਅਤੇ ਨਜ਼ਦੀਕ ਪੈਂਦੇ ਕਸਬੇ ਕੰਪਲ ਬਾਰੇ ਦੱਸਿਆ। ਜਿਸ ਉਪਰੰਤ ਆਸ਼ਰਮ ਦੇ ਸਟਾਫ ਨੇ ਕੰਪਲ (ਯੂ. ਪੀ.) ਦੇ ਪੁਲਿਸ ਸਟੇਸ਼ਨ ਨਾਲ ਸੰਪਰਕ ਕਰਕੇ ਇਸਦੇ ਪਰਿਵਾਰ ਨੂੰ ਪਰਮਿਲਾ ਦੇ ਸਰਾਭਾ ਆਸ਼ਰਮ ਵਿੱਚ ਹੋਣ ਬਾਰੇ ਜਾਣਕਾਰੀ ਦਿੱਤੀ ਗਈ। ਇਸਦੀਆਂ ਚਾਰ ਬੇਟੀਆਂ ਹਨ । ਜਦੋਂ 22 ਸਾਲ ਪਹਿਲਾਂ ਇਹ ਘਰ ਤੋਂ ਨਿਕਲੀ ਸੀ ਤਾਂ ਇਸਦੀ ਛੋਟੀ ਬੇਟੀ ਸਿਰਫ਼ਓਮਪ; ਇੱਕ ਮਹੀਨੇ ਦੀ ਸੀ ਜੋ ਕਿ ਅੱਜ ਵਿਆਹੀ ਹੋਈ ਹੈ। ਪਰਮਿਲਾ ਦੀ ਗੈਰਹਾਜਰੀ ਵਿੱਚ ਹੀ ਚਾਰੇ ਬੇਟੀਆਂ ਦੇ ਵਿਆਹ ਹੋਏ।



ਪਰਮਿਲਾ ਦੇ ਪਰਿਵਾਰ ਨੂੰ ਇਸ ਦੇ ਜ਼ਿੰਦਾ ਹੋਣ ਦੀ ਕੋਈ ਉਮੀਦ ਨਹੀਂ ਸੀ। ਜਦੋਂ 19 ਮਾਰਚ 2023 ਨੂੰ ਇਸਦੇ ਪਤੀ ਮਹਾਂਵੀਰ, ਦੋ ਬੇਟੀਆਂ ( ਮਮਤਾ ਤੇ ਪੂਜਾ ), ਤਿੰਨ ਦਮਾਦ (ਪੰਕਜ, ਮਨੋਜ ਅਤੇ ਟੀਟੂ) ਜਦੋਂ ਆਸ਼ਰਮ ਵਿੱਚ ਇਸ ਨੂੰ ਲੈਣ ਆਏ ਤਾਂ ਪਰਮਿਲਾ ਅਤੇ ਪਰਿਵਾਰ ਦਾ ਆਪਸ 'ਚ ਮਿਲਕੇ ਰੋ-ਰੋ ਕੇ ਇਤਨਾਂ ਬੁਰਾ ਹਾਲ ਹੋ ਗਿਆ ਕਿ ਦੇਖਿਆ ਨਹੀਂ ਸੀ ਜਾਂਦਾ । ਦੇਖਣ ਵਾਲੇ ਖ਼ੁਦ ਵੀ ਭਾਵੁਕ ਹੋ ਗਏ।

ਇਸ ਸੰਸਥਾ ਦੇ ਬਾਨੀ ਡਾ.ਨੌਰੰਗ ਸਿੰਘ ਮਾਂਗਟ ਅਤੇ ਪ੍ਰਧਾਨ ਚਰਨ ਸਿੰਘ ਦੇ ਦੱਸਣ ਮੁਤਾਬਕ ਇਸ ਆਸ਼ਰਮ ਵਿੱਚ ਸਿਰਫ਼ਓਮਪ; ਪਰਮਿਲਾ ਹੀ ਨਹੀਂ ਸਗੋਂ ਘਰਾਂ ਤੋਂ ਲਾਪਤਾ ਹੋਏ ਬਹੁਤ ਸਾਰੇ ਹੋਰ ਮੰਦਬੁੱਧੀ ਮਰੀਜ਼ਾਂ ਨੂੰ ਆਸ਼ਰਮ ਵੱਲੋਂ ਉਹਨਾਂ ਦੇ ਪਰਿਵਾਰਾਂ ਨਾਲ ਮਿਲਾਇਆ ਗਿਆ ਹੈ। ਆਸ਼ਰਮ ਵਿੱਚ ਰਹਿ ਰਹੇ 200 ( ਦੋ ਸੌ ) ਦੇ ਕਰੀਬ ਲਵਾਰਸ, ਬੇਘਰ, ਮੰਦਬੁੱਧੀ, ਅਪਾਹਜ, ਨੇਤਰਹੀਣਾਂ ਦੀ ਇਹ ਅਨੋਖੀ ਹੀ ਦੁਨੀਆਂ ਹੈ ਜਿਸਦਾ ਗਮਗੀਨ ਮਾਹੌਲ ਆਮ ਦੁਨੀਆਂ ਨਾਲੋਂ ਬਿਲਕੁੱਲ ਵੱਖਰਾ ਹੀ ਹੈ। ਬਹੁਤ ਸਾਰੇ ਮਰੀਜ਼ ਪੂਰੀ ਸੁੱਧ-ਬੁੱਧ ਨਾ ਹੋਣ ਕਰਕੇ ਕੱਪੜਿਆਂ ਵਿੱਚ ਹੀ ਮਲ-ਮੂਤਰ ਕਰਦੇ ਹਨ। ਆਸ਼ਰਮ ਵਲੋਂ ਕੀਤੀ ਜਾ ਰਹੀ ਇਹ ਬੇਮਿਸਾਲ ਤੇ ਨਿਰਸਵਾਰਥ ਸੇਵਾ ਗੁਰੂ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਹੀ ਚੱਲ ਰਹੀ ਹੈ। ਆਸ਼ਰਮ ਵਾਰੇ ਹੋਰ ਜਾਣਕਾਰੀ ਲਈ ਸੰਪਰਕ: ਆਸ਼ਰਮ: 95018-42505, ਡਾ. ਨੌਰੰਗ ਸਿੰਘ ਮਾਂਗਟ: 95018-42506

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editor** | **Gyan Singh,** |
| **Office Admin** | **Sajandeep Singh** |
| **Graphic Designer** | **Angrez Singh**<br>**Komal Matharu** |
| **Photographer** | Kanwaljit Singh Kanwal |
| **Distributer Marketing:** | **Bhupinder Dhillon**<br>**Sajandeep Singh** |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਗੁਲਜ਼ਾਰ ਸੰਧੂ ਦੇ ਵਿਆਹ ਦੀ 57ਵੀਂ ਵਰ੍ਹੇ-ਗੰਢ 'ਤੇ 'ਨਿੱਕ-ਸੁੱਕ' ਵਿਚਕਾਰ ਵਿਆਹ ਦਾ ਲੇਖਾ

-ਪ੍ਰਿੰ. ਸਰਵਣ ਸਿੰਘ-

ਅੱਜ ਗੁਲਜ਼ਾਰ ਸਿੰਘ ਸੰਧੂ ਦੇ ਵਿਆਹ ਦੀ 57ਵੀਂ ਵਰ੍ਹੇ-ਗੰਢ ਹੈ। ਅਸੀਂ ਮਿਲਣ ਗਏ ਤਾਂ ਉਹ ਕਾਲਮ 'ਨਿੱਕ-ਸੁੱਕ' ਦੇ ਕਾਗਜ਼ ਸਮੇਟ ਰਿਹਾ ਸੀ। ਨੀਲੀਆਂ-ਚਿੱਟੀਆਂ ਡੱਬੀਆਂ ਵਾਲਾ ਚਾਦਰਾ ਬੱਧਾ ਹੋਇਆ ਸੀ। ਖੁੱਲ੍ਹੀ ਕਮੀਜ਼ ਤੇ ਢਿੱਲੀ ਪੱਗ। ਲੱਗਦੈ ਦਾੜ੍ਹੀ ਲਾਪਰਨ ਦੀ ਹੁਣ ਲੋੜ ਨਹੀਂ ਰਹੀ। ਪਹਿਲੀ ਨਜ਼ਰੇ ਗੰਭੀਰ ਲੱਗਾ ਪਰ ਸਾਨੂੰ ਵੇਖਦਿਆਂ ਵਾਛਾਂ ਖਿੜ ਪਈਆਂ। ਅੱਖਾਂ 'ਚ ਤਰਾਵਟ ਆ ਗਈ। 'ਨਿੱਕ-ਸੁੱਕ' ਨਬੇੜਦਿਆਂ ਉਸ ਨੇ ਸੁਖਨ ਅਲਾਇਆ, "ਬੜੇ ਮੌਕੇ 'ਤੇ ਆਏ ਓਂ, ਹੁਣ ਆਊ ਖਾਣ ਪੀਣ ਦਾ ਸੁਆਦ।"

ਅਸੀਂ ਨਹਿਲੇ 'ਤੇ ਦਹਿਲਾ ਮਾਰਿਆ, "ਅੱਜ ਤੁਹਾਡੀ ਮੈਰਿਜ ਐਨੀਵਰਸਰੀ ਵੀ ਹੈ, ਚਲੋ ਵਿਆਹ ਦੀ ਵਰ੍ਹੇ-ਗੰਢ ਈ ਮਨਾਈ ਜਾਊ।" ਤਦੇ ਉਸ ਨੂੰ ਵਿਆਹ ਦੀ ਅਸਲੀ ਤਾਰੀਖ ਯਾਦ ਆ ਗਈ ਜੋ 12 ਮਾਰਚ 1966 ਸੀ। ਉਸ ਨੇ ਵਿਆਹ ਦਾ ਦਿਲਚਸਪ ਕਿੱਸਾ ਤੋਰ ਲਿਆ: ਮੈਂ ਆਪਣੇ ਵਿਆਹ ਦੀ ਮਿਤੀ ਆਪਣੇ ਅਸਲੀ ਜਨਮ ਦਿਨ ਵਾਲੀ ਰੱਖਣੀ ਚਾਹੁੰਦਾ ਸਾਂ। 22 ਮਾਰਚ। ਪਰ ਉਨ੍ਹਾਂ ਦਿਨਾਂ ਵਿਚ ਸੁਰਜੀਤ ਦੀਆਂ ਭਤੀਜੀਆਂ ਦੇ ਇਮਤਿਹਾਨ ਸਨ। ਅਸੀਂ 12 ਮਾਰਚ 1966 ਮਿਥ ਲਈ।

ਉਹਦਾ ਤੇ ਡਾਕਟਰ ਸੁਰਜੀਤ ਕੌਰ ਦਾ ਵਿਆਹ ਹੋਏ ਨੂੰ 57 ਸਾਲ ਹੋ ਗਏ ਹਨ। ਬਾਲ ਬੱਚਾ ਕੋਈ ਨਹੀਂ ਪਰ ਕਹਿੰਦੇ ਇਹੋ ਹਨ, ਸਾਡੇ ਜਿੰਨੇ ਬਾਲ ਬੱਚੇ ਕਿਸੇ ਦੇ ਵੀ ਨਹੀਂ। 22 ਮਾਰਚ 2023 ਨੂੰ ਸਾਡੇ ਸੀਨੀਅਰ ਲੇਖਕ ਨੂੰ ਨੱਬੇਵਾਂ ਵਰ੍ਹਾ ਲੱਗ ਰਿਹੈ। ਵਿਆਹ ਉਹਦਾ ਦੇਰ ਨਾਲ ਹੋਇਆ, 33ਵੇਂ ਸਾਲ ਦੀ ਉਮਰ ਵਿਚ। ਡਾ. ਸੁਰਜੀਤ ਕੌਰ ਦਾ ਓਦੂੰ ਵੀ ਲੇਟ, 37ਵੇਂ ਸਾਲ ਵਿਚ। ਲਾੜਾ ਅੰਗਰੇਜ਼ੀ ਦੀ ਐੱਮਏ ਤੇ ਲਾੜੀ ਐੱਮਬੀਬੀਐੱਸ। ਉਦੋਂ ਜੇ ਕੋਈ ਕਹਿੰਦਾ, 'ਵਿਆਹ ਬੜਾ ਲੇਟ ਕਰਾਇਆ' ਤਾਂ ਸਫਾਈ ਦਿੰਦੇ, 'ਬਲਵੰਤ ਗਾਰਗੀ ਨਾਲੋਂ ਤਾਂ ਫੇਰ ਵੀ ਪਹਿਲਾਂ ਕਰਾ ਲਿਆ!'

ਦਿੱਲੀ ਵਿਚ ਡਾ. ਸੁਰਜੀਤ ਕੌਰ ਪੰਨੂੰ ਗੁਲਜ਼ਾਰ ਸਿੰਘ ਸੰਧੂ ਤੋਂ ਵੱਡੀ ਅਫ਼ਸਰ ਸੀ। ਕੁੜੀ ਮਾਝੇ ਦੀ ਮੁੰਡਾ ਦੁਆਬੇ ਦਾ। ਸੰਧੂ ਨੇ ਉਨ੍ਹਾਂ ਨਾਲ ਸਾਵੇਂ ਹੋਣ ਲਈ ਸੰਤ ਸਿੰਘ ਸੇਖੋਂ, ਪ੍ਰੋ. ਮੋਹਨ ਸਿੰਘ, ਸਾਧੂ ਸਿੰਘ ਹਮਦਰਦ, ਕੁਲਵੰਤ ਸਿੰਘ ਵਿਰਕ, ਮੀਸ਼ਾ, ਸ਼ਿਵ ਕੁਮਾਰ ਤੇ ਕੁਝ ਹੋਰ ਮਸ਼ਹੂਰ ਲੇਖਕਾਂ ਨੂੰ ਜਨੇਤੀ ਬਣਨ ਦਾ ਸੱਦਾ ਦਿੱਤਾ। ਬੱਸ ਭਰ ਕੇ ਨੁਸ਼ਹਿਰੇ ਨੂੰ ਤੋਰ ਦਿੱਤੀ। ਆਪ ਕਾਰ ਵਿਚ ਜਲੰਧਰੋਂ ਮੋਹਨ ਸਿੰਘ ਤੇ ਹਮਦਰਦ ਨੂੰ ਲੈ ਕੇ ਪਹੁੰਚਣਾ ਸੀ। ਜਾਨੀ ਪਹਿਲਾਂ ਪਹੁੰਚ ਗਏ, ਲਾੜਾ ਲੇਟ। ਮੋਹਨ ਸਿੰਘ ਦੇ ਘਰੋਂ ਪਤਾ ਲੱਗਾ ਕਿ ਉਹ ਪਿੱਪਲ ਹੇਠ ਸ਼ਤਰੰਜ ਖੇਡ ਰਿਹੈ। ਪਿੱਪਲਾਂ 'ਚੋਂ ਉਹ ਪਿੱਪਲ ਮਸਾਂ ਲੱਭਾ ਜਿਥੇ ਮੋਹਨ ਸਿੰਘ ਤੇ ਹਮਦਰਦ ਦੀ ਬਿਸਾਤ ਵਿਛੀ ਹੋਈ ਸੀ। ਗਿਆਨੀ ਸ਼ਾਦੀ ਸਿੰਘ ਵੀ ਹਾਜ਼ਰ ਸੀ। ਲੇਟ ਹੋਣ ਦੀ ਦੁਹਾਈ ਪਾ ਕੇ ਉਹ ਮਸੀਂ ਉਠਾਏ।

ਭੱਜ-ਭਜਾ ਕੇ ਨੌਸ਼ਹਿਰੇ ਪਹੁੰਚੇ। ਬਰਾਤ ਨੂੰ ਸੁਖ ਦਾ ਸਾਹ ਆਇਆ। ਲਾੜਾ ਆਇਆ ਵੇਖ ਕੇ ਢੋਲੀ ਢੋਲ ਵਜਾਉਣ ਲੱਗਾ। ਜਾਨੀ ਭੰਗੜਾ ਪਾਉਣ ਲੱਗੇ। ਬੱਕਰੀਆਂ ਨਾਲ ਲੱਦੇ ਟਰੱਕ 'ਚੋਂ ਤਾਜ਼ਾ ਖਿਜ਼ਾਬ ਲਾਈ ਸੇਖੋਂ ਉਤਰਿਆ। ਸੰਧੂ ਦਾ ਕੋਟ ਦੂਰ ਖੜ੍ਹੀ ਬੱਸ ਵਿਚ ਸੀ। ਉਹਨੇ ਕੋਲ ਖੜ੍ਹੇ ਦੇਸ ਰਾਜ ਗੋਇਲ ਦਾ ਕੋਟ ਪਾ ਲਿਆ। ਕੋਟ ਵਿਚਲੇ ਮੁਨੀਸ਼ਨ ਨੇ ਫਿਰ ਜਿਹੜਾ ਰੰਗ ਵਿਖਾਉਣਾ ਸੀ ਵਿਖਾ ਹੀ ਦਿੱਤਾ! ਗੋਇਲ ਨੂੰ ਸਿਗਰਟ ਪੀਣ ਦੀ ਤਲਬ ਹੋਈ ਤਾਂ ਉਸ ਨੇ ਸਜੇ ਬੈਠੇ ਲਾੜੇ ਦੀ ਜੇਬ 'ਚੋਂ ਸਿਗਰਟਾਂ ਦੀ ਡੱਬੀ ਆ ਕੱਢੀ। ਵੇਖਣ ਵਾਲੇ ਹੈਰਾਨ ਕਿ ਕਿਹੋ ਜਿਹਾ ਪ੍ਰਾਹੁਣਾ ਸਹੇੜ ਬੈਠੇ! ਏਨਾ ਸ਼ੁਕਰ ਕਿ ਅਨੰਦ ਕਾਰਜਾਂ ਵਿਚ ਵਿਘਨ ਨਹੀਂ ਪਿਆ।





ਦਾਰੂ ਦਾ ਭੰਨਿਆ ਸ਼ਿਵ ਕੁਮਾਰ ਵੀ ਆ ਪੁੱਜਾ। ਕੁੜੀ ਵਾਲਿਆਂ ਸਮਝਿਆ ਕੋਈ ਗਾਉਣ ਵਾਲਾ ਲਿਆਂਦਾ। ਅਨੰਦ ਕਾਰਜ ਹੋਏ ਤਾਂ ਕਹਿੰਦੇ ਪੜ੍ਹਾਓ ਇਹਤੋਂ ਸਿਹਰਾ। ਸ਼ਿਵ ਕੁਮਾਰ 'ਧੀਆਂ ਦੇ ਦੁੱਖ ਬੁਰੇ' ਗਾਉਣ ਲੱਗਾ। ਸੰਧੂ ਲਿਖਦੈ, ਮੇਰਾ ਜੱਦੀ ਪਿੰਡ ਹੁਸ਼ਿਆਰਪੁਰ ਜ਼ਿਲ੍ਹੇ ਦੇ ਮਾਹਿਲਪੁਰ ਵਿਚ ਹੈ, ਸੂਨੀ। ਮੈਂ ਆਪਣੇ ਨਾਨਕੇ ਪਿੰਡ ਕੋਟਲਾ ਬਡਲਾ ਵਿਚ ਜੰਮਿਆ ਤੇ ਮੇਰੀ ਮੁੱਢਲੀ ਵਿਦਿਆ ਅੱਠਵੀਂ ਤਕ ਏਐੱਸ. ਹਾਈ ਸਕੂਲ ਖੰਨੇ ਵਿਚ ਹੋਈ। ਜਦੋਂ ਮੈਂ ਸਾਈਕਲ ਚਲਾਉਣ ਜੋਗਾ ਹੋ ਗਿਆ ਤਾਂ ਮਾਹਿਲਪੁਰ ਪੜ੍ਹਨ ਲੱਗਾ ਜਿਥੋਂ ਬੀਏ ਕਰ ਕੇ ਕੰਮ ਦੀ ਭਾਲ ਵਿਚ ਦਿੱਲੀ ਚਲਾ ਗਿਆ। ਉਥੇ 28 ਸਾਲ ਭਾਰਤ ਸਰਕਾਰ ਦੀ ਨੌਕਰੀ ਕੀਤੀ। 1984 ਵਿਚ 'ਪੰਜਾਬੀ ਟ੍ਰਿਬਿਊਨ' ਦਾ ਸੰਪਾਦਕ ਆ ਲੱਗਿਆ। ਭੂਸ਼ਨ ਧਿਆਨਪੁਰੀ ਨੇ ਟੋਟਕਾ ਜੋੜ ਲਿਆ:

ਲਿਖਿਆ ਖ਼ਤ ਸ਼ਮਸ਼ੇਰ ਵਰਿਆਮ ਤਾਈਂ, ਅਸੀਂ ਸਦਾ ਹੀ ਰਹੇ ਸਰਦਾਰ ਸੰਧੂ
ਸਾਡਾ ਸੰਤ ਸੰਧੂ, ਸਾਡਾ ਪਾਸ਼ ਸੰਧੂ, ਪੂਰਨ ਭਗਤ ਵਾਲਾ ਕਾਦਰਯਾਰ ਸੰਧੂ
ਸਾਡੀ ਕਲਗੀ ਨੂੰ ਨਵਾਂ ਏ ਖੰਭ ਲੱਗਾ, ਆਇਆ ਜਦੋਂ ਦਾ ਏਥੇ ਗੁਲਜ਼ਾਰ ਸੰਧੂ
ਚੜ੍ਹਿਆ ਜੱਟ ਸੁਹਾਗੇ ਨਹੀਂ ਮਾਣ ਹੁੰਦਾ, ਇਹ ਤਾਂ ਆਇਆ ਅਖ਼ਬਾਰ ਸਵਾਰ ਸੰਧੂ

ਸੰਧੂ ਤਿੰਨ ਸਾਲ ਓਥੇ ਰਿਹਾ। ਫੇਰ ਤਿੰਨ ਸਾਲ ਪੰਜਾਬ ਆਟਰਸ ਕੌਂਸਲ ਦਾ ਚੇਅਰਮੈਨ, ਦੋ ਸਾਲ ਪੰਜਾਬ ਰੈੱਡ ਕਰਾਸ ਦਾ ਸੈਕਟਰੀ, ਚਾਰ ਸਾਲ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ ਪੱਤਰਕਾਰੀ ਤੇ ਜਨ-ਸੰਚਾਰ ਵਿਭਾਗ ਦਾ ਪ੍ਰੋਫ਼ੈਸਰ ਤੇ ਮੁਖੀ। ਫੇਰ ਤਿੰਨ ਕੁ ਸਾਲ 'ਦੇਸ਼ ਸੇਵਕ' ਦਾ ਸੰਪਾਦਕ।"

ਨਿਮਰਤਾ ਵੇਖੋ, "ਮੈਂ ਇਹੋ ਜਿਹਾ ਕੋਈ ਸੰਘਰਸ਼ ਨਹੀਂ ਕੀਤਾ ਜੋ ਦੱਸਣ ਵਾਲਾ ਹੋਵੇ। ਮੇਰੇ ਮਾਪਿਆਂ ਨੇ ਮੈਨੂੰ ਸਬਰ ਸੰਤੋਖ ਸਿਖਾਉਂਦਿਆਂ ਕਿਹਾ ਸੀ ਕਿ ਜ਼ਿੰਦਗੀ ਵਿਚ ਢੇਰੀ ਨਹੀਂ ਢਾਉਣੀ। ਜ਼ਿੰਦਗੀ ਵਿਚ ਸਫਲ ਹੋਣ ਦਾ ਇਕੋ ਇਕ ਤਰੀਕਾ ਕਿ ਢੇਰੀ ਢਾਏ ਬਿਨਾਂ ਲੱਗੇ ਰਹਿਣਾ।"

ਕਹਿੰਦਾ ਹੈ, ਮੈਂ ਨੱਬਿਆਂ ਨੂੰ ਢੁਕ ਗਿਆਂ। ਹੁਣ ਮੈਨੂੰ ਕੋਈ ਇਹ ਨਹੀਂ ਪੁੱਛਦਾ ਕਿ ਮੈਂ ਨਵਾਂ ਕੀ ਲਿਖਿਆ? ਇਹੀਓ ਪੁੱਛਿਆ ਜਾਂਦੈ ਕਿ ਸਿਹਤ ਦਾ ਕੀ ਹਾਲ ਹੈ? ਪਹਿਲੀਆਂ ਵਿਚ ਮੈਂ ਇਸ ਦਾ ਉੱਤਰ 'ਚੜ੍ਹਦੀ ਕਲਾ' ਦਿੰਦਾ ਸੀ। ਫਿਰ 'ਇਕ ਨੰਬਰ' ਕਹਿਣ ਲੱਗ ਪਿਆ। ਉਸ ਪਿੱਛੋਂ 'ਹਾਲੀ ਤਕ ਠੀਕ ਹੈ'। ਅੱਜ ਕੱਲ੍ਹ ਮੇਰਾ ਉੱਤਰ ਕੇਵਲ ਇਕ ਸ਼ਬਦ ਤਕ ਸੀਮਤ ਹੋ ਗਿਆ ਹੈ-ਚਲਦੈ! ਹੁਣ ਮੈਂ ਉਸ ਗੇਂਦ ਵਾਂਗ ਹਾਂ ਜਿਹੜੀ ਰੁੜ੍ਹ ਤਾਂ ਰਹੀ ਹੈ ਪਰ ਇਸ ਦਾ ਰੁੜ੍ਹਨਾ ਰੁਕਣ ਵਾਲਾ ਹੈ।

ਡਾ. ਅਤਰ ਸਿੰਘ ਦੱਸਦਾ ਸੀ, "ਇਕੇਰਾਂ ਸੰਧੂ ਕਨਾਟ ਪਲੇਸ ਕਾਕੇ ਦੇ ਢਾਬੇ 'ਤੇ ਲੋਰ 'ਚ ਨੋਟ ਸੁੱਟਦਾ ਕਹਿੰਦਾ, "ਆਪਣੇ ਕਿਹੜਾ ਜੁਆਕ ਰੋਂਦੇ ਆ!" ਖਿਲਰੇ ਨੋਟ ਫਿਰ ਅਤਰ ਸਿੰਘ ਨੇ ਹੀ ਸੰਭਾਲੇ।

ਸੰਧੂ ਜੋੜੇ ਨੇ ਲਿਖ ਦਿੱਤਾ ਹੈ, ਸਾਡੀਆਂ ਦੇਹਾਂ ਮੈਡੀਕਲ ਸੰਸਥਾਵਾਂ ਨੂੰ ਦਾਨ ਕਰ ਦਿੱਤੀਆਂ ਜਾਣ। ਸਾਡਾ ਮਰਨਾ ਖੁਸ਼ੀ ਨਾਲ ਮਨਾਇਆ ਜਾਵੇ। ਦੇਹ ਦਾਨ ਦਾ ਕਾਰਡ ਉਨ੍ਹਾਂ ਦੀ ਜੇਬ ਵਿਚ ਰਹਿੰਦੈ ਕਿ ਜਿਥੇ ਪ੍ਰਾਣ ਪੰਖੇਰੂ ਹੋ ਜਾਣ ਉਥੋਂ ਦੀ ਨੇੜਲੀ ਡਾਕਟਰੀ ਸੰਸਥਾ ਨੂੰ ਸਬੂਤੀ ਦੇਹ ਦੇ ਦਿੱਤੀ ਜਾਵੇ। ਰਿਸ਼ਤੇਦਾਰਾਂ ਨੂੰ ਪਹਿਲਾਂ ਹੀ ਕਿਹਾ ਹੋਇਆ ਕਿ ਰੋਣ ਕਰਲਾਉਣ ਦੀ ਥਾਂ ਖੁਸ਼ੀ ਮਨਾਈ ਜਾਵੇ।

ਉਹਦਾ ਪਹਿਲਾ ਨਾਂ ਬਲਬੀਰ ਸੀ। ਫਿਰ ਬੱਲਾ ਤੇ ਪਿੱਛੋਂ ਗੁਲਜ਼ਾਰਾ ਹੋ ਗਿਆ। ਫਿਰ ਗੁਲਜ਼ਾਰ ਸਿੰਘ ਸੰਧੂ। ਪਹਿਲਾਂ ਮੈਂ ਵੀ ਆਪਣੇ ਨਾਂ ਨਾਲ ਸੰਧੂ ਲਿਖਦਾ ਸੀ। ਮੈਨੂੰ ਸੰਧੂ ਲਿਖਣੋਂ ਗੁਲਜ਼ਾਰ ਸੰਧੂ ਨੇ ਹਟਾਇਆ। ਅਖੇ ਦੋ ਸੰਧੂਆਂ ਦਾ ਭੁਲੇਖਾ ਪੈ ਜਿਆ ਕਰੂ। ਦਿੱਲੀ ਉਹਦੇ ਕੋਲ ਮੋਟਰ ਸਾਈਕਲ ਸੀ, ਮੇਰੇ ਕੋਲ ਸਾਈਕਲ। ਉਹ ਪੰਜਾਬ ਤੋਂ ਆਏ ਲੇਖਕਾਂ ਦੀ ਸੇਵਾ ਕਰਦਾ ਤੇ ਮੋਟਰ ਸਾਈਕਲ ਦੇ ਝੂਟੇ ਦਿੰਦਾ। ਮੈਂ ਅੜੇ ਥੁੜੇ ਖ਼ਾਲਸਾ ਕਾਲਜ ਦੇ ਡੀਪੀਈ ਸ. ਪ੍ਰੀਤਮ ਸਿੰਘ ਬੈਂਸ ਤੋਂ ਪੈਸੇ ਫੜਦਾ। ਸੰਧੂ ਸਰਦਾਰੀ ਮੈਂ ਵੱਡੇ ਭਾਈ ਨੂੰ ਛੱਡਣ ਵਿਚ ਹੀ ਭਲਾ ਸਮਝਿਆ।

ਪ੍ਰੀਤਮ ਸਿੰਘ ਬੈਂਸ ਕੋਲ ਗੁਲਜ਼ਾਰ ਸੰਧੂ ਵੀ ਰਹਿੰਦਾ ਰਿਹਾ ਸੀ। ਦੋਹੇਂ ਦੁਆਬੀਏ ਸਨ। ਜਦੋਂ ਉਹ ਬੈਂਸ ਨੂੰ ਜਨੇਤ ਦਾ ਸੱਦਾ ਦੇਣ ਗਿਆ ਤਾਂ ਬੈਂਸ ਨੇ ਪੁੱਛਿਆ, "ਵਿਆਹ ਕੀਹਦੇ ਨਾਲ ਹੋ ਰਿਹੈ?"

ਸੰਧੂ ਨੇ ਹੁੱਬ ਕੇ ਦੱਸਿਆ, "ਮਾਝੇ ਤੋਂ ਪੰਨੂੰਆਂ ਦੀ ਧੀ ਐ।"

ਬੈਂਸ ਬੋਲਿਆ, "ਮਾਝੇ ਵਾਲੇ ਤਾਂ ਦੁਆਬੇ ਵਾਲਿਆਂ ਨੂੰ ਕੁੱਟਣਗੇ।"

ਸੰਧੂ ਨੇ ਕਿਹਾ, "ਜੀਹਦੇ ਨਾਲ ਵਿਆਹ ਹੋ ਰਿਹਾ ਉਹਦਾ ਭਰਾ ਗੁਰਬਚਨ ਪੰਨੂੰ ਘੋਟ ਬੰਦਾ। ਉਹ ਨੀ ਕੁੱਟਣ ਦਿੰਦਾ।"

ਗੁਰਬਚਨ 'ਗੁਰਾ' ਖ਼ਾਲਸਾ ਕਾਲਜ ਅੰਮ੍ਰਿਤਸਰ ਵਿਚ ਬੈਂਸ ਨਾਲ ਪੜ੍ਹਦਾ ਸੀ। ਉਸ ਨੇ ਕਿਹਾ, "ਜੇ ਗੁਰੇ ਦੀ ਭੈਣ ਐਂ ਤਾਂ ਉਹ ਹੋਰ ਵੀ ਕੁੱਟਣਗੇ।"

ਸੰਧੂ ਨੇ ਪੁੱਛਿਆ, "ਤਾਂ ਫੇਰ ਜਵਾਬ ਦੇ ਦੇਈਏ?"

ਬੈਂਸ ਕੁਝ ਪਲ ਸੋਚ ਕੇ ਬੋਲਿਆ, "ਜਵਾਬ ਦਿੱਤਾ ਤਾਂ ਘਰ ਆ ਕੇ ਕੁੱਟਣਗੇ।"

ਜਿੱਦਣ ਉਨ੍ਹਾਂ ਦਾ ਵਿਆਹ ਹੋਇਆ ਉੱਦਣ ਹੀ ਪੰਜਾਬੀ ਸੂਬੇ ਦੀ ਮੰਗ ਮੰਨੀ ਗਈ। ਮੰਗ ਮੰਨਣ ਪਿੱਛੇ 1965 ਦੀ ਇੰਡੋ-ਪਾਕਿ ਜੰਗ ਵਿਚ ਸਿੱਖ ਫੌਜੀਆਂ ਤੇ ਸਰਹੱਦ ਨੇੜਲੇ ਪੰਜਾਬੀਆਂ ਵੱਲੋਂ ਜੰਗ ਵਿਚ ਪਾਇਆ ਯੋਗਦਾਨ ਸੀ। ਪੰਜਾਬੀਆਂ ਨੇ ਪੰਜਾਬੀ ਸੂਬਾ ਜੰਗ ਜਿੱਤ ਕੇ ਲਿਆ। ਸਰਹੱਦੀ ਪਿੰਡਾਂ ਵਿਚ ਜੰਗ ਦਾ ਉਜਾੜਾ ਵੇਖਦੇ ਲੇਖਕ ਸੰਧੂ ਤੇ ਡਾ. ਪੰਨੂੰ ਇਕ ਦੂਜੇ ਦੇ ਹੋ ਗਏ। ਸੰਧੂ ਨੇ ਸਵੈਜੀਵਨੀ 'ਬਿਨ ਮਾਂਗੇ ਮੋਤੀ ਮਿਲੇ' ਵਿਚ ਲਿਖਿਆ, "ਸੰਨ 1966 ਤੋਂ ਸੁਰਜੀਤ ਐਸ. ਕੇ. ਸੰਧੂ ਹੋ ਗਈ। ਮੇਰੀ ਜੀਵਨ ਸਾਥਣ। ਭਾਰਤ ਤੇ ਪਾਕਿਸਤਾਨ ਵਾਂਗ ਸਾਡੇ ਵਿਚਕਾਰ ਵੀ ਅਮਨ ਤੇ ਸ਼ਾਂਤੀ ਦੇ ਦੌਰ ਚਲਦੇ ਰਹਿੰਦੇ ਹਨ। ਲੜਾਈ ਹੁੰਦਿਆਂ ਵੀ ਦੇਰ ਨਹੀਂ ਲੱਗਦੀ ਤੇ ਜੰਗ ਬੰਦੀ ਵੀ ਐਵੇਂ ਕਿਵੇਂ ਹੋ ਜਾਂਦੀ ਹੈ।"

# ਧੀਆਂ ਦੇ ਬਰਾਬਰ ਅਧਿਕਾਰ



ਅਜੀਤ ਸਿੰਘ ਰੱਖੜਾ
905 794 7882

ਧੀਆਂ ਪੁਤਰਾਂ ਦੇ ਅਧਿਕਾਰ ਬਰਾਬਰ ਹੋਣੇ ਚਾਹੀਦੇ ਹਨ। ਇਹ ਨਾਹਰਾ ਅਜੋਕੇ ਸਮਾਜ ਦਾ ਇਕ ਮੁਦਾ ਬਣ ਚੁਕਾ ਹੈ। ਕੁਝ ਅਗਾਹ ਵਧੂ ਖਿਆਲਾ ਦੇ ਧਾਰਨੀ ਪੁਰਸ਼ ਬਰਾਬਰੀ ਦੇ ਮੁਦਈ ਹਨ ਅਤੇ ਬਹੁਤੇ, ਸਮਾਜਕ ਪ੍ਰੰਪਰਾਵਾ ਨੂੰ ਸਹੀ ਮੰਨਦੇ ਹਨ ਜਿਨ੍ਹਾ ਮੁਤਾਬਿਕ ਧੀਆ ਨੂੰ ਬਰਾਬਰ ਨਹੀਂ ਮੰਨਿਆ ਜਾਂਦਾ। ਧੀਆ ਨੂੰ ਪਰਾਇਆ ਧੰਨ ਅਤੇ ਪੁਤਰਾ ਨੂੰ ਵੰਸ਼ ਦੀ ਧਰੋਹਰ ਮੰਨਿਆ ਜਾਂਦਾ ਹੈ। ਕਿਹਾ ਜਾ ਰਿਹਾ ਹੈ ਕਿ ਕੇਵਲ ਬਰਾਬਰੀ ਦੇ ਅਧਿਕਾਰ ਨਾਲ ਹੀ ਔਰਤ ਸਹੀ ਤੌਰ ਉਪਰ ਸੁਰਖਿਅਤ ਹੋ ਸਕਦੀ ਹੈ।

ਸਦੀਆ ਤੋਂ ਅਬਲਾ ਨਾਰੀ ਦਾ ਫਤਵਾ ਕੇਵਲ ਇਸੇ ਤਰੀਕੇ ਉਤਾਰਿਆ ਜਾ ਸਕਦਾ ਹੈ। ਇਸ ਮਸਲੇ ਉਪਰ ਪਛਮੀ ਮੁਲਕ ਤਾਂ ਪਹਿਲੋਂ ਹੀ ਬੜੇ ਸਾਫ ਅਤੇ ਸਪਸ਼ਟ ਹਨ। ਉਨ੍ਹਾਂ ਮਰਦ ਅਤੇ ਔਰਤ ਦੇ ਬਰਾਬਰ ਅਧਿਕਾਰ ਤਹਿਤ ਧੀਆ ਪੁਤਰਾਂ ਨੂੰ ਜਾਇਦਾਦ ਦੇ ਮੁਆਮਲੇ ਬਰਾਬਰ ਦੇ ਹਿਸੇਦਾਰ ਬਣਾਉਣ ਲਈ ਕਨੂੰਨ ਬਣਾ ਰਖੇ ਹਨ ਅਤੇ ਅਮਲ ਵੀ ਕਰਦੇ ਹਨ। ਮਸਲਾ ਕੇਵਲ ਪੂਰਬੀ ਮੁਲਕਾਂ ਦਾ ਹੈ। ਖਾਸ ਤੌਰ ਉਪਰ ਭਾਰਤੀ ਅਤੇ ਪਾਕਿਸਤਾਨੀ ਲੋਕਾਂ ਦਾ ਹੈ ਜੋ ਇਸ ਮੁਆਮਲੇ ਮਰਦ ਪ੍ਰਧਾਨ ਪ੍ਰੰਪਰਾਵਾਂ ਦੇ ਤਹਿਤ ਚਲ ਰਹੇ ਹਨ। ਇਨ੍ਹਾ ਮੁਲਕਾਂ ਵਿਚ ਭਾਵੇ ਬਰਾਬਰੀ ਦੇ ਕਨੂੰਨ ਬਣੇ ਹੋਏ ਹਨ ਪਰ ਧੀਆ ਪੁਤਰਾਂ ਦੇ ਸਮਾਜਕ ਅਧਿਕਾਰ ਬਰਾਬਰ ਨਹੀਂ ਹਨ।

ਫਲਸਰੂਪ ਇਹ ਲੋਕ ਪਛਮੀ ਮੁਲਕਾਂ ਵਿਚ ਆਕੇ ਪ੍ਰੇਸ਼ਾਨ ਹਨ। ਜੋ ਸੰਸਕਾਰ ਅਤੇ ਸਿਖਸ਼ਾ ਬਚਪਨ ਤੋਂ ਮਿਲਦੀ ਆ ਰਹੀ ਹੈ, ਉਸ ਮੁਤਾਬਿਕ ਧੀਆ ਨੂੰ ਜਾਇਦਾਦ ਵਿਚ ਬਰਾਬਰ ਦਾ ਹਿਸਾ ਦੇਣ ਤੋਂ ਹਿਚਕਚਾਉਂਦੇ ਹਨ।

ਭਾਰਤ ਦੇ ਹਿੰਦੂ ਸਮਾਜ ਵਿਚ ਇਸ ਪ੍ਰਤੀ ਪ੍ਰੰਪਰਾਵਾ, ਮਰਦ ਦੇ ਹਕ ਵਿਚ ਹਨ। ਹਿੰਦੂ ਧਰਮ ਨੇ ਇਸ ਪਹਿਲੂ ਉਪਰ ਬਹੁਤ ਮਿਹਨਤ ਕੀਤੀ ਸੀ। ਮਹਾਭਾਰਤ ਅਤੇ ਰਮਾਇਣ ਜਹੀਆ ਕਹਾਣੀਆ ਰਾਹੀ ਇਸ ਮੁਦੇ ਨੂੰ ਪ੍ਰਚਾਰਿਆ ਸੀ। ਤੁਲਸੀਦਾਸ ਦੀਆ ਰਚਨਾਵਾਂ ਔਰਤ ਵਿਰੋਧੀ ਹਨ ਅਤੇ ਨੀਚਾ ਵਿਖਾਉਣ ਵਾਲੀਆ ਹਨ। ਮੁਸਲਿਮ ਸਮਾਜ ਹਿੰਦੂ ਸਮਾਜ ਤੋਂ ਵੀ ਸਖਤ ਹੈ। ਉਹ ਤਾਂ ਕੁੜੀਆ ਨੂੰ ਮੂੰਹ ਨੰਗਾ ਰੱਖਣ ਤੋਂ ਵੀ ਵਰਜਦਾ ਹੈ, ਜਦ ਕਿ ਮੁੰਡਿਆਂ ਨੂੰ ਹਰ ਤਰ੍ਹਾ ਦੀ ਅਜਾਦੀ ਦੇਂਦਾ ਹੈ। ਹਿੰਦੂ ਸਮਾਜ ਕਹਿੰਦਾ ਹੈ ਕਿ ਧੀਆ ਪਰਾਇਆ ਧਨ ਹੁੰਦੀਆ ਹਨ। ਉਹ ਪਿਤਾ ਪੁਰਖੀ ਜਾਇਦਾਦ ਵਿਚ ਹਿਸਾ ਨਹੀਂ ਵੰਡਾ ਸਕਦੀਆ। ਸ਼ਾਦੀ ਹੋ ਜਾਣ ਬਾਅਦ ਉਨ੍ਹਾ ਨੂੰ ਇਕ ਨਵੇਂ ਪ੍ਰੀਵਾਰ ਵਿਚ ਸਭ ਕੁਝ ਬਣਿਆ ਬਣਾਇਆ ਮਿਲ ਜਾਣਾ ਹੁੰਦਾ ਹੈ। ਧੀਆ ਭੈਣਾ ਨੂੰ ਭਰਾਵਾ ਨਾਲ ਸਰੀਕਾ ਨਹੀਂ ਬਣਾਉਣਾ ਚਾਹੀਦਾ। ਹਿਸਾ ਨਾ ਵੰਡਾਉਣ ਦਾ ਇਹ ਮਤਲਬ ਨਹੀਂ ਹੈ ਕਿ ਧੀਆ ਨੂੰ ਕੁਝ ਮਿਲੇਗਾ ਨਹੀਂ। ਸਮਾਜਕ ਵਿਗਿਆਨੀਆ ਨੇ ਐਸਾ ਸਮਾਧਾਨ ਰਚਿਆ ਸੀ ਜਿਸ ਤਹਿਤ ਧੀਆ ਨੂੰ ਸਾਰੀ ਉਮਰ ਆਪਣੇ ਮਾਪਿਆ ਵਲੋਂ ਹਰ ਸਮੇ ਕੁਝ ਨਾ ਕੁਝ ਮਦਦ ਮਿਲਦੀ ਰਹਿੰਦੀ ਹੈ। ਜਿਵੇਂ ਕਿ ਸ਼ਾਦੀ ਸਮੇ ਦਾਜ ਦਹੇਜ, ਬਚਿਆ ਦੇ ਜਨਮ ਉਤਸਵ (ਸ਼ਟੀ) ਸਮੇ ਸੂਸ਼ਕ, ਦੋਹਿਤੇ ਦੋਹਤੀਆ ਦੇ ਵਿਆਹਾ ਸਮੇ ਨਾਨਕੀ ਛਕ ਅਤੇ ਹੋਰ ਤਿਓਹਾਰਕ ਮਨੌਤਾ ਵਗੈਰਾ। ਇਹ ਸਿਸਟਮ ਐਡਾ ਸ਼ਕਤੀਸ਼ਾਲੀ ਰਿਹਾ ਹੈ ਕਿ ਇਸਦੀ ਅਵਗਿਆ ਕਦੇ ਨਹੀਂ ਸੀ ਹੁੰਦੀ। ਮਾਂ ਪਿਓ ਕਰਜੇ ਚੁਕਕੇ ਵੀ ਇਹ ਸਭ ਕੁਝ ਕਰਦੇ ਸਨ। ਨਾ ਕਰਨ ਵਾਲੇ ਨੂੰ ਸਮਾਜ ਲਾਹਨਤਾ ਪਉਂਦਾ ਸੀ। ਯਾਦ ਰਹੇ ਕਿ ਹਰ ਮਾ ਬਾਪ ਦੀ ਕੋਸ਼ਿਸ਼ ਹੁੰਦੀ ਹੈ ਕਿ ਧੀ ਭੈਣ ਉਸ ਘਰ ਵਿਆਹੀ ਜਾਵੇ ਜੋ ਉਨ੍ਹਾ ਤੋਂ ਵਧ ਅਮੀਰ ਹੋਵੇ, ਖਾਨਦਾਨੀ ਹੋਵੇ ਅਤੇ ਚੋਖੀ ਜਾਇਦਾਦ ਦੀ ਮਾਲਕੀ ਹੋਵੇ ਤਾਂ ਜੋ ਧੀ ਭੈਣ ਨੂੰ ਪਿਛਲ ਝਾਕ ਨਾ ਰਹੇ ਅਤੇ ਸੁਖੀ ਵਸੇ।

ਤੁਸੀਂ ਹੈਰਾਨ ਹੋਵੋਗੇ ਕਿ ਭਾਵੇਂ ਭਾਰਤੀ ਕਨੂੰਨ ਵੀ ਪਛਮੀ ਮੁਲਕਾਂ ਵਰਗੇ ਹੀ ਹਨ ਪਰ ਪ੍ਰੰਪਰਾਵਾਂ ਅਜ ਵੀ ਉਵੇਂ ਦੀਆ ਉਵੇਂ ਕਾਇਮ ਹਨ। ਹਿੰਦੂ ਸਕਸੈਸ਼ਨ ਐਕਟ 1956 ਦੀ ਧਾਰਾ 8 ਮੁਤਾਬਿਕ ਧੀਆ ਅਤੇ ਪੁਤਰ ਪਿਤਾ ਪੁਰਖੀ ਜਾਇਦਾਦ ਦੇ ਬਰਾਬਰ ਦੇ ਹਕਦਾਰ ਹਨ, ਜੇਕਰ ਮਾਪਿਆ ਨੇ ਕੋਈ ਵਸੀਹਤ ਨਹੀਂ ਕੀਤੀ ਹੋਈ। ਵਸੀਅਤ ਇਕ ਐਸੀ ਸੁਵੀਧਾ ਹੈ ਜਿਸ ਨਾਲ ਕਨੂੰਨ ਵਾਲੀ ਪ੍ਰਕਿਰਿਆ ਰੋਕੀ ਜਾ ਸਕਦੀ ਹੈ। 2005 ਵਿਚ ਸਕਸੈਸ਼ਨ ਐਕਟ ਵਿਚ ਅਮੈਂਡਮੈਂਟ ਹੋਈ ਸੀ ਕਿ ਧੀਆ ਕੇਵਲ ਪਿਤਾ ਦੀ ਜਾਇਦਾਦ ਵਿਚ ਹੀ ਨਹੀਂ ਸਗੋਂ ਪਹਿਲੇ ਪੁਰਖਿਆ ਦੀ ਜਾਇਦਾਦ ਵਿਚ ਵੀ ਬਰਾਬਰ ਹਿਸੇਦਾਰ ਹਨ। ਬਾਵਜੂਦ ਕਨੂੰਨੀ ਬਰਾਬਰ-ਅਧਿਕਾਰਾ ਦੇ, ਪ੍ਰੰਪਰਾਵਾਂ ਹਾਲਾ ਵੀ ਧਰਮ ਦੀ ਤਰ੍ਹਾ ਸਤਿਕਾਰੀਆ ਜਾਦੀਆ ਹਨ। ਮਾਪੇ ਵਸੀਹਤ ਕਰ ਦੇਂਦੇ ਹਨ ਕਿ ਕੁੜੀ ਨੂੰ ਉਸਦਾ ਹਿਸਾ ਦਾਜ ਦਹੇਜ ਦੇ ਰੂਪ ਵਿਚ ਦੇ ਦਿਤਾ ਜਾ ਚੁਕਾ ਹੈ। ਇਹ ਸਮਾਧਾਨ ਬਜ਼ੁਰਗਾ ਨੇ ਪ੍ਰੀਵਾਰਕ ਵਸੀਲਿਆ ਨੂੰ ਸਥਿਰ ਰੱਖਣ ਲਈ ਕੀਤੇ ਸਨ। ਵਿਸ਼ੇਸ਼ ਕਰਕੇ ਜ਼ਮੀਨ ਦੇ ਮੁਆਮਲੇ ਇਹ ਬਹੁਤ ਜਰੂਰੀ ਸਮਝਿਆ ਗਿਆ ਸੀ। ਪਿੰਡਾ ਵਿਚ ਮਧਵਰਗੀ ਪ੍ਰੀਵਾਰਾਂ ਕੋਲ ਸੀਮਤ ਜ਼ਮੀਨ ਹੁੰਦੀ ਸੀ। ਉਹ ਜ਼ਮੀਨ ਪ੍ਰੀਵਾਰ ਦੇ ਰੁਜ਼ਗਾਰ ਦਾ ਇਕੋ ਇਕ ਸਾਧਨ ਹੁੰਦੀ ਸੀ। ਅਜਿਹੇ ਪ੍ਰੀਵਾਰ ਵਿਚ ਜੇਕਰ ਇਕ ਤੋਂ ਵਧ ਪੁਤਰ ਪੈਦਾ ਹੋ ਜਾਣ ਤਾਂ ਬਾਪ ਨੂੰ ਜ਼ਮੀਨ ਦਾ ਬਟਵਾਰਾ ਕਰਨਾ ਪਵੇਗਾ। ਫਲਸਰੂਪ ਹਿਸਿਆ ਵਿਚ ਵੰਡੀ ਜ਼ਮੀਨ ਅਗਲੇ ਪ੍ਰੀਵਾਰਾ ਦੇ ਪਾਲਣ ਪੋਸ਼ਣ ਲਈ ਕਾਫੀ ਨਹੀਂ ਰਹਿ ਜਾਵੇਗੀ। ਸਮਾਧਾਨ ਵਜੋ ਬਾਪ ਚਾਹੇਗਾ ਕਿ ਇਕ ਪੁਤਰ ਉਸਦੇ ਨਾਲ ਰਹੇ ਬਾਕੀ ਦੇ ਜਾਂ ਤਾਂ ਬਾਹਰ ਜਾਕੇ ਨੌਕਰੀਆ ਕਰਨ ਜਾਂ ਵਿਆਹ ਨਾ ਕਰਵਾਉਣ ਤਾਂ ਜੋ ਜ਼ਮੀਨ ਦਾ ਬਟਵਾਰਾ ਨਾ ਹੋਵੇ। ਜ਼ਮੀਨ ਦੀ ਇਕੋ ਇਕ ਢੇਰੀ ਬਣੀ ਰਹੇ ਅਤੇ ਇਕ ਪ੍ਰੀਵਾਰ ਦਾ ਰੁਜ਼ਗਾਰ ਕਾਇਮ ਰਹੇ। ਜ਼ਮੀਨ ਦੇ ਬਟਵਾਰੇ ਦਾ ਮਤਲਬ ਗ਼ੁਬੀ ਨੂੰ ਅਵਾਜਾ ਦੇਣਾ ਮੰਨਿਆ ਜਾਂਦਾ ਸੀ।

ਗਰੀਬ ਮੁਲਕਾਂ ਦੇ ਬਚੇ ਅਜ ਇਸੇ ਕਾਰਣ ਵਿਦੇਸ਼ਾ ਵਲ ਨੂੰ ਭਜੇ ਜਾ ਰਹੇ ਹਨ। ਪੰਜਾਬ ਦਾ ਕੋਈ ਵਿਰਲਾ ਘਰ ਰਹਿ ਗਿਆ ਹੋਵਗਾ ਜਿਥੋਂ ਕੋਈ ਨਾ ਕੋਈ ਬੰਦਾ ਬਾਹਰਲੇ ਮੁਲਕਾ ਵਿਚ ਸੈਟਲ ਨਹੀਂ ਹੋਇਆ। ਪਛਮੀ ਮੁਲਕ, ਆਪਣੇ ਮੁਲਕ ਦੀ ਮਜ਼ਦੂਰ ਮਾਰਕਿਟ ਲਈ ਬਾਹਰਲੇ ਗ਼ੀਬ ਮੁਲਕਾਂ ਦੇ ਬੰਦਿਆ ਨੂੰ ਸਦਿਆ ਕਰਦੇ ਸੀ। ਕੋਈ ਫੀਸ ਨਹੀਂ ਸੀ ਲਈ ਜਾਂਦੀ ਇੰਮੀਗ੍ਰੇਸ਼ਨ ਦੇਣ ਖਾਤਰ। ਆਏ ਬੰਦਿਆ ਨੂੰ ਸਵੀਕਾਰ ਕਰ ਲਿਆ ਜਾਦਾ ਸੀ। ਪਰ ਹੁਣ ਇਹ ਤਰੀਕਾ ਬੰਦ ਹੋ ਚੁਕਾ ਹੈ ਕਿਓਂ ਕਿ ਬੇਅੰਤ ਪ੍ਰਵਾਸੀ ਲੋਕ ਪਹੁੰਚਣ ਲਗ ਪਏ ਹਨ। ਅਜ ਹਰ ਅਮੀਰ ਮੁਲਕ ਨੇ ਪਰਵਾਸੀ ਪ੍ਰਕਿਰਿਆ ਨੂੰ ਇਕ ਇੰਡਸਟਰੀ ਬਣਾ ਲਿਆ ਹੈ। ਪੈਸਾ ਕਮਾਇਆ ਜਾ ਰਿਹਾ ਹੈ। ਖਾਸ ਤੌਰ ਤੇ ਸਟੂਡੈਂਟ ਸਿਸਟਮ ਨੇ ਤਾਂ ਕਮਾਲ ਕਰ ਰੱਖੀ ਹੈ। ਬਾਹਰਲੇ ਬਚਿਆ ਨੂੰ ਆਪਣੇ ਮੁਲਕ ਵਿਚ ਰੱਖਕੇ ਤਾਲੀਮ ਦੇਣ ਖਾਤਰ ਵਡੀਆ ਫੀਸਾਂ ਲਈਆ ਜਾਂਦੀਆਂ ਹਨ ਅਤੇ ਬਾਅਦ ਵਿਚ ਉਨ੍ਹਾ ਨੂੰ ਵਰਕ ਪ੍ਰਮਟ ਦੇਕੇ ਜਾਂ ਇੰਮੀਗ੍ਰੇਸ਼ਨ ਦੇਕੇ ਆਪਣੀ ਵਰਕ ਫੋਰਸ ਵਿਚ ਸ਼ਾਮਲ ਕਰ ਲਿਆ ਜਾਂਦਾ ਹੈ। ਜਦਕਿ ਆਪਣੇ ਮੁਲਕ ਦੇ ਬਚਿਆ ਨੂੰ ਹਾਈ ਸਕੂਲ ਤਕ ਮੁਫਤ ਪੜ੍ਹਾਇਆ ਜਾਂਦਾ ਹੈ ਅਤੇ ਉਚੇਰੀ ਪੜ੍ਹਾਈ ਲਈ ਅਨੇਕਾ ਬਜੀਫੇ ਅਤੇ ਲੋਨ ਲੈਣ ਦੀਆ ਸੁਵੀਧਾਵਾਂ ਹਨ। ਪਛਮੀ ਮੁਲਕਾਂ ਦੀ ਇਸ ਧਾਦਲੀ ਦੀ ਪਿਠ ਭੂਮੀ ਵਿਚ ਇਕੋ ਇਕ ਕਾਰਣ ਹੈ ਕਿ ਸਊਥ ਏਸ਼ੀਅਨ ਪ੍ਰੀਵਾਰਾ ਵਿਚ ਨਿਰਬਾਹ ਵਸੀਲੇ ਸੀਮਤ ਹੋ ਰਹੇ ਹਨ ਅਤੇ ਜਾਇਦਾਦਾਂ ਨੂੰ ਕਾਇਮ ਰੱਖਣ ਲਈ ਬਚਿਆ ਨੂੰ ਆਪਣੇ ਨਾਲ ਜੋੜਕੇ ਰੱਖਣ ਵਿਚ ਮੁਸ਼ਕਿਲ ਬਣ ਰਹੀ ਹੈ। ਕੀ ਕਾਰਣ ਹਨ ਕਿ ਬਾਵਜੂਦ ਬਣੇ ਹੋਏ ਕਨੂੰਨਾਂ ਦੇ, ਲੋਕ ਮਨਾ ਵਿਚ ਕਨੂੰਨਾ ਦਾ ਅਸਰ ਨਹੀਂ ਹੈ। ਆਪਣੀ ਮਰਜੀ

ਨਾਲ ਕੁੜੀਆ ਨੂੰ ਬਣਦੇ ਹਿਸੇ ਨਹੀਂ ਦਿਤੇ ਜਾਂਦੇ। ਕੁੜੀਆ ਵੀ ਚੁਪ ਰਹਿੰਦੀਆ ਹਨ। ਮਾਵਾਂ ਵੀ ਚੁਪ ਰਹਿੰਦੀਆਂ ਹਨ ਜਦਕੇ ਉਹ ਵੀ ਕਿਸੇ ਦੀਆ ਧੀਆਂ ਹੁੰਦੀਆ ਹਨ। ਆਓ ਕਾਰਣਾ ਦਾ ਭੇਦ ਪਤਾ ਕਰੀਏ। ਵਡਾ ਕਾਰਣ ਇਸ ਤਰਾਂ ਦੀ ਬਰਾਬਰੀ-ਵੰਡ ਨਾਲ ਉਤਪਨ ਹੋਣ ਵਾਲੇ ਝਮੇਲੇ ਹਨ। ਜਦ ਇਕ ਸੰਯੁਕਤ ਪ੍ਰੀਵਾਰ ਵਿਚ ਧੀਆ ਪੁਤਰ ਪੈਦਾ ਹੋ ਜਾਂਦੇ ਹਨ ਤਾਂ ਪ੍ਰੀਵਾਰ ਵਿਚ ਰੌਣਕਾਂ ਲਗਦੀਆ ਹਨ। ਭੈਣਾ ਭਰਾਵਾ ਦਾ ਅਨੋਖਾ ਪਿਆਰ ਵਿਗਸਦਾ ਹੈ। ਭਰਾ ਆਪਣੀ ਭੈਣ ਦਾ ਹਮੇਸ਼ਾ ਰਖਸ਼ਕ ਬਣਿਆ ਰਹਿੰਦਾ ਹੈ। ਭੈਣ ਆਪਣੇ ਭਰਾ ਨੂੰ ਚੰਦ ਵੀਰਾ ਆਖਦੀ ਹੈ। ਇਹ ਪਿਆਰ ਅਦੁਤੀ ਹੁੰਦਾ ਹੈ। ਸਾਰੀ ਸਾਰੀ ਉਮਰ ਭੈਣਾ ਭਰਾਵਾ ਦਾ ਪਿਆਰ ਕਦੇ ਘਟਦਾ ਨਹੀਂ। ਪਰ ਭਰਾਵਾ ਭਰਾਵਾ ਦਾ ਆਪਸੀ ਪਿਆਰ ਅਜਿਹਾ ਨਹੀਂ ਹੁੰਦਾ। ਉਨ੍ਹਾ ਵਿਚ ਇਕ ਦੂਸਰੇ ਨਾਲ ਹਸਦ ਅਤੇ ਈਰਖਾ ਬਣਦੀ ਹੈ। ਮਾਪੇ ਇਸ ਸਿਲਸਿਲੇ ਬਹੁਤੇ ਜਾਗਰੂਕ ਨਹੀਂ ਹੁੰਦੇ। ਉਹ ਕਿਸੇ ਪੁਤ ਨੂੰ ਜ਼ਿਆਦਾ ਅਤੇ ਕਿਸੇ ਨੂੰ ਘਟ ਪਿਆਰ ਦੇਂਦੇ ਹਨ। ਬਹੁਤੇ ਮਾਪਿਆ ਨੂੰ ਪੁਤਰਾਂ ਲਈ ਜਜ਼ਬਾਤੀ ਬਰਾਬਰਤਾ ਰੱਖਣ ਦੀ ਨਾ ਸੋਝੀ ਹੁੰਦੀ ਹੈ ਅਤੇ ਨਾ ਉਹ ਇਸ ਪ੍ਰਤੀ ਧਿਆਨ ਦੇਂਦੇ ਹਨ। ਫਲਸਰੂਪ ਭਰਾਵਾ ਵਿਚ ਅਕਸਰ ਮਤਭੇਦ ਬਣਦੇ ਹਨ। ਜਦ ਜਾਇਦਾਦ ਵੰਡਣ ਦਾ ਮੌਕਾ ਆਉਂਦਾ ਹੈ ਤਾਂ ਇਹ ਮਸਲੇ ਹੋਰ ਪੇਚੀਦਾ ਹੋ ਜਾਂਦੇ ਹਨ। ਭਰਾ ਇਕ ਦੂਸਰੇ ਦੇ ਸ਼ਰੀਕ ਬਣ ਜਾਂਦੇ ਹਨ। ਜੇਕਰ ਧੀਆ ਵੀ ਇਸ ਸਿਲਸਿਲੇ ਪੁਤਰਾਂ ਦੀ ਤਰ੍ਹਾ ਸੋਚਣ ਲਗ ਜਾਣ ਤਾਂ ਸਮਝੋ ਭੈਣ ਭਰਾਵਾ ਵਾਲਾ ਅਦੁਤੀ ਪਿਆਰ ਖਤਮ। ਫਿਰ ਉਹ ਵੀ ਭਰਾਵਾ ਦੀਆ ਸ਼ਰੀਕ ਬਣ ਜਾਣਗੀਆ। ਸਮਾਜ ਵਿਗਿਆਨੀਆ ਨੇ ਧੀਆ ਨੂੰ ਇਸ ਝਗੜੇ ਬਾਜੀ ਤੋਂ ਬਾਹਰ ਰਖਣ ਲਈ 'ਨਾ ਬਰਾਬਰਤਾ' ਵਾਲਾ ਵਿਕਲਪ ਬਣਾਇਆ ਸੀ ਜੋ ਹਜਾਰਾ ਸਾਲਾ ਤੋਂ ਬਹੁਤ ਕਾਮਯਾਬੀ ਨਾਲ ਚਲ ਰਿਹਾ ਹੈ। ਧੀਆ, ਮਾਵਾ ਅਤੇ ਭੈਣਾ ਸਭ ਇਸ ਪ੍ਰੰਪਰਾ ਦੀਆ ਸਹਿਯੋਗੀ ਹਨ। ਪ੍ਰੀਵਾਰਕ ਸਾਝਾਂ ਪਿਛੇ ਜਾ ਪੂਰਬ ਦੇ ਲੋਕਾਂ ਵਿਚ ਇਕ ਦੂਸਰੇ ਨਾਲ ਜੁੜੇ ਰਹਿਣ ਮਗਰ ਕੇਵਲ ਇਕੋ ਇਕ ਕਾਰਣ ਹੈ, ਉਹ ਹੈ ਧੀਆ ਜਾਂ ਭੈਣਾ। ਇਨ੍ਹਾ ਦੇ ਅਦੁਤੀ ਪਿਆਰ ਨੇ ਸੰਸਾਰ ਨੂੰ ਰਹਿਣ ਯੋਗ ਬਣਾਈ ਰਖਿਆ ਹੈ। ਧੀਆ ਕਦੇ ਮਾਪਿਆ ਨੂੰ ਨਹੀਂ ਭੁਲ ਸਕਦੀਆ ਅਤੇ ਮਾਪੇ ਕਦੇ ਧੀਆ ਦਾ ਸਾਥ ਨਹੀ ਛਡਦੇ। ਭੈਣਾ ਆਪਣੇ ਭਰਾਂਵਾ ਦੀਆ ਹਮੇਸ਼ਾ ਹਮਦਰਦ ਬਣੀਆ ਰਹਿੰਦੀਆ ਹਨ। ਭਰਾ, 'ਭੈਣ ਪਿਆਰ' ਨੂੰ ਕਦੇ ਨਹੀਂ ਵਿਸਾਰ ਸਕਦੇ। ਕਦੇ ਗਹੁ ਨਾਲ ਵੇਖੀਏ ਤਾਂ ਪਤਾ ਚਲਦਾ ਹੈ ਕਿ ਕਨੇਡਾ ਵਿਚ ਫੈਮਲੀ-ਯੂਨੀਅਨ ਦੀਆ ਬਿਨੇਕਾਰ ਅਮੂਮਨ ਧੀਆ ਜਾਂ ਭੈਣਾ ਹੀ ਹੁੰਦੀਆ ਹਨ। ਧੀ ਆਪਣੇ ਮਾਤਾ ਪਿਤਾ ਨੂੰ ਸਦਦੀ ਹੈ ਜਾਂ ਇਕ ਭੈਣ ਆਪਣੇ ਭਰਾ ਨੂੰ ਸਪਾਂਸਰ ਕਰਦੀ ਹੈ। ਇਸ ਸੱਚ ਮਗਰ ਜੋ ਕਾਰਣ ਹੈ ਉਹ ਹੈ ਅਨੋਖਾ ਅਤੇ ਅਦੁਤੀ ਪਿਆਰ ਜੋ ਪ੍ਰੰਪਰਾਵਾ ਅਤੇ ਸੰਸਕਾਰਾ ਨਾਲ ਵਿਗਸਦਾ ਹੈ।



ਦੂਸਰਾ ਵਡਾ ਕਾਰਣ ਜਿਸ ਸਦਕੇ ਬਰਾਬਰੀ-ਹਕ ਲਈ ਲੋਕ ਤਿਆਰ ਨਹੀਂ ਹਨ, ਉਹ ਹੈ ਵੰਡ ਵੇਲੇ ਹੋਣ ਵਾਲੀ ਦਿਕਤ। ਮੰਨ ਲਵੋ ਇਕ ਪ੍ਰੀਵਾਰ ਵਿਚ ਇਕ ਧੀ ਅਤੇ ਇਕ ਪੁਤਰ ਹੈ। ਪੁਤਰ ਆਪਣੇ ਪ੍ਰੀਵਾਰ ਵਿਚ ਮਾਪਿਆ ਨਾਲ ਇਕ ਪਿੰਡ ਵਿਚ ਰਹਿੰਦਾ ਹੈ। ਜ਼ਮੀਨ ਇਕ ਪ੍ਰੀਵਾਰ ਦੇ ਨਿਰਬਾਹ ਵਾਸਤੇ ਮਸਾ ਕਾਫੀ ਹੈ। ਧੀ ਵਿਆਹ ਤੋਂ ਬਾਅਦ ਦੂਸਰੇ ਪਿੰਡ ਚਲੇ ਜਾਂਦੀ ਹੈ। ਜ਼ਮੀਨ ਵੰਡੀ ਗਈ। ਸਵਾਲ ਖੜ੍ਹਦਾ ਹੈ ਕਿ ਧੀ ਆਪਣੇ ਹਿਸੇ ਦੀ ਜ਼ਮੀਨ ਨੂੰ ਕਿਵੇਂ ਆਪਣੇ ਸਹੁਰੇ ਪਿੰਡ ਸ਼ਿਫਟ ਕਰੇਗੀ। ਜੇਕਰ ਵੇਚਦੀ ਹੈ ਤਾਂ ਭਰਾ ਦਾ ਗੁਜ਼ਾਰਾ ਚਲਣਾ ਔਖਾ ਹੋ ਜਾਵੇਗਾ। ਜੇਕਰ ਭਰਾ ਤੋਂ ਇਵਜਾਨਾ ਮੰਗਦੀ ਹੈ ਤਾਂ ਵੀ ਭਰਾ ਦੇ ਪ੍ਰੀਵਾਰ ਲਈ ਮੁਛਕਿਲ ਬਣਦੀ ਹੈ। ਇਸੇ ਤਰ੍ਹਾ ਜ਼ਮੀਨ ਦੀ ਬਜਾਏ ਜੇਕਰ ਕੋਈ ਦੁਕਾਨ ਦਾਰੀ ਜਾਂ ਵਿਓਪਾਰਕ ਅਦਾਰੇ ਦਾ ਕੇਸ ਹੈ ਤਾ ਵੀ ਉਹੀ ਦਿਕਤ ਬਣੇਗੀ। ਕਿਸੇ ਵੀ ਵਿਓਪਾਰ ਵਿਚ ਜੋ ਕੁਝ ਚਲ ਰਿਹਾ ਹੈ ਹੁੰਦਾ ਹੈ, ਉਸ ਵਿਚੋਂ ਕੁਝ ਵੀ ਮਨਫੀ ਕਰੋ ਤਾਂ ਸਭ ਕੁਝ ਡਾਵਾਡੋਲ ਹੋ ਜਾਂਦਾ ਹੈ। ਕੌਣ ਭੈਣ ਆਪਣੇ ਭਰਾ ਨਾਲ ਇਹ ਸਲੂਕ ਕਰਨਾ ਚਾਹੇਗੀ। ਕੌਣ ਆਪਣੇ ਭਰਾ ਦੀ ਸਰੀਕ ਬਣਨਾ ਚਹੇਗੀ ਜਾਂ ਕੌਣ ਭੈਣ ਆਪਣੇ ਭਰਾ ਦੀ ਬੇੜੀ ਵਿਚ ਮੋਰੀ ਕਰੇਗੀ। ਸਮਾਜ ਦੇ ਬਜ਼ੁਰਗਾ ਨੇ ਕੁੜੀਆ ਨੂੰ ਇਸ ਝੰਜਟ ਤੋਂ ਬਾਹਰ ਰਖਕੇ ਜਨਸਧਾਰਣ ਲਈ ਬੜੀ ਅਰਾਮਦੇਹੀ ਪੈਦਾ ਕੀਤੀ ਸੀ ਜਿਸ ਸਦਕਾ ਅਜ ਤਕ ਸਮਾਜ ਕੁਸ਼ਲਤਾ ਪੂਰਵਕ ਚਲ ਰਿਹਾ ਹੈ ਅਤੇ ਆਪਸੀ ਪ੍ਰੇਮ ਪਿਆਰ ਦਾ ਮੁਜਸਮਾ ਹੈ। ਜਦ ਇਕ ਲੜਕਾ ਵਿਆਹਿਆ ਜਾਂਦਾ ਹੈ ਤਾਂ ਇਕ ਨਵੇਂ ਪ੍ਰੀਵਾਰ ਦਾ ਮੁਢ ਬਝਦਾ ਹੈ। ਬਚੇ ਪੈਦਾ ਹੁੰਦੇ ਹਨ। ਬਚਿਆ ਦੀ ਪ੍ਰਵਰਿਸ਼ ਦੀ ਜੁਮੇਦਾਰੀ ਮਾਤਾ ਪਿਤਾ ਦੀ ਰਹਿੰਦੀ ਹੈ। ਬਚਿਆ ਨੂੰ ਚੰਗੇ ਸੰਸਕਾਰ ਦੇਣੇ, ਉਚ ਸਿਖਸ਼ਾ ਦੇਕੇ ਬਰਸਰੇ ਰੁਜ਼ਗਾਰ ਬਣਾਉਣਾ ਅਤੇ ਉਨ੍ਹਾ ਦੀ ਕਾਮਯਾਬੀ ਦੀ ਕਾਮਨਾ ਹਿਤ ਪ੍ਰਮਾਤਮਾ ਅਗੇ ਅਰਦਾਸ ਕਰਨਾ ਇਹ ਸਭ ਕੁਝ ਮਾਪੇ ਆਪਣੇ ਬਚਿਆ ਲਈ ਅਕਸਰ ਕਰਦੇ ਹਨ। ਜਿਥੇ ਇਹ ਸਭ ਕੁਝ ਕੁਦਰਤ ਦੇ ਵਿਧਾਨ ਅਨੁਸਾਰ ਹੁੰਦਾ ਹੈ, ਉਥੇ ਇਹ ਵੀ ਕੁਦਰਤੀ ਹੈ ਕਿ ਮਾਪੇ ਆਪਣੇ ਉਸ ਸਮੇ ਦਾ ਬੰਦੋਬਸਤ ਵੀ ਕਰਨ ਜਦ ਉਨ੍ਹਾ ਨੇ ਬੁਡਾਪੇ

ਨਾਲ ਨਿਭਣਾ ਹੈ। ਉਸ ਨਾਜ਼ੁਕ ਸਮੇ ਲਈ ਘਟੋ ਘਟ ਇਕ ਬਚੇ ਨੂੰ ਆਪਣੇ ਨਾਲ ਜੋੜੀ ਰਖਣਾ ਜਰੂਰੀ ਬਣ ਜਾਂਦਾ ਹੈ। ਉਹ ਬਚਾ ਬੁਡਾਪੇ ਦੀ ਡੰਗੋਰੀ ਬਣੇਗਾ। ਇਸ ਮਕਸਦ ਲਈ ਆਪਣਾ ਬਣਿਆ ਹੋਇਆ ਆਲ੍ਹਣਾ ਕਾਇਮ ਰਖਣਾ ਵੀ ਬੜਾ ਜਰੂਰੀ ਹੈ ਜਿਥੇ ਅਰਾਮ ਨਾਲ ਸਰੀਰ ਤਿਆਗਿਆ ਜਾ ਸਕੇ। ਸਮੇ ਨੇ ਬੜਾ ਕੁਝ ਉਲਟ ਪੁਲਟ ਕਰ ਦਿਤਾ ਹੈ। ਸਾਰੀ ਸਾਰੀ ਉਮਰ ਜਿਥੇ ਬਜ਼ੁਰਗ ਰਹੇ ਹੋਣ, ਉਸ ਜਗਾਹ ਨਾਲ ਇਕ ਅਟੁਟ ਰਿਸ਼ਤਾ ਬਣ ਜਾਦਾ ਹੈ। ਸਮੇ ਦੇ ਫੇਰ ਕਾਰਣ ਜਦ ਅਜਿਹੇ ਬਜ਼ੁਰਗਾਂ ਨੂੰ ਵਿਦੇਸ਼ਾ ਵਿਚ ਜਾ ਦੂਰ ਦੁਰਾਡੇ ਰਹਿੰਦੇ ਕਿਸੇ ਬਚੇ ਕੋਲ ਜਾਕੇ ਰਹਿਣਾ ਪੈ ਜਾਵੇ ਤਾਂ ਮਾਨਸਿਕ ਤੌਰ ਉਪਰ ਜੋ ਬੀਤਦਾ ਹੈ, ਉਹ ਸਿਰਫ ਉਹੀ ਜਾਣਦਾ ਹੈ। ਬਜ਼ੁਰਗ ਅਕਸਰ ਉਦਾਸੇ ਜਾਂਦੇ ਹਨ ਅਤੇ ਅਗੇਤੇ ਹੀ ਦੁਨੀਆ ਤੋਂ ਰੁਖਸਤ ਹੋ ਜਾਂਦੇ ਹਨ। ਇਸ ਕਾਰਣ ਹਰ ਬਜ਼ੁਰਗ ਚਹੁੰਦਾ ਹੈ ਕਿ ਆਖਰੀ ਉਮਰ ਵਿਚ ਆਪਣੇ ਜਦੀ ਘਰ ਵਿਚ ਹੀ ਰਿਹਾ ਜਾਵੇ। ਐਸਾ ਬੰਦੋਬਸਤ ਕੇਵਲ ਪੂਰਵੀ ਸੰਸਕਾਰਾ ਵਿਚ ਹੀ ਸੰਭਵ ਹੈ, ਜਿਥੇ ਬਚਿਆ ਦੇ ਅਗਲੇ ਜੀਵਨ ਦੀ ਰੂਪਰੇਖਾ ਵਾਸਤੇ ਮਾਪਿਆ ਕੋਲ ਕੋਈ ਅਧਿਕਾਰ ਹਨ। ਉਹ ਅਧਿਕਾਰ ਵਸੀਹਤ ਹੈ ਜਿਸਦਾ ਹਰ ਮੁਲਕ ਵਿਚ ਸਤਿਕਾਰ ਕੀਤਾ ਜਾਂਦਾ ਹੈ ਅਤੇ ਹਰ ਮੁਲਕ ਦਾ ਕਨੂੰਨ ਇਸ ਅਗੇ ਝੁਕਦਾ ਹੈ। ਕਨੂੰਨ ਲੋਕਾਂ ਦੀਆ ਦਿਕਤਾਂ ਨੂੰ ਸੌਖਾ ਕਰਨ ਲਈ ਬਣਦੇ ਹਨ। ਯਾਦ ਰਹੇ ਕਿ ਕਨੂੰਨ ਜੀਵਨ ਦੇ ਹਰ ਪਹਿਲੂ ਉਪਰ ਬਣੇ ਹੁੰਦੇ ਹਨ। ਜੇਕਰ ਇਨ੍ਹਾ ਦੀ ਅੰਨੇਵਾਹ ਵਰਤੋਂ ਕੀਤੀ ਜਾਵੇ ਤਾਂ ਜੀਵਨ ਦਾ ਚਲਣਾ ਔਖਾ ਹੋ ਜਾਵੇ।

ਮਿਸਾਲ ਵਜੋਂ: ਫੈਕਟਰੀਆ ਵਿਚ ਜਦ ਹੜਤਾਲ ਕਰਨ ਦੀ ਨੌਬਤ ਬਣਦੀ ਹੈ ਤਾਂ ਉਸਤੋਂ ਪਹਿਲਾਂ ਯੂਨੀਅਨ, 'ਵਰਕ ਟੂ ਰੂਲ ਪਾਲਿਸੀ' ਅਪਨਾਉਂਦੀ ਹੈ। ਇਸਦਾ ਮਤਲਬ ਹੁੰਦਾ ਹੈ ਕਿ ਜੋ ਕਨੂੰਨ ਬਣੇ ਹੁੰਦੇ ਹਨ, ਉਨ੍ਹਾਂ ਮੁਤਾਬਿਕ ਕੰਮ ਕਰੋ। ਇਸ ਪਰਕ੍ਰਿਆ ਨਾਲ ਕੰਮ ਤਕਰੀਬਨ ਬੰਦ ਹੋਣ ਵਰਗਾ ਮਹੌਲ ਬਣ ਜਾਂਦਾ ਹੈ। ਕਹਿਣ ਤੋਂ ਭਾਵ ਕਿ ਕਨੂੰਨਾ ਨੂੰ ਅੰਨੇਵਾਹ ਨਹੀਂ ਵਰਤਿਆ ਜਾਂਦਾ। ਜਦ ਕਿਸੇ ਦੀ ਧੀ ਕਿਸੇ, ਧੋਖੇਬਾਜ ਪਤੀ ਨਾਲ ਵਿਆਹੀ ਜਾਂਦੀ ਹੈ ਤਾਂ ਉਸ ਬਚੀ ਲਈ ਬਿਪਤਾ ਬਣਦੀ ਹੈ। ਪਤੀ ਘਰੋਂ ਕਢ ਦੇਂਦਾ ਹੈ। ਧੀ ਦੇ ਮਾਂ ਬਾਪ ਮਰ ਚੁਕੇ ਹੁੰਦੇ ਹਨ। ਉਸ ਕੇਸ ਵਿਚ ਧੀ ਧਿਆਣੀ ਕੀ ਕਰੇ। ਸਹੁਰੇ ਘਰ ਰਹਿ ਨਹੀ ਸਕਦੀ ਕਿਓ ਕਿ ਪਤੀ ਰਖਣਾ ਨਹੀਂ ਚਹੁੰਦਾ।

ਕਨੂੰਨ ਦਾ ਸਹਾਰਾ ਨਹੀਂ ਲੈ ਸਕਦੀ ਕਿਓ ਕਿ ਪੈਸਾ ਕੋਲ ਨਹੀਂ ਅਤੇ ਪੈਰਵਹੀ ਕਰਨ ਵਾਲਾ ਕੋਈ ਹੈ ਨਹੀਂ। ਪੇਕੇ ਘਰ ਵਿਚ ਥਾ ਨਹੀਂ ਮਿਲਦੀ ਕਿਓ ਕਿ ਭਰਜਾਈਆਂ ਰੱਖਣਾ ਨਹੀਂ ਚਹੁੰਦੀਆ। ਭਰਾਵਾ ਦੀ ਪੇਸ਼ ਨਹੀਂ ਜਾਦੀ। ਅਜਿਹੇ ਹਾਲਾਤਾ ਵਿਚ ਵਿਚਾਰੀ ਧੀ ਕੀ ਕਰੇ। ਅਜਿਹੇ ਮੁਆਮਲਿਆ ਦੇ ਮੱਦੇਨਜ਼ਰ ਕਨੂੰਨ ਬਣੇ ਸਨ ਕਿ ਧੀ ਦਾ ਵੀ ਪਿਤਾਪੁਰਖੀ ਜਾਇਦਾਦ ਵਿਚ ਹਿਸਾ ਹੋਵੇ। ਅਜਿਹੇ ਹਾਲਾਤਾ ਵਿਚ ਧੀ ਆਪਣੇ ਭਰਾਵਾ ਤੋਂ ਹਿਸਾ ਲੈ ਸਕਦੀ ਹੈ। ਯਾਦ ਰਹੇ ਕਿ ਅਜਿਹੇ ਕੇਸ ਸਮਾਜ ਵਿਚ ਬਹੁਤੇ ਨਹੀ ਹੁੰਦੇ। ਉਨ੍ਹਾ ਪ੍ਰੀਵਾਰਾ ਨਾਲ ਹੀ ਵਾਪਰਦੇ ਹਨ ਜਿਥੇ ਚੰਗੇ ਸੰਸਕਾਰ ਬਚਿਆ ਨੂੰ ਨਹੀ ਮਿਲੇ ਹੁੰਦੇ ਵਰਨਾ ਧੀਆ ਨੂੰ ਉਨ੍ਹਾ ਦੇ ਪ੍ਰੀਵਾਰ ਕਦੇ ਨਹੀਂ ਦੁਰਕਾਰਦੇ। ਹਰ ਪਿੰਡ ਵਿਚ ਇਕ ਦੋ ਕੇਸ ਐਸੇ ਹੁੰਦੇ ਹਨ ਜਿਥੇ ਛੁਟੜ ਧੀਆ ਭੈਣਾ ਆਪਣੇ ਸੰਯੁਕਤ ਪ੍ਰੀਵਾਰ ਵਿਚ ਕੁਸ਼ਲਤਾ ਪੂਰਵਿਕ ਰਹਿ ਰਹੀਆਂ ਹੁੰਦੀਆ ਹਨ ਅਤੇ ਸਾਰੇ ਪਿੰਡ ਦੇ ਬਚੇ ਉਨਾ ਨੂੰ ਭੂਆ ਜੀ ਕਹਿੰਦੇ ਹਨ। ਪ੍ਰੀਵਾਰ ਵਿਚ ਉਨ੍ਹਾ ਦੀ ਪੁਛ ਪ੍ਰਤੀਤ ਹੁੰਦੀ ਹੈ। ਕਈ ਪ੍ਰੀਵਾਰਾ ਵਿਚ ਇਕ ਜਾਂ ਦੋ ਛੜੇ ਬੰਦੇ ਵੀ ਹੁੰਦੇ ਹਨ। ਆਪਣੀ ਮਰਜੀ ਨਾਲ ਜਾਂ ਪ੍ਰੀਵਾਰ ਦੀ ਸਲਾਹ ਨਾਲ, ਵਿਆਹ ਨਹੀਂ ਕਰਵਾਉਂਦੇ ਤਾਂ ਜੋ ਜਾਇਦਾਦ ਦੀ ਇਕ ਢੇਰੀ ਬਣੀ ਰਹੇ। ਮਜ਼ੇ ਦੀ ਗਲ ਇਹ ਕਿ ਅਜਿਹੇ ਵਿਅਕਤੀ ਪ੍ਰੀਵਾਰਾ ਵਿਚ ਕਦੇ ਦੁਰਕਾਰੇ ਨਹੀਂ ਜਾਂਦੇ ਸਗੋਂ ਉਹ ਵਿਆਹੇ ਬੰਦੇ ਨਾਲੋਂ ਜ਼ਿਆਦਾ ਇਜ਼ਤ ਰਖਵਾਉਂਦੇ ਹਨ। ਬਚਿਆ ਦਾ ਛੜਾ ਤਾਇਆ ਜਾਂ ਚਾਚਾ ਨਰਾਜ਼ ਹੋ ਗਿਆ ਤਾਂ ਆਪਣਾ ਹਿਸਾ ਮੰਗ ਲਵੇਗਾ ਅਤੇ ਪ੍ਰੀਵਾਰ ਲਈ ਮੁਛਕਿਲ ਬਣ ਜਾਵੇਗੀ। ਘਰ ਵਿਚ ਮਿਲਦੀ ਪੂਰੀ ਇਜ਼ਤ ਕਾਰਣ ਛੜੇ ਵਿਅਕਤੀ ਕਦੇ ਓਦਰਦੇ ਨਹੀਂ। ਪਿਆਰ ਬਣਿਆ ਰਹਿੰਦਾ ਹੈ। ਇਹ ਸਭ ਕੁਝ ਕਿਸੇ ਕਨੂੰਨ ਦੇ ਡਰ ਕਾਰਣ ਨਹੀਂ ਹੁੰਦਾ ਸਗੋਂ ਆਪਣੇ ਆਪ ਪਨਪੇ ਸੰਸਕਾਰਾ ਕਾਰਣ ਵਾਪਰਦਾ ਹੈ ਜੋ ਸਮਾਜਕ ਵਿਗਿਆਨੀਆ ਨੇ ਪ੍ਰਵਾਰਾ ਨੂੰ ਸੰਯੁਕਤ ਰਖਣ ਲਈ ਪੈਦਾ ਕੀਤੇ ਸਨ।

ਸਮਾ ਬਦਲਿਆ ਹੈ। ਲੋਕ ਦੂਰ ਦੁਰਾਡੇ ਦੇਸ਼ਾ ਵਿਚ ਪਹੁੰਚੇ ਚੁਕੇ ਹਨ, ਜਿਥੇ ਕਨੂੰਨਾ ਦਾ ਰਾਜ ਹੈ। ਪਰ ਸਊਥ ਏਸ਼ੀਅਨ ਭਾਈਚਾਰਾ ਆਪਣੀਆ ਸਮਾਜਕ ਪ੍ਰੰਪਰਾਵਾ ਦਾ ਧਾਰਨੀ ਹੈ। ਕੁੜੀਆ ਨੂੰ ਭਰਾਵਾ ਦੇ ਬਰਾਬਰ ਹਿਸੇ ਨਹੀਂ ਮਿਲਦੇ। ਨਾ ਭੈਣਾ ਕੋਈ ਚਾਰਾ ਜੋਈ ਕਰਦੀਆ ਹਨ। ਚੁਪ ਚੁਪਾਤੇ ਸਭ ਕੁਝ ਚਲੀ ਜਾ ਰਿਹਾ ਹੈ। ਬਾਹਰ ਵੀ ਮਸਲੇ ਉਹੀ ਹਨ। ਵਿਦੇਸ਼ਾ ਵਿਚ ਪੁਰਖਿਆ ਦੀਆ ਜਾਇਦਾਦਾ ਦਾ ਮਸਲਾ ਬਹੁਤਾ ਨਹੀਂ ਕਿਓ ਕਿ ਬਾਹਰਲੇ ਮੁਲਕਾਂ ਵਿਚ ਆਇਆਂ ਬਹੁਤੀ ਦੇਰ ਨਹੀਂ ਹੋਈ। ਅਮੂਮਨ ਮਾਪਿਆ ਦੀ ਜਾਇਦਾਦ ਦਾ ਹੀ ਮਸਲਾ ਹੈ। ਮਾਪੇ, ਆਪਣੀ ਧੀ ਕੋਲ ਰਹਿੰਦੇ ਹਨ ਜਾਂ ਪੁਤਰ ਕੋਲ। ਜਿਸ ਘਰ ਵਿਚ ਰਹਿੰਦੇ ਹਨ ਉਸ ਵਿਚ ਧੀ ਜਾ ਪੁਤਰ ਦਾ ਨਾਮ ਵੀ ਹੈ। ਜਦ ਮਾਪੇ ਦੁਨੀਆ ਤੋਂ ਚਲੇ ਜਾਂਦੇ ਹਨ ਤਾਂ ਉਹ ਘਰ ਅਸਾਨੀ ਨਾਲ ਉਸ ਧੀ ਜਾਂ ਪੁਤਰ ਦੇ ਨਾਮ ਹੋ ਸਕਦਾ ਹੈ ਜਿਸਦਾ ਨਾਮ ਮਾਲਕੀ ਵਿਚ ਸੀ। ਦੂਸਰੀ ਉਲਾਦ ਪੁਤਰ ਜਾਂ ਧੀ ਵਖ ਰਹਿੰਦੇ ਹਨ। ਉਨ੍ਹਾ ਕੋਲ ਵੀ ਆਪਣੇ ਘਰ ਹਨ। ਮਾਤਾ ਪਿਤਾ ਉਨ੍ਹਾ ਦੀ ਜਥਾ ਸ਼ਕਤ ਮਾਇਕ ਸਹਾਇਤਾ ਕਰਦੇ ਰਹਿੰਦੇ ਹਨ। ਘਰ ਖਰੀਦਣ ਸਮੇ ਉਨ੍ਹਾ ਨੂੰ ਸਹਾਇਤਾ ਦੇਂਦੇ ਹਨ। ਹੋਰ ਦਿਨਬਾਰ ਉਪਰ ਵੀ ਮਦਤ ਕਰਦੇ ਹਨ। ਮਾਪਿਆ ਦੇ ਗੁਜ਼ਰ ਜਾਣ ਬਾਅਦ ਜੇਕਰ ਬਾਕੀ ਭੈਣ ਭਾਈ ਉਸ ਘਿਰ ਕੋਲੋ ਹਿਸਾ ਮੰਗਣ ਜਿਸ ਨਾਲ ਮਾਪੇ ਰਹਿੰਦੇ ਸਨ ਤਾਂ ਉਸ ਉਲਾਦ ਨਾਲ ਕਿਨੀ ਬੇਇਨਸਾਫੀ ਹੋਵੇਗੀ। ਬੈਠੇ ਬਠਾਇਆ ਉਸ ਬੰਦੇ ਲਈ ਬਿਪਤਾ ਬਣ ਜਾਵੇਗੀ। ਉਸ ਮਕਾਨ ਦਾ ਕਿਵੇਂ ਬਟਵਾਰਾ ਕੀਤਾ ਜਾ ਸਕਦਾ ਹੈ। ਜੇ ਉਹ ਵਿਕਦਾ ਹੈ ਤਾਂ ਉਸ ਵਿਚਾਰੇ ਕੋਲ ਤਾਂ ਰਹਿਣ ਲਈ ਛਤ ਵੀ ਨਹੀਂ ਬਚੇਗੀ ਜਦ ਕਿ ਬਾਕੀ ਭੈਣ ਭਾਈ ਆਪਣੇ ਘਰੀਂ ਅਰਾਮ ਨਾਲ ਰਹਿ ਰਹੇ ਹਨ। ਇਹ ਤਾਂ ਫਿਰ ਉਸ ਬਚੇ ਨੂੰ ਮਾਪਿਆ ਦੇ ਨਾਲ ਰਹਿਣ ਦਾ ਜੁਰਮਾਨਾ ਭਰਨ ਬਰਾਬਰ ਹੋ ਗਿਆ। ਇਕ ਹੋਰ ਮੁਛਕਿਲ ਖੜ੍ਹਦੀ ਹੈ। ਜਦ ਮਕਾਨ ਖਰੀਦਿਆ ਸੀ ਤਾਂ ਕੀਮਤ ਹੋਰ ਸੀ ਜਦ 20-25 ਸਾਲਾਂ ਬਾਅਦ ਵਿਕਦਾ ਹੈ ਤਾਂ ਕੀਮਤ ਚੌਗਣੀ ਹੋ ਚੁਕੀ ਹੁੰਦੀ ਹੈ। ਇਸ ਤਰ੍ਹਾ ਮਾਰਕਿਟ ਰੇਟ ਨਾਲ ਹਿਸੇ ਵੰਡਣੇ ਹੋਰ ਵੀ ਔਖੇ ਹੋ ਜਾਂਦੇ ਹਨ। ਵੈਸੇ ਇਸ ਤਰ੍ਹਾ ਹੁੰਦਾ ਬੜਾ ਘਟ ਹੈ ਪਰ ਕਨੂੰਨ ਇਸ ਤਰ੍ਹਾ ਕਰਨ ਦੀ ਇਜਾਜਤ ਦੇਂਦਾ ਹੈ। ਇਸੇ ਕਾਰਣ ਕਨੂੰਨ ਅਤੇ ਪ੍ਰੰਪਰਾਵਾ ਦਾ ਹਮੇਸ਼ਾ ਟਕਰਾ ਬਣਿਆ ਰਹਿੰਦਾ ਹੈ। ਵਸੀਅਤ ਦੀ ਸਹੂਲਤ ਹਰ ਜਗਾਹ ਹੈ। ਇਸ ਲਈ ਹਰ ਮਾ ਬਾਪ ਨੂੰ ਵਸੀਅਤ ਕਰਨਾ ਜਰੂਰੀ ਹੈ। ਜਿਥੇ ਵਸੀਅਤ ਨਹੀਂ ਹੈ ਉਥੇ ਬੜੇ ਪੇਚੀਦਾ ਮਸਲੇ ਬਣ ਜਾਂਦੇ ਹਨ। ਸਰਕਾਰ ਦੀ ਦਖਲ ਅੰਦਾਜ਼ੀ ਆ ਖੜਦੀ ਹੈ ਜੋ ਕਨੂੰਨ ਮੁਤਾਬਿਕ ਸਭ ਕੁਝ ਕਰਨ ਦਾ ਹੱਕ ਰਖਦੀ ਹੈ। ਪ੍ਰਮਾਤਮਾ ਕਰੇ ਜਿਨ੍ਹਾ ਪ੍ਰੰਪਰਾਵਾਂ ਸਦਕਾ ਪੂਰਬੀ ਲੋਕਾਂ ਵਿਚ ਆਪਸੀ ਮੰਮਤਾ ਕਾਇਮ ਹੈ, ਉਨ੍ਹਾ ਲਈ ਪਛਮੀ ਮੁਲਕਾ ਵਿਚ ਦੁਸ਼ਵਾਰੀਆ ਪੈਦਾ ਨਾ ਹੋਣ।

# ਮੇਰੀ ਪਾਕਿਸਤਾਨ ਫੇਰੀ : ਦੂਸਰਾ ਦਿਨ ਲਾਹੌਰ ਸ਼ਹਿਰ ਦੇ ਨਾਂ

ਡਾ. ਸੁਖਦੇਵ ਸਿੰਘ ਝੰਡ
97798 81084









### ਸਵੇਰੇ ਹੀ ਹੋਈ ਬਾਬਾ ਨਜਮੀ ਤੇ ਦੀਪ ਸਈਦਾ ਨਾਲ ਮੁਲਾਕਾਤ

ਅਸੀਂ ਖੁਸ਼ਕਿਸਮਤ ਸੀ ਕਿ ਲਾਹੌਰ ਵਿਚ ਦੂਸਰੇ ਦਿਨ ਸਵੇਰੇ ਹੀ ਸਾਡੀ ਮੁਲਾਕਾਤ ਲਹਿੰਦੇ ਪੰਜਾਬ ਦੇ ਪੰਜਾਬੀ ਦੇ ਸਿਰਮੌਰ ਕ੍ਰਾਂਤੀਕਾਰੀ ਕਵੀ ਬਾਬਾ ਨਜਮੀ ਜੀ ਅਤੇ ਪਾਕਿਸਤਾਨ ਵਿਚ ਔਰਤਾਂ ਦੀ ਆਜਾਦੀ ਲਈ ਅਤੇ ਮਜ਼ਲੂਮਾਂ ਦੇ ਹੱਕ ਵਿਚ ਆਵਾਜ਼ ਬੁਲੰਦ ਕਰ ਰਹੀ ਇਨਕਲਾਬੀ ਸ਼ਖ਼ਸੀਅਤ ਦੀਪ ਸਈਦਾ ਹੁਰਾਂ ਨਾਲ ਹੋ ਗਈ। ਇਨ੍ਹਾਂ ਨੇ ਪਾਕਿਸਤਾਨੀ ਪੰਜਾਬ ਵਿਚ ਉਰਦੂ ਦੀ ਬਜਾਏ ਪੰਜਾਬੀ ਮਾਂ-ਬੋਲੀ ਨੂੰ ਸਰਕਾਰੀ ਬੋਲੀ ਵਜੋਂ ਰੁਤਬਾ ਦੇਣ ਅਤੇ ਇਸ ਨੂੰ ਸਕੂਲੀ ਪੱਧਰ 'ਤੇ ਪੜ੍ਹਾਉਣਾ ਆਰੰਭ ਕਰਨ, ਔਰਤਾਂ ਨੂੰ ਮਰਦਾਂ ਦੇ ਬਰਾਬਰ ਹੱਕ ਦੇਣ ਅਤੇ ਅਜਿਹੇ ਕਈ ਹੋਰ ਅਹਿਮ ਮੁੱਦਿਆਂ ਨੂੰ ਲੈ ਕੇ ਆਪਣੇ ਸਾਥੀਆਂ ਨਾਲ ਮਿਲ ਕੇ ਪਾਕਿਸਤਾਨ ਦੀ ਹਕੂਮਤ ਦੇ ਵਿਰੁੱਧ ਝੰਡਾ ਚੁੱਕਿਆ ਹੋਇਆ ਹੈ। ਦੀਪ ਸਈਦਾ ਏਨੀ ਨਿਡਰ ਅਤੇ ਬਹਾਦਰ ਔਰਤ ਹੈ ਕਿ ਕਈ ਵਾਰ ਉਹ ਵਿਚ ਇਕੱਲੀ ਵੀ ਮੈਦਾਨ ਵਿਚ ਡਟ ਜਾਂਦੀ ਹੈ। ਸਾਡੇ ਲਈ ਇਹ ਹੋਰ ਵੀ ਤਸੱਲੀ ਵਾਲੀ ਗੱਲ ਸੀ ਕਿ ਇਹ ਮੁਲਾਕਾਤ ਹੋਈ ਵੀ ਓਸੇ ਹੋਟਲ 'ਗਰੈਂਡ ਪਾਮ' ਵਿਚ, ਜਿਸ ਨੂੰ ਅਸੀਂ ਦੋ ਹਫ਼ਤਿਆਂ ਲਈ ਆਪਣਾ 'ਰੈਣ-ਬਸੇਰਾ' ਬਣਾਇਆ ਹੋਇਆ ਸੀ।

ਇਹ ਸਬੱਬ ਵੀ ਇਸ ਕਰਕੇ ਹੀ ਬਣਨਾ ਸੰਭਵ ਹੋ ਸਕਿਆ, ਕਿਉਂਕਿ ਸਾਡੇ ਮੇਜ਼ਬਾਨ ਅਹਿਮਦ ਰਜਾ ਪੰਜਾਬੀ ਦੀ ਇਨ੍ਹਾਂ ਦੋਹਾਂ ਸ਼ਖ਼ਸੀਅਤਾਂ ਨਾਲ ਗੂੜ੍ਹੀ ਨੇੜਤਾ ਹੈ ਅਤੇ ਉਹ ਖੁਦ ਆਪ ਇਨ੍ਹਾਂ ਦੋਹਾਂ ਮਹਾਨ ਸ਼ਖ਼ਸੀਅਤਾਂ ਨੂੰ ਸਾਨੂੰ ਮਿਲਾਉਣ ਲਈ ਸਵੇਰੇ ਦਸ ਕੁ ਵਜੇ ਇਸ ਹੋਟਲ ਵਿਚ ਲੈ ਆਏ। ਦਰਅਸਲ, ਇਹ ਤਿੰਨੇ ਸ਼ਖ਼ਸ ਅਤੇ ਇਨ੍ਹਾਂ ਦੇ ਹੋਰ ਸਰਗ਼ਰਮ ਸਾਥੀ ਤਾਰਿਕ ਜਟਾਲਾ, ਅਫ਼ਜ਼ਲ ਸਾਹਿਰ, ਇਕਬਾਲ ਕੈਸਰ, ਏਸਾਨ ਬਾਜਵਾ, ਆਦਿ ਮਿਲ ਕੇ ਲਹਿੰਦੇ ਪੰਜਾਬ ਵਿਚ ਪੰਜਾਬੀ ਨੂੰ ਸਕੂਲ ਪੱਧਰ 'ਤੇ ਪੜ੍ਹਾਉਣਾ ਸ਼ੁਰੂ ਕਰਨ ਅਤੇ ਇਸ ਦੇ ਪ੍ਰਚਾਰ ਤੇ ਪਸਾਰ ਲਈ ਜੋਰਦਾਰ ਸੰਘਰਸ਼ ਕਰ ਰਹੇ ਹਨ। ਇਸ ਸਿਲਸਿਲੇ ਵਿੱਚ ਅਹਿਮਦ ਰਜਾ ਨੇ ਆਪਣੇ ਯੂਟਿਊਬ ਟੀ.ਵੀ.ਚੈਨਲ ਦਾ ਨਾਂ ਹੀ 'ਪੰਜਾਬੀ ਪ੍ਰਚਾਰ ਟੀ.ਵੀ.' ਰੱਖਿਆ ਹੋਇਆ ਹੈ ਅਤੇ ਉਹ ਇਸ ਮਹਾਨ ਕੰਮ ਲਈ ਸੰਘਰਸ਼ ਕਰ ਰਹੇ ਮੋਹਰੀ ਵਿਅੱਕਤੀਆਂ ਵਿਚ ਗਿਣਿਆਂ ਜਾਂਦਾ ਹੈ। ਹੋਰ ਤਾਂ ਹੋਰ, ਉਸ ਨੇ ਆਪਣੇ ਗੋਤਰ 'ਵੱਟੂ' ਨੂੰ ਅਹਿਮੀਅਤ ਦੇਣ ਦੀ ਬਜਾਏ ਆਪਣਾ ਤਖ਼ੱਲਸ ਵੀ 'ਪੰਜਾਬੀ' ਰੱਖਿਆ ਹੋਇਆ ਹੈ। 'ਅੰਤਰਰਾਸ਼ਟਰੀ ਮਾਂ-ਬੋਲੀ ਦਿਵਸ' ਅਤੇ 'ਹੈਰੀਟੇਜ ਡੇਅ' ਵਾਲੇ ਦਿਨਾਂ ਕ੍ਰਮਵਾਰ 21 ਫ਼ਰਵਰੀ ਤੇ 14 ਮਾਰਚ ਨੂੰ ਅਤੇ ਕਈ ਹੋਰ ਅਹਿਮ ਦਿਨਾਂ 'ਤੇ ਉਹ ਸਾਰੇ ਮਿਲ ਕੇ ਲਹਿੰਦੇ ਪੰਜਾਬ ਵਿਚ ਪੰਜਾਬੀ ਬੋਲੀ ਦੇ ਪ੍ਰਚਾਰ ਅਤੇ ਪਸਾਰ ਲਈ ਰੈਲੀਆਂ ਕਰਦੇ ਹਨ ਅਤੇ ਜਲੂਸ ਕੱਢ ਕੇ ਆਪਣੀ ਆਵਾਜ਼ ਆਮ ਲੋਕਾਂ ਅਤੇ ਸਰਕਾਰ ਤੱਕ ਪਹੁੰਚਾਉਣ ਦਾ ਜੋਰਦਾਰ ਯਤਨ ਕਰਦੇ ਹਨ। ਉਨ੍ਹਾਂ ਦੇ ਇਹ ਯਤਨ ਪਿਛਲੇ ਕਈ ਸਾਲਾਂ ਤੋਂ ਬਾਕਾਇਦਾ ਜਾਰੀ ਹਨ ਪਰ ਪਾਕਿਸਤਾਨੀ ਸਰਕਾਰ ਦੇ ਕੰਨਾਂ 'ਤੇ ਅਜੇ ਜੂੰ ਨਹੀਂ ਸਰਕ ਰਹੀ। ਉਨ੍ਹਾਂ ਵੱਲੋਂ ਕੀਤੇ ਜਾ ਰਹੇ ਇਨ੍ਹਾਂ ਸੁਹਿਰਦ ਯਤਨਾਂ ਤੋਂ ਇੰਜ ਲੱਗਦਾ ਹੈ ਕਿ ਉਹ ਪੰਜਾਬੀ ਦੇ ਇਸ ਮੁਹਾਵਰੇ ਵਾਲੀ ਇਹ "ਜੂੰ" ਸਰਕਾਰ ਦੇ ਕੰਨਾਂ 'ਤੇ ਸਰਕਾ ਕੇ ਹੀ ਦਮ ਲੈਣਗੇ।

'ਕਰੋਨਾ ਕਾਲ' ਤੋਂ ਪਹਿਲਾਂ ਬਾਬਾ ਨਜਮੀ ਜੀ ਨੂੰ ਬਰੈਂਪਟਨ ਵਿਚਲੀਆਂ ਉਨ੍ਹਾਂ ਦੀਆਂ ਫੇਰੀਆਂ ਦੌਰਾਨ ਭਾਵੇਂ ਦੋ ਵਾਰ ਮੈਂ ਉਨ੍ਹਾਂ ਨੂੰ ਉੱਥੇ ਮਿਲ ਚੁੱਕਾ ਸੀ ਪਰ ਲਾਹੌਰ ਵਿਚ ਉਨ੍ਹਾਂ ਨਾਲ ਮੇਰੀ ਇਹ ਮੋਹ-ਭਿੱਜੀ ਮਿਲਣੀ ਵੱਖਰੀ ਕਿਸਮ ਦੀ ਸੀ। ਹੋਟਲ ਵਿਚ ਪਹੁੰਚਦਿਆਂ ਹੀ ਉਹ ਮੈਨੂੰ ਘੁੱਟ ਕੇ ਜੱਫੀ ਪਾ ਕੇ ਮਿਲੇ ਅਤੇ ਸਾਡੀ ਇਹ ਗਲਵੱਕੜੀ ਕਿੰਨਾਂ ਈ ਚਿਰ ਇੰਜ ਹੀ ਪਈ ਰਹੀ। ਮੇਰੇ ਬਾਕੀ ਸਾਥੀਆਂ ਨੂੰ ਵੀ ਉਹ ਬੜੇ ਤਪਾਕ ਨਾਲ ਮਿਲੇ। ਦੀਪ ਸਈਦਾ ਜੀ ਨਾਲ ਸਾਡੀ ਸਾਰਿਆਂ ਦੀ ਇਹ ਪਹਿਲੀ ਮੁਲਾਕਾਤ ਸੀ ਪਰ ਪਹਿਲੀ ਮਿਲਣੀ ਵਿਚ ਹੀ ਉਹ ਬੜੇ ਮਿਲਣਸਾਰ ਅਤੇ ਬਹੁਤ ਹੀ ਨਿੱਘੇ ਸੁਭਾਅ ਦੇ ਮਾਲਕ ਲੱਗੇ। ਅਸੀਂ ਸਾਰਿਆਂ ਨੇ ਮਿਲ਼ ਕੇ ਹੋਟਲ ਦੇ ਡਾਇਨਿੰਗ-ਹਾਲ ਵਿਚ ਬਰੇਕ-ਫਾਸਟ ਕੀਤਾ ਅਤੇ ਫਿਰ ਬਾਬਾ ਜੀ ਸਾਡੇ ਨਾਲ ਹੋਟਲ ਦੇ ਕਮਰੇ ਵਿਚ ਆ ਗਏ। ਦੀਪ ਜੀ ਨੇ ਉਸ ਦਿਨ ਕਿਸੇ ਜ਼ਰੂਰੀ ਕੰਮ ਦੇ ਲਈ ਲਾਹੌਰ ਤੋਂ ਬਾਹਰ ਜਾਣਾ ਸੀ। ਉਹ ਉਸ ਦਿਨ ਉਚੇਚੇ ਤੌਰ 'ਤੇ ਸਾਨੂੰ ਕੇਵਲ ਮਿਲਣ ਲਈ ਹੀ ਆਏ ਸਨ, ਜਦ ਕਿ ਬਾਬਾ ਨਜਮੀ ਜੀ ਨਾਲ ਭੈਣ ਗੁਰਚਰਨ ਥਿੰਦ ਨੇ 'ਪੰਜਾਬੀ ਪ੍ਰਚਾਰ ਟੀ.ਵੀ.' ਅਤੇ 'ਪੰਜਾਬੀ ਨੈਸ਼ਨਲ ਟੀ.ਵੀ.' ਜਿਸ ਦੇ ਲਈ ਉਹ ਇਸ ਦੇ ਕੈਲਗਰੀ ਸਟੂਡੀਓ ਤੋਂ ਕੰਮ ਕਰਦੀ ਹੈ, ਦੋਹਾਂ ਦੇ ਲਈ ਸਾਂਝੀ ਇੰਟਰਵਿਊ ਰਿਕਾਰਡ ਕਰਨੀ ਸੀ।

### ਬਾਬਾ ਨਜਮੀ ਨਾਲ ਹੋਈ ਦਿਲਚਸਪ ਇੰਟਰਵਿਊ

'ਗਰੈਂਡ ਪਾਮ ਹੋਟਲ' ਦੇ ਸਾਡੇ ਇਕ ਕਮਰੇ ਦੇ ਪਰਦਿਆਂ ਨੂੰ ਚੰਗੀ ਤਰ੍ਹਾਂ ਠੀਕ-ਠਾਕ ਕਰਕੇ ਅਤੇ ਸਾਹਮਣੇ ਵਾਲੇ ਪਾਸੇ ਲਾਈਟਾਂ ਵਗੈਰਾ ਲਗਾ ਕੇ ਇਸ ਨੂੰ ਟੀ.ਵੀ. ਸਟੂਡੀਓ ਦਾ ਰੂਪ ਦੇ ਦਿੱਤਾ ਗਿਆ ਅਤੇ ਬਾਬਾ ਨਜਮੀ ਜੀ ਨਾਲ ਇੰਟਰਵਿਊ ਆਰੰਭ ਹੋ ਗਈ। ਇੰਟਰਵਿਊ ਦੌਰਾਨ ਗੁਰਚਰਨ ਨੇ ਬਾਬਾ ਜੀ ਨੂੰ ਉਨ੍ਹਾਂ ਦੇ ਜੀਵਨ, ਪੰਜਾਬੀ ਬੋਲੀ ਪ੍ਰਤੀ ਉਨ੍ਹਾ ਦੇ ਮੋਹ-ਪਿਆਰ, ਲਹਿੰਦੇ ਪੰਜਾਬ ਵਿਚ ਪੰਜਾਬੀ ਦੀ ਮੌਜੂਦਾ ਸਥਿਤੀ, ਉਨ੍ਹਾਂ ਦੇ ਸੁਹਿਰਦ ਸਾਥੀਆਂ ਵੱਲੋਂ ਇਸ ਦੇ ਪ੍ਰਚਾਰ ਤੇ ਪਸਾਰ ਅਤੇ ਮਾਂ-ਬੋਲੀ ਵਜੋਂ ਇਸ ਨੂੰ ਬਣਦਾ ਲੋੜੀਂਦਾ ਸਥਾਨ ਅਤੇ ਮਾਨਤਾ ਦਿਵਾਉਣ ਲਈ ਕੀਤੇ ਜਾ ਰਹੇ ਯਤਨਾਂ ਬਾਰੇ ਬਹੁਤ ਸਾਰੇ ਸੁਆਲ ਕੀਤੇ ਜਿਨ੍ਹਾਂ ਦੇ ਜੁਆਬ ਬਾਬਾ ਜੀ ਨੇ ਬੜੇ ਠਰ੍ਹੰਮੇ ਨਾਲ ਵਿਸਥਾਰ ਸਹਿਤ ਆਪਣੀਆਂ ਕਈ ਹਰਮਨ-ਪਿਆਰੀਆਂ ਕਵਿਤਾਵਾਂ ਦੇ ਹਵਾਲੇ ਨਾਲ ਕਾਵਿ-ਮਈ ਅੰਦਾਜ਼ ਵਿਚ ਦੇ ਕੇ ਇਸ ਇੰਟਰਵਿਊ ਨੂੰ ਬੇਹੱਦ ਦਿਲਚਸਪ ਅਤੇ ਮਾਨਣਯੋਗ ਬਣਾਇਆ। ਇਸ ਗੱਲਬਾਤ ਦੌਰਾਨ ਉਨ੍ਹਾਂ ਦੇ ਮੁਖਾਰਬਿੰਦ 'ਚੋਂ ਨਿਕਲੇ ਉਨ੍ਹਾਂ ਦੀ ਪੰਜਾਬੀ ਬੋਲੀ ਨਾਲ ਸਬੰਧਿਤ ਕਵਿਤਾ ਦੇ ਮਸ਼ਹੂਰ ਮਕਬੂਲ ਸਿਅਰ ਉਨ੍ਹਾਂ ਦੇ ਕਥਨਾਂ ਦੀ ਭਰਪੂਰ ਗਵਾਹੀ ਭਰ ਰਹੇ ਸਨ :

"ਅੱਖਰਾਂ ਵਿਚ ਸਮੁੰਦਰ ਰੱਖਾਂ, ਮੈਂ
ਇਕਬਾਲ ਪੰਜਾਬੀ ਦਾ ।
ਝੱਖੜਾਂ ਦੇ ਵਿਚ ਰੱਖ ਦਿੱਤਾ ਏ,
ਦੀਵਾ ਬਾਲ ਪੰਜਾਬੀ ਦਾ ।

ਜਿਹੜੇ ਆਖਣ ਵਿਚ ਪੰਜਾਬੀ,
ਵੁਸਅਤ ਨਹੀਂ ਤਹਿਜ਼ੀਬ ਨਹੀਂ;
ਪੜ੍ਹ ਕੇ ਵੇਖਣ ਵਾਰਸ, ਬੁੱਲ੍ਹਾ, ਬਾਹੂ,
ਲਾਲ ਪੰਜਾਬੀ ਦਾ ।"

ਦੋਹਾਂ ਟੀ.ਵੀ. ਚੈਨਲਾਂ ਦੇ ਲਈ ਇਕ ਹੋਰ ਇੰਟਰਵਿਊ ਗੁਰਚਰਨ ਥਿੰਦ ਵੱਲੋਂ ਲਹਿੰਦੇ ਤੇ ਚੜ੍ਹਦੇ ਪੰਜਾਬ ਵਿਚ ਲਿਖੀ ਜਾ ਰਹੀ ਕਵਿਤਾ ਬਾਰੇ ਬਾਬਾ ਨਜਮੀ ਜੀ ਅਤੇ ਮੇਰੇ ਨਾਲ ਸਾਂਝੇ ਤੌਰ 'ਤੇ ਕੀਤੀ ਗਈ। ਬਾਬਾ ਨਜਮੀ ਜੀ ਨੇ ਇਸ ਦੌਰਾਨ ਜਿੱਥੇ ਲਹਿੰਦੇ ਪੰਜਾਬ ਦੇ ਹੋਰ ਕਈ ਕਵੀਆਂ ਦੇ ਹਵਾਲੇ ਨਾਲ ਆਪਣੀ ਕਾਵਿ-ਸਿਰਜਣਾ ਬਾਰੇ ਵੀ ਵਿਸਥਾਰ ਵਿਚ ਦੱਸਿਆ, ਉੱਥੇ ਮੈਂ ਭਾਈ ਵੀਰ ਸਿੰਘ, ਪ੍ਰੋ. ਮੋਹਨ ਸਿੰਘ, ਪ੍ਰੋ. ਪੂਰਨ ਸਿੰਘ, ਅੰਮ੍ਰਿਤਾ ਪ੍ਰੀਤਮ, ਸਿਵ ਕੁਮਾਰ ਬਟਾਲਵੀ ਬਾਰੇ ਸੰਖੇਪ ਜਿਕਰ ਕਰਨ ਤੋਂ ਬਾਅਦ ਅਜੋਕੇ ਦੌਰ ਦੇ ਸਿਰਮੌਰ ਕਵੀ ਸੁਰਜੀਤ ਪਾਤਰ, ਗੁਰਭਜਨ ਗਿੱਲ, ਓਂਕਾਰਪ੍ਰੀਤ, ਅਮਰ ਸੂਫੀ, ਸੁਖਵਿੰਦਰ ਅੰਮ੍ਰਿਤ, ਗੁਰਚਰਨ ਕੋਛੜ, ਸੁਰਜੀਤ ਕੌਰ, ਆਦਿ ਵੱਲੋਂ ਲਿਖੀਆਂ ਜਾ ਰਹੀਆਂ ਕਵਿਤਾਵਾਂ ਬਾਰੇ ਗੱਲ ਕੀਤੀ। ਇਸ ਦੌਰਾਨ ਮੈਨੂੰ ਬਾਬਾ ਨਜਮੀ ਜੀ ਦੇ ਨਾਲ ਵਾਲੀ ਕੁਰਸੀ 'ਤੇ ਬੈਠ ਕੇ ਉਨ੍ਹਾਂ ਨਾਲ ਗੱਲਬਾਤ ਸਾਂਝੀ ਕਰਨ ਵਿਚ ਬੜਾ ਮਾਣ ਮਹਿਸੂਸ ਹੋ ਰਿਹਾ ਸੀ।

### 'ਸ਼ਦਮਨ ਚੌਕ ਉਰਫ਼ 'ਸ਼ਹੀਦ ਭਗਤ ਸਿੰਘ ਚੌਕ' ਵਿਚ ਮਹਾਨ ਸ਼ਹੀਦਾਂ ਨੂੰ ਕੀਤਾ ਯਾਦ

ਬਾਬਾ ਨਜਮੀ ਹੁਰਾਂ ਨਾਲ ਇੰਟਰਵਿਊ ਤੋਂ ਬਾਅਦ ਬਾਰਾਂ ਕੁ ਵਜੇ ਅਸੀਂ ਲਾਹੌਰ ਦਾ 'ਸ਼ਹੀਦ ਭਗਤ ਸਿੰਘ ਚੌਕ' ਵੇਖਣ ਚੱਲ ਪਏ। ਇਹ ਪੁਰਾਣੀ ਲਾਹੌਰ ਜੇਲ੍ਹ ਦਾ ਉਹ ਹਿੱਸਾ ਹੈ ਜਿੱਥੇ ਭਾਰਤ ਦੀ ਆਜਾਦੀ ਲਈ ਜੂਝਣ ਵਾਲੇ ਤਿੰਨ ਸੂਰਮਿਆਂ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ 23 ਮਾਰਚ 1930 ਨੂੰ ਫਾਂਸੀ 'ਤੇ ਲਟਕਾ ਕੇ ਸ਼ਹੀਦ ਕੀਤਾ ਗਿਆ ਸੀ। ਹੁਣ ਇਹ ਸਥਾਨ ਲਾਹੌਰ ਦੀ ਜੇਲ੍ਹ ਤੋਂ ਬਾਹਰਵਾਰ ਹੈ ਅਤੇ ਇਸ ਸਮੇਂ ਸਰਕਾਰੀ ਰਿਕਾਰਡ ਵਿੱਚ ਇਸ ਦਾ ਨਾਂ 'ਸ਼ਦਮਨ ਚੌਂਕ' ਹੈ। ਲਹਿੰਦੇ ਪੰਜਾਬ ਦੇ ਸੰਘਰਸ਼ਸੀਲ ਪੰਜਾਬੀਆਂ ਵੱਲੋਂ ਇਸ ਚੌਂਕ ਦਾ ਨਾਂ ਬਦਲ ਕੇ 'ਸ਼ਹੀਦ ਭਗਤ ਸਿੰਘ ਚੌਕ' ਰੱਖਣ ਦੀ ਮੰਗ ਪਿਛਲੇ ਕਈ ਸਾਲਾਂ ਤੋਂ ਲਗਾਤਾਰ ਉਠਾਈ ਜਾ ਰਹੀ ਹੈ, ਪਰ ਸਰਕਾਰ ਅਜੇ ਇਸ ਸਬੰਧੀ ਟਾਲ਼-ਮਟੋਲ਼ ਵਾਲੀ ਨੀਤੀ ਅਪਨਾਅ ਰਹੀ ਹੈ।। ਅਸੀਂ ਇਸ ਇਤਿਹਾਸਕ ਚੌਂਕ ਦੇ ਵਿਚਕਾਰ ਬਣੇ ਗੋਲ਼ ਦਾਇਰੇ ਵਿੱਚ ਖਲੋ ਕੇ ਤਸਵੀਰਾਂ ਖਿਚਵਾਈਆਂ, ਆਪਸ ਵਿਚ ਅਤੇ ਟੀ.ਵੀ. ਦੇ ਕੈਮਰੇ ਦੇ ਸਾਹਮਣੇ ਖਲੋ ਕੇ ਗੱਲਾਂ-ਬਾਤਾਂ ਸਾਂਝੀਆਂ ਕਰਦਿਆਂ ਹੋਇਆਂ ਤਿੰਨਾਂ ਸ਼ਹੀਦਾਂ ਦੀ ਮਹਾਨ ਕੁਰਬਾਨੀ ਨੂੰ ਯਾਦ ਕੀਤਾ ਅਤੇ ਪਾਕਿ-ਸਤਾਨ ਦੀ ਸਰਕਾਰ ਤੋਂ ਇਸ ਚੌਂਕ ਦਾ ਨਾਂ ਬਦਲ ਕੇ 'ਸ਼ਹੀਦ ਭਗਤ ਸਿੰਘ ਚੌਕ' ਕਰਨ ਦੀ ਲਹਿੰਦੇ ਪੰਜਾਬ ਦੇ ਪੰਜਾਬੀਆਂ ਦੀ ਮੰਗ ਦਾ ਭਰਪੂਰ ਸਮਰੱਥਨ ਕੀਤਾ। ਸਾਡੀ ਇਹ ਵੀਡੀਓ ਸੋਸ਼ਲ-ਮੀਡੀਏ 'ਤੇ ਕਾਫੀ ਵਾਇਰਲ ਹੋ ਰਹੀ ਹੈ।

### ਸਿੱਖ ਰਾਜ ਦੇ ਆਖ਼ਰੀ ਮਹਾਰਾਜਾ ਦਲੀਪ ਸਿੰਘ ਦੀ ਬੇਟੀ ਸ਼ਹਿਜਾਦੀ ਬੰਬਾ ਦੀ ਕਬਰ 'ਤੇ

ਸ਼ਦਮਨ ਚੌਕ, ਉਰਫ਼ 'ਸ਼ਹੀਦ ਭਗਤ ਸਿੰਘ ਚੌਕ' ਦੇ ਵਿਚਕਾਰ ਖਲੋ ਕੇ ਤਸਵੀਰਾਂ ਖਿਚਵਾ ਕੇ ਸ਼ਹੀਦਾਂ ਨੂੰ ਯਾਦ ਕਰਨ ਤੋਂ ਬਾਅਦ ਸਾਡੇ ਮੇਜ਼ਬਾਨ ਅਹਿਮਦ ਰਜਾ ਨੇ ਸਾਨੂੰ ਮਹਾਰਾਜਾ ਰਣਜੀਤ ਸਿੰਘ ਦੀ ਪੋਤਰੀ ਅਤੇ ਸਿੱਖ ਰਾਜ ਦੇ ਆਖ਼ਰੀ ਮਹਾਰਾਜਾ ਦਲੀਪ ਸਿੰਘ ਦੀ ਵੱਡੀ ਬੇਟੀ ਦੀ 'ਆਖ਼ਰੀ ਆਰਾਮਗਾਹ' (ਕਬਰ) ਵਿਖਾਉਣ ਦਾ ਪ੍ਰੋਗਰਾਮ ਬਣਾਇਆ। ਸ਼ਦਮਨ ਚੌਂਕ ਤੋਂ ਕਾਰ ਵਿਚ ਕੁਝ ਹੀ ਮਿੰਟ ਚੱਲ ਕੇ ਅਸੀਂ ਲਾਹੌਰ ਵਿਚ ਗੋਰਿਆਂ ਦੇ ਕਬਰਸਤਾਨ ਵਿਚ ਪਹੁੰਚ ਗਏ। ਪਾਠਕਾਂ ਨੂੰ ਭਲੀ-ਭਾਂਤ ਯਾਦ ਹੋਵੇਗਾ ਕਿ 1839 ਵਿਚ ਮਹਾਰਾਜਾ ਰਣਜੀਤ ਸਿੰਘ ਦੇ ਅਕਾਲ-ਚਲਾਣੇ ਤੋਂ ਬਾਅਦ ਮਹਾਰਾਜਾ ਦਲੀਪ ਸਿੰਘ ਨੂੰ 6-7 ਸਾਲ ਦੀ ਛੋਟੀ ਉਮਰ ਵਿਚ ਹੀ ਅੰਗਰੇਜ਼ ਆਪਣੀ ਹਿਰਾ-ਸਤ ਵਿਚ ਲੈ ਕੇ ਇੰਗਲੈਂਡ ਲੈ ਗਏ ਸਨ ਅਤੇ ਉੱਥੇ ਉਸ ਨੂੰ ਪ੍ਰੇਰ ਕੇ ਜਾਂ ਪਤਾ ਨਹੀਂ ਡਰਾ ਧਮਕਾ ਕੇ ਈਸਾਈ ਧਰਮ ਗ੍ਰਹਿਣ ਕਰਵਾ ਲਿਆ ਗਿਆ ਸੀ। ਉਸ ਦੀਆਂ ਪੰਜ ਬੇਟੀਆਂ ਸਨ ਜਿਨ੍ਹਾਂ ਦੇ ਨਾਂ ਬੰਬਾ ਸੂਦਰਲੈਂਡ, ਸੋਫੀਆ ਦਲੀਪ ਸਿੰਘ ਅਤੇ ਕੈਥਰੀਨ ਹਿਲਡਾ ਦਲੀਪ ਸਿੰਘ, ਪੌਲੀਨ ਅਲੈਗਜੈਂਡਰਾ ਦਲੀਪ ਸਿੰਘ ਅਤੇ ਐਡਾ ਇਰੀਨ ਦਲੀਪ ਸਿੰਘ ਸਨ। ਇਨ੍ਹਾਂ ਵਿੱਚੋਂ ਪਹਿਲੀਆਂ ਤਿੰਨ ਮਹਾਰਾਜਾ ਦਲੀਪ ਸਿੰਘ ਦੀ ਮੌਤ ਤੋਂ ਬਾਅਦ ਇਕ ਵਾਰ ਆਪਣੇ ਬਾਪ ਦੇ ਜੱਦੀ ਸ਼ਹਿਰ ਲਾਹੌਰ ਆਈਆ ਸਨ। ਛੋਟੀਆ ਦੋਵੇਂ ਤਾਂ ਵਾਪਸ ਇੰਗਲੈਂਡ ਚਲੀਆ ਗਈਆਂ ਸਨ ਪਰ ਵੱਡੀ ਬੇਟੀ ਬੰਬਾ ਸੂਦਰਲੈਂਡ ਨੇ ਲਾਹੌਰ ਵਿਚ ਹੀ ਰਹਿਣ ਦੀ ਜਿਦ ਕੀਤੀ ਅਤੇ ਉਹ ਲਾਹੌਰ ਹੀ ਟਿਕੀ ਰਹੀ। ਉੱਥੇ ਹੀ ਉਸ ਦਾ ਆਖ਼ਰੀ ਸਮਾਂ ਆਇਆ ਅਤੇ ਉਸ ਨੂੰ ਲਾਹੌਰ ਵਿਚ ਗੋਰਿਆਂ ਦੇ ਇਸ ਕਬਰਸਤਾਨ ਵਿਚ ਦਫ਼ਨਾਅ ਦਿੱਤਾ ਗਿਆ। ਮੇਜ਼ਬਾਨ ਅਹਿਮਦ ਰਜਾ ਨੇ ਦੱਸਿਆ ਕਿ ਪਿਛਲੇ ਕੁਝ ਸਮੇਂ ਤੋਂ ਸ਼ਹਿਜਾਦੀ ਬੰਬਾ ਸੂਦਰਲੈਂਡ ਦੀ ਇਸ ਕਬਰ ਦੀ ਹਾਲਤ ਬੜੀ ਖ਼ਸਤਾ ਹੋ ਗਈ ਸੀ ਅਤੇ ਇਹ ਗੋਰਿਆਂ ਦੀਆਂ ਹੋਰ ਕਬਰਾਂ ਦੇ ਵਿਚਕਾਰ ਢੱਠੀ ਜਿਹੀ ਬਦਸੂਰਤ ਲੱਗਦੀ ਸੀ। ਪੰਜ ਕੁ ਸਾਲ ਪਹਿਲਾਂ ਉਨ੍ਹਾਂ ਸਮੇਤ ਸਿੱਖ ਰਾਜ ਦੇ ਕੁਝ ਹੋਰ ਮੁਸਲਿਮ ਹਮਦਰਦਾਂ ਨੇ ਮਿਲ ਕੇ ਇਸ ਨੂੰ ਨਵਾਂ ਸੰਗਮਰਮਰ ਲਗਵਾ ਕੇ ਮੁੜ ਤੋਂ ਸਥਾਪਿਤ ਕਰਨ ਦਾ ਫੈਸਲਾ ਕੀਤਾ ਅਤੇ ਅੱਜ ਸ਼ਹਿਜਾਦੀ ਬੰਬਾ ਸੂਦਰਲੈਂਡ ਦੀ ਇਹ ਕਬਰ ਇਸ ਕਬਰਸਤਾਨ ਵਿਚ ਬੜੀ ਖ਼ੂਬਸੂਰਤ ਹਾਲਤ ਵਿਚ ਮੌਜੂਦ ਹੈ।

ਅਸੀਂ ਬੜੇ ਸਤਿਕਾਰ ਨਾਲ ਇਸ ਦੇ ਕੋਲ ਸਿਰ ਵਾਲੇ ਪਾਸੇ ਖਲੋ ਗਏ ਅਤੇ ਅਹਿਮਦ ਰਜਾ ਦੇ ਕੈਮਰਾਮੈਨ ਫੈਸਲ ਮੁਹੰਮਦ ਨੇ ਸਾਡੀਆਂ ਇਸ ਸਮੇਂ ਯਾਦਗਾਰੀ ਤਸਵੀਰਾਂ ਖਿੱਚੀਆ। ਬੜੇ ਦੁਖੀ ਮਨ ਨਾਲ ਸਿੱਖ ਰਾਜ ਦੇ ਆਖ਼ਰੀ ਮਹਾਰਾਜੇ ਦਲੀਪ ਸਿੰਘ ਦੇ ਅਖੀਰਲੇ ਦੁਖਦਾਇਕ ਦਿਨਾਂ ਨੂੰ ਯਾਦ ਕੀਤਾ। ਆਪਣੀ ਮਾਂ ਮਹਾਰਾਣੀ ਜਿੰਦਾਂ ਤੋਂ ਜ਼ਬਰਦਸਤੀ ਵਿਛੋੜੇ ਗਏ ਉਸ ਛੇ-ਸੱਤ ਸਾਲ ਦੇ ਬਾਲਕ ਨੂੰ ਯਾਦ ਕੀਤਾ ਜਿਸ ਨੂੰ ਅੰਗਰੇਜ਼ ਸਾਸਕਾਂ ਵੱਲੋਂ ਮੁੜ ਲਾਹੌਰ ਆਉਣ ਦੀ ਆਗਿਆ ਨਹੀਂ ਸੀ ਦਿੱਤੀ ਗਈ ਅਤੇ ਕਲਕੱਤੇ ਵਿਚ ਹੀ ਆਖ਼ਰੀ ਵਾਰ ਉਸ ਨੂੰ ਆਪਣੀ ਮਾਂ ਮਹਾਰਾਣੀ ਜਿੰਦਾਂ ਦੇ ਨਾਲ ਮਿਲਵਾਇਆ ਗਿਆ ਸੀ। ਦਰਦ ਭਰੇ ਮਾਂ-ਪੁੱਤ ਦੇ ਉਸ 'ਵਿਛੋੜੇ' ਨੂੰ ਯਾਦ ਕੀਤਾ ਗਿਆ ਜਿਸ ਦਾ ਬ੍ਰਿਤਾਂਤ ਸਿੱਖ ਪੰਥ ਦੇ ਸ਼ਰੋਮਣੀ ਢਾਡੀ ਅਤੇ ਇਤਿਹਾਸਕਾਰ ਸੋਹਣ ਸਿੰਘ ਸੀਤਲ ਨੇ ਆਪਣੇ ਨਾਵਲ 'ਦੁਖੀਏ ਮਾਂ-ਪੁੱਤ' ਵਿਚ ਬਾਖ਼ੂਬੀ ਵਰਨਣ ਕੀਤਾ ਹੈ। ਵਾਪਸੀ 'ਤੇ ਆਉਣ ਲੱਗਿਆ ਅਸੀਂ ਉਸ ਕਬਰਸਤਾਨ ਦੇ ਤਿੰਨ ਸੇਵਾਦਾਰਾਂ ਨੂੰ ਕੁਝ ਮਾਇਆ ਭੇਂਟ ਕੀਤੀ ਅਤੇ ਨਾਲ ਹੀ ਬੇਨਤੀ ਕੀਤੀ ਕਿ ਉਹ ਹੋਰ ਕਬਰਾਂ ਵਾਂਗ ਉਸ ਕਬਰ ਨੂੰ ਵੀ ਸਾਫ਼-ਸੁਥਰੀ ਰੱਖਿਆ ਕਰਨ ਜਿਸ ਨੂੰ ਸਾਡੇ ਉੱਥੇ ਪਹੁੰਚਣ 'ਤੇ ਉਨ੍ਹਾਂ ਵਿੱਚੋਂ ਇਕ ਨੇ ਉਸ ਉੱਪਰ ਪਾਣੀ ਦੀਆਂ ਦੋ ਬਾਲਟੀਆਂ ਪਾ ਕੇ ਉਸ ਨੂੰ ਇਸ਼ਨਾਨ ਕਰਾਇਆ ਸੀ। ਸਾਡੇ ਕਹਿਤ 'ਤੇ ਬੇਸ਼ਕ ਉਨ੍ਹਾਂ ਨੇ ਇਸ ਦੇ ਲਈ ਹਾਮੀ ਜ਼ਰੂਰ ਭਰ ਦਿੱਤੀ ਪਰ ਸਾਨੂੰ ਕੋਈ ਉਮੀਦ ਨਹੀਂ ਕਿ ਉਹ ਭਵਿੱਖ ਵਿਚ ਆਪਣੇ ਇਸ ਵਾਅਦੇ 'ਤੇ ਪੂਰੇ ਵੀ ਉੱਤਰਨਗੇ।

### ਰੈਸਟੋਰੈਂਟ ਵਿਚ ਲੰਚ ਕਰਦਿਆਂ 'ਹਲੀਮ' ਦਾ ਅਨੰਦ ਮਾਣਿਆਂ

ਏਨੇ ਨੂੰ ਦੁਪਹਿਰ ਦੇ ਲੱਗਭੱਗ ਦੋ ਵੱਜ ਚੁੱਕੇ ਸਨ ਅਤੇ ਭੁੱਖ ਵੀ ਚਮਕ ਪਈ ਸੀ। ਲੰਚ ਦੇ ਲਈ ਸਾਡਾ ਇਕ ਖਾਸ ਰੈਸਟੋਰੈਂਟ 'ਤੇ ਜਾਣ ਦਾ ਵਿਚਾਰ ਬਣਿਆਂ ਜਿਸ ਦੀ ਡਿਸ਼ 'ਹਲੀਮ' ਬੜੀ ਮਸ਼ਹੂਰ ਗਿਣੀ ਜਾਂਦੀ ਹੈ। ਅਸੀਂ ਚੌਹਾਂ ਨੇ ਤਾਂ ਇਸ ਦਾ ਨਾਂ ਪਹਿਲੀ ਵਾਰ ਹੀ ਸੁਣਿਆਂ ਸੀ ਤੇ ਸਾਨੂੰ ਕੋਈ ਪਤਾ ਨਹੀਂ ਸੀ ਕਿ ਇਹ ਕੀ 'ਬਲਾਅ' ਹੈ। ਰੈਸਟੋਰੈਂਟ 'ਤੇ ਪਹੁੰਚ ਕੇ ਜਦੋਂ ਸਾਰੇ ਡਾਇਨਿੰਗ ਟੇਬਲ ਦੁਆਲੇ ਡਿੱਠੀਆਂ ਕੁਰਸੀਆਂ 'ਤੇ ਬੈਠ ਗਏ ਤਾਂ ਅਹਿਮਦ ਰਜਾ ਦਾ ਸਾਨੂੰ ਸੁਆਲ ਸੀ, "ਦੱਸੋ ਤੁਹਾਡੇ ਅੰਦਾਜੇ ਅਨੁਸਾਰ ਇਹ 'ਹਲੀਮ' ਕੀ ਚੀਜ਼ ਹੋ ਸਕਦੀ ਹੈ।" ਕਿਸੇ ਨੇ ਕਿਹਾ ਕਿ ਇਹ ਕਿਸੇ ਸਵੀਟ-ਡਿਸ਼ ਦਾ ਨਾਂ ਹੋਵੇਗਾ, ਕਿਸੇ ਨੇ ਇਸ ਨੂੰ ਕੋਈ ਸਬਜੀ-ਭਾਜੀ ਦਾ ਨਾਂ ਦਿੱਤਾ ਅਤੇ ਕਿਸੇ ਨੇ ਇਸ ਨੂੰ 'ਕੜ੍ਹੀ' ਵਰਗੀ ਕੋਈ 'ਚੀਜ਼' ਦੱਸਿਆ। ਜਦੋਂ ਮੇਰੀ ਵਾਰੀ ਆਈ ਤਾਂ ਮੈਂ ਬੜੇ ਜੋਰਦਾਰ ਸ਼ਬਦਾਂ ਵਿਚ ਕਿਹਾ, "ਇਹ ਜ਼ਰੂਰ ਕਿਸੇ ਖਾਣ ਵਾਲੀ ਚੀਜ਼ ਦਾ ਹੀ ਨਾਂ ਹੈ ਪਰ ਇਸ ਦੇ ਬਾਰੇ ਮੈਂ ਇਹ ਖਾਣ ਤੋਂ ਬਾਅਦ ਹੀ ਦੱਸਾਂਗਾ।" ਮੇਰਾ ਇਹ ਗੋਲ਼-ਮੋਲ਼ ਜੁਆਬ ਸੁਣ ਕੇ ਸਾਰੇ ਖ਼ੂਬ ਹੱਸੇ ਕਿ ਇਹ ਕਿਹੋ ਜਿਹਾ ਸਿਆਸੀ ਕਿਸਮ ਦਾ ਜੁਆਬ ਹੈ।

ਖੈਰ, ਹਲੀਮ ਬਾਰੇ ਸਾਡੀ ਇਸ ਗੱਲਬਾਤ ਦੇ ਦੌਰਾਨ ਹੀ ਗਰਮਾ-ਗਰਮ ਤੰਦੂਰੀ ਫੁਲਕਿਆ, ਸਲਾਦ, 'ਮਾਸ਼ ਦੀ ਦਾਲ਼' (ਧੋਤੇ ਹੋਏ ਸਾਬਤ ਮਾਂਹ ਦੀ ਦਾਲ਼) ਅਤੇ ਇਕ-ਦੋ ਹੋਰ ਆਈਟਮਾਂ ਦੇ ਨਾਲ ਚਿਰਾਂ ਤੋਂ ਉਡੀਕੀ ਜਾ ਰਹੀ ਉਹ 'ਹਲੀਮ' ਵੀ ਆ ਗਈ। ਇਹ ਵੇਖਣ ਨੂੰ ਤਾਂ ਧੋਤੀ ਮੂੰਗੀ-ਮਸਰੀ ਦੀ 'ਪੀਲੀ ਦਾਲ' ਵਰਗੀ ਹੀ ਲੱਗੀ ਪਰ ਇਸ ਦਾ ਰੰਗ ਉਸ ਤੋਂ ਥੋੜ੍ਹਾ ਜਿਹਾ ਗੂੜ੍ਹਾ ਸੀ। ਤੰਦੂਰੀ ਫੁਲਕੇ ਦੀ ਬੁਰਕੀ ਦੇ ਨਾਲ ਥੋੜ੍ਹੀ ਜਿਹੀ ਅਤੇ ਫਿਰ ਇਸ ਨਾਲ ਭਰਿਆ ਹੋਇਆ ਚਮਚਾ ਜਦੋਂ ਗਲੇ ਦੇ ਅੰਦਰ ਗਿਆ ਤਾਂ ਸੁਆਦ ਉਸ ਤੋਂ ਵੱਖਰਾ ਲੱਗਿਆ ਜੋ ਕਰਾਰਾ ਅਤੇ ਉਸਦੇ ਨਾਲੋਂ ਸੁਆਦਲਾ ਵੀ ਸੀ। ਤੰਦੂਰੀ ਫੁਲਕਿਆਂ ਦੇ ਨਾਲ ਖਾਣ ਦਾ ਇਸ ਦਾ ਆਪਣਾ ਹੀ ਮਜਾ ਸੀ। ਸਾਰਿਆਂ ਵੱਲੋਂ ਹੀ ਇਹ ਕਾਫੀ ਪਸੰਦ ਕੀਤੀ। ਜਦੋਂ ਇਸ ਦੀ ਬਣਤਰ ਬਾਰੇ ਰਜਾ ਤੇ ਉਸ ਦੇ ਸਾਥੀਆ ਨੂੰ ਪੁੱਛਿਆ ਗਿਆ ਤਾਂ ਉਨ੍ਹਾਂ ਨੇ ਦੱਸਿਆ ਕਿ ਇਹ ਛੋਲਿਆ ਦੀ ਦਾਲ ਨੂੰ ਮੱਠੀ-ਮੱਠੀ ਅੱਗ 'ਤੇ ਤੌੜੀ ਵਿਚ ਚੰਗੀ ਤਰ੍ਹਾਂ ਰਿੰਨ੍ਹ ਕੇ ਅਤੇ ਫਿਰ ਉਸ ਨੂੰ ਪੂਰੀ ਤਰ੍ਹਾਂ ਘੋਟ ਕੇ ਬਣਾਈ ਜਾਂਦੀ ਹੈ ਅਤੇ ਇਸ ਨੂੰ ਬਨਾਉਣ ਲਈ ਕਈ ਵਿਸੇਸ਼ ਮਸਾਲਿਆਂ ਦਾ ਵੀ ਇਸਤੇਮਾਲ ਕੀਤਾ ਜਾਂਦਾ ਹੈ। ਵਾਕਿਆ ਈ, ਇਹ ਇਸ ਰੈਸਟੋਰੈਂਟ ਦੀ ਖਾਸ ਡਿਸ਼ ਸੀ ਜੋ ਸਾਨੂੰ ਸਾਰਿਆਂ ਨੂੰ ਕਾਫੀ ਪਸੰਦ ਆਈ। ਖਾਣੇ ਤੋਂ ਬਾਅਦ ਇਸ ਰੈਸਟੋਰੈਂਟ ਦੀ ਗੁੜ ਦੀ 'ਕੜਕ ਚਾਹ' ਦਾ ਅਨੰਦ ਲਿਆ ਅਤੇ ਫਿਰ ਅਨਾਰਕਲੀ ਬਾਜਾਰ ਵੇਖਣ ਅਤੇ ਉੱਥੋਂ ਕੁਝ ਫ਼ਰੀਦ ਕਰਨ ਲਈ ਚੱਲ ਪਏ।

### ਅਨਾਰਕਲੀ ਬਾਜਾਰ ਵਿਚ ਘੁੰਮਦਿਆਂ

ਅਨਾਰਕਲੀ ਬਾਜਾਰ, ਦਰਅਸਲ, ਬੀਬੀਆਂ ਦਾ ਬਾਜਾਰ ਹੈ। ਲੇਡੀਜ਼ ਸੂਟ ਅਤੇ ਬਨਾਉਟੀ ਗਹਿਣਿਆਂ, ਆਦਿ ਦੀਆ ਉੱਥੇ ਬੜੀਆਂ ਵੱਡੀਆਂ-ਵੱਡੀਆਂ ਦੁਕਾਨਾਂ ਅਤੇ ਸ਼ੋਅਰੂਮ ਹਨ। ਸਾਡੇ ਨਾਲ ਦੀਆਂ ਬੀਬੀਆਂ ਨੇ ਉੱਥੇ ਆਪਣੇ ਲਈ ਅਤੇ ਧੀਆਂ/ਭੈਣਾਂ ਲਈ ਕੁਝ ਸੂਟਾਂ ਦੀ ਖ਼ਰੀਦ ਕਰਨੀ ਸੀ। ਉਂਜ ਵੀ, ਅਨਾਰਕਲੀ ਬਾਜਾਰ ਦਾ ਮਸ਼ਹੂਰ ਨਾਂ ਸਾਰਿਆਂ ਨੇ ਪਹਿਲਾਂ ਕਈ ਵਾਰ ਸੁਣਿਆਂ ਹੋਇਆ ਸੀ ਅਤੇ ਇਹ ਵੇਖਣ ਦੀ ਤਮੰਨਾਂ ਸਾਡੇ ਸਾਰਿਆਂ ਦੇ ਦਿਲਾਂ 'ਚ ਸੀ। ਵੀਹਵੀਂ ਸਦੀ ਦੇ ਪੰਜਾਹਵਿਆਂ ਦੇ ਬਹੁ-ਚਰਚਿਤ ਫਿਲਮ ਨਿਰਮਾਤਾ ਤੇ ਨਿਰਦੇਸ਼ਕ ਕੇ.ਆਸਿਫ਼ ਦੀ ਉਸ ਸਮੇਂ ਦੀ ਮਸ਼ਹੂਰ ਬਲੈਕ ਐਂਡ ਵਾਈਟ ਫਿਲਮ 'ਮੁਗ਼ਲੇ-ਆਜ਼ਮ' ਜਿਸ ਦਾ ਕੇਵਲ ਇਕ ਗਾਣਾ "ਜਬ ਪਿਆਰ ਕੀਆ ਤੋ ਡਰਨਾ ਕਿਆ" ਰੰਗਦਾਰ ਸੀ (ਬਾਅਦ ਵਿਚ ਇਹ ਪੂਰੀ ਫਿਲਮ ਰੰਗਦਾਰ ਵੀ ਬਣੀ ਸੀ), ਦੀ ਖ਼ੂਬਸੂਰਤ ਹੀਰੋਇਨ ਮਧੂਬਾਲਾ ਜਿਸ ਨੇ ਇਸ ਫਿਲਮ ਵਿਚ ਅਨਾਰਕਲੀ ਦੀ ਇਤਿਹਾਸਕ ਭੂਮਿਕਾ ਬਾਖ਼ੂਬੀ ਨਿਭਾਈ ਸੀ, ਦਾ ਖ਼ੂਬਸੂਰਤ ਚਿਹਰਾ ਵੀ ਕੁਝ ਪਲਾਂ ਲਈ ਅੱਖਾਂ ਦੇ ਸਾਹਮਣੇ ਆ ਗਿਆ। ਫਿਰ ਅਨਾਰਕਲੀ ਬਾਜਾਰ ਨੂੰ ਵੇਖਣ ਦੀ ਉਤਸੁਕਤਾ ਹੋਣੀ ਤਾਂ ਸੁਭਾਵਿਕ ਹੀ ਸੀ। ਅਨਾਰਕਲੀ ਬਾਜਾਰ ਦੇ ਬਾਹਰ ਪਾਰਕਿੰਗ ਵਿਚ ਗੱਡੀ ਖੜੀ ਕਰਕੇ ਅਸੀਂ ਸੱਤੇ ਜਣੇ (ਚਾਰ ਅਸੀਂ ਅਤੇ ਤਿੰਨ ਸਾਡੇ ਮੇਜ਼ਬਾਨ) ਅਨਾਰਕਲੀ ਬਾਜਾਰ ਵੱਲ ਪੈਦਲ ਚੱਲ ਪਏ। ਮੁੱਖ-ਮੇਜ਼ਬਾਨ ਅਹਿਮਦ ਰਜਾ ਪੰਜਾਬੀ ਜਿੱਥੇ ਸਾਡੇ ਗਾਈਡ ਦੀ ਅਹਿਮ ਭੂਮਿਕਾ ਨਿਭਾਉਂਦੇ ਸਨ, ਉੱਥੇ ਉਨ੍ਹਾਂ ਦੇ ਦੋਵੇਂ ਸਾਥੀ ਗੱਡੀ ਦਾ ਡਰਾਈਵਰ ਸੁਹੇਲ ਮਮੂਕਾ ਅਤੇ ਕੈਮਰਾਮੈਨ ਫੈਸਲ ਮੁਹੰਮਦ ਬਾਡੀਗਾਰਡਾਂ ਵਾਂਗ ਸਾਡੇ ਅੱਗੇ ਅਤੇ ਪਿੱਛੇ ਚੱਲਦੇ ਸਨ। ਇਨ੍ਹਾਂ ਤਿੰਨਾਂ ਦੇ ਹੁੰਦਿਆਂ ਸਾਨੂੰ ਕਿਸੇ ਕਿਸਮ ਦੀ ਚਿੰਤਾ ਜਾਂ ਡਰ ਦੀ ਕੋਈ ਗੁੰਜਾਇਸ਼ ਨਹੀਂ ਸੀ। ਅਸੀਂ ਪੂਰੀ ਆਜਾਦੀ ਨਾਲ ਲਹਿੰਦੇ ਪੰਜਾਬ ਦੇ ਕਈ ਸ਼ਹਿਰਾਂ ਅਤੇ ਪਿੰਡਾਂ ਵਿਚ ਦੋ ਹਫ਼ਤੇ ਬਿਨਾਂ ਕਿਸੇ ਰੋਕ-ਟੋਕ ਅਤੇ ਬਗੈਰ ਕਿਸੇ ਡਰ/ਖ਼ੌਫ਼ ਦੇ ਘੁੰਮਦੇ ਰਹੇ।

ਸ਼ੁਰੂ-ਸ਼ੁਰੂ ਵਿਚ ਤਾਂ ਇਹ ਅਨਾਰਕਲੀ ਬਾਜਾਰ ਸਾਨੂੰ ਕਾਫੀ ਖੁੱਲ੍ਹਾ ਜਿਹਾ ਲੱਗਿਆ ਪਰ ਜਿਉਂ ਜਿਉਂ ਅੱਗੇ ਵੱਧਦੇ ਗਏ, ਇਹ ਭੀੜਾ ਹੋਣਾ ਆਰੰਭ ਹੋ ਗਿਆ। ਹੋਰ ਅੱਗੇ ਜਾ ਕੇ ਤਾਂ ਇੰਜ ਲੱਗਦਾ ਸੀ ਜਿਵੇਂ ਅਸੀਂ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੇ ਨੇੜਲੇ 'ਮਾਈ ਸੇਵਾਂ ਬਾਜਾਰ' ਜਾਂ 'ਗੁਰੂ ਬਾਜਾਰ' ਵਿਚ ਹੀ ਜਾ ਰਹੇ ਹੋਈਏ। ਅੰਮ੍ਰਿਤਸਰ ਦੇ ਇਨ੍ਹਾਂ ਬਾਜਾਰਾਂ ਵਾਂਗ ਹੀ ਲਾਹੌਰੀਆਂ ਨੇ ਆਪਣੀਆਂ ਦੁਕਾਨਾਂ ਦੇ ਅੱਗੇ ਬਾਜਾਰ ਵਿਚ ਲੱਕੜੀ ਦੇ ਮੇਜ਼ ਤੇ ਬੈਂਚ ਲਗਾ ਕੇ ਇਨ੍ਹਾਂ ਨੂੰ ਹੋਰ ਵਧਾਇਆ ਹੋਇਆ ਸੀ। ਆਖ਼ਰ ਹੈਨ ਤਾਂ ਦੋਵੇਂ 'ਇੱਕੋ ਹੀ ਮਿੱਟੀ' ਦੇ ਬਣੇ ਹੋਏ ਅਤੇ ਸੁਭਾਅ ਫਿਰ ਕਿਵੇਂ ਵੱਖਰੇ ਹੋ ਸਕਦੇ ਹਨ? ਅਸੀਂ ਕੱਪੜੇ ਦੀਆਂ ਤਿੰਨ-ਚਾਰ ਦੁਕਾਨਾਂ 'ਤੇ ਗਏ। ਬੀਬੀਆਂ ਨੇ ਇੱਥੋਂ ਸੂਟਾਂ ਦੀ ਖ਼ਰੀਦ ਕੀਤੀ ਅਤੇ ਇਨ੍ਹਾਂ ਦੇ ਬਿੱਲਾਂ ਦੀ ਰਕਮ ਦੀ ਅਦਾਇਗੀ ਕਰਨ ਲੱਗਿਆਂ ਦੁਕਾਨਦਾਰਾਂ ਦੇ ਨਾਲ 'ਸੌਦੇਬਾਜੀ' (ਬਾਰ-ਗੇਨਿੰਗ) ਵੀ ਕੀਤੀ ਜਿਸ ਵਿਚ ਸਾਡੇ ਮੁੱਖ-ਮੇਜ਼ਬਾਨ ਰਜਾ ਵੱਲੋਂ ਉਨ੍ਹਾਂ ਦੀ ਮਦਦ ਕੀਤੀ ਗਈ ਅਤੇ ਬਿੱਲਾਂ ਵਿਚ ਕਾਫੀ ਰਿਆਇਤ ਵੀ ਕਰਵਾਈ ਗਈ। ਬਨਾਉਟੀ ਗਹਿਣਿਆਂ ਦੀ ਇਕ ਦੁਕਾਨ ਤੋਂ ਬੀਬੀਆਂ ਨੇ ਕੁਝ ਨਕਲੀ ਗਹਿਣੇ ਵੀ ਖ਼ਰੀਦੇ ਜਿੱਥੇ ਬਾਰਗੇਨਿੰਗ ਵਾਲਾ 'ਫਾਰਮੂਲਾ' ਫਿਰ ਓਸੇ ਤਰ੍ਹਾਂ ਦੁਹਰਾਇਆ ਗਿਆ। ਦਰਅਸਲ, ਦੋਹਾਂ ਪੰਜਾਬਾਂ ਦੀ ਮਿੱਟੀ ਦੀ ਤਾਸੀਰ ਇੱਕ ਹੀ ਹੈ ਅਤੇ ਅੰਮ੍ਰਿਤਸਰ ਤੇ ਲਾਹੌਰ ਕੋਈ ਵੱਖਰੇ ਨਹੀਂ ਹਨ। ਇਸ ਦੇ ਨਾਲ ਹੀ ਬਾਜਾਰ ਵਿੱਚੋਂ ਲੰਘਦਿਆਂ ਕਈਆਂ ਨੇ ਸਾਨੂੰ 'ਸਤਿ ਸ੍ਰੀ ਅਕਾਲ ਬੁਲਾਈ ਅਤੇ ਸਾਡੇ ਨਾਲ ਹੱਥ ਮਿਲਾਏ। ਉਨ੍ਹਾਂ ਵਿੱਚੋਂ ਕਈਆਂ ਨੇ ਸਾਨੂੰ ਚਾਹ ਦੀ ਸੁਲਾਹ ਵੀ ਮਾਰੀ ਜੋ ਬਨਾਉਟੀ ਨਹੀਂ, ਸਗੋਂ ਸੱਚੇ ਦਿਲੋਂ ਸੀ, ਪਰ ਉਸ ਸਮੇਂ ਚਾਹ ਪੀਣ ਦੀ ਕੋਈ ਤੁਕ ਨਹੀਂ ਬਣਦੀ ਸੀ। ਇਸ ਲਈ ਹੱਥ ਜੋੜ ਕੇ ਬੱਸ ਉਨ੍ਹਾਂ ਦਾ ਧੰਨਵਾਦ ਹੀ ਕੀਤਾ ਗਿਆ। ਰਾਤ ਦੇ ਨੌਂ ਵੱਜ ਰਹੇ ਸਨ। ਸੋ ਜਲਦੀ ਹੀ ਵਾਪਸੀ ਕੀਤੀ। ਰਸਤੇ ਵਿਚ ਇਕ ਰੈਸਟੋਰੈਂਟ 'ਤੇ ਸਾਰਿਆਂ ਨੇ ਇਕੱਠਿਆਂ ਡਿਨਰ ਕੀਤਾ ਅਤੇ ਰਾਤ ਦੇ ਗਿਆਰਾਂ ਕੁ ਵਜੇ ਵਾਪਸ ਹੋਟਲ ਪਹੁੰਚੇ।

---

ਵਿਸ਼ਵ ਦੇ ਮਹਾਨ ਖਿਡਾਰੀ-11:

# ਦੁਨੀਆਂ ਨੂੰ ਦੰਗ ਕਰਨ ਵਾਲਾ ਤੈਰਾਕ ਸੀ ਜੌਨੀ ਟਾਰਜ਼ਨ

-ਪ੍ਰਿੰ. ਸਰਵਣ ਸਿੰਘ-

ਤਾਰੀਆਂ ਦਾ ਵਿਸ਼ਵ ਚੈਂਪੀਅਨ ਤੇ ਫਿਲਮਾਂ ਦਾ ਸੁਪਰਮੈਨ ਜੌਨ੍ਹੀ ਟਾਰਜ਼ਨ ਦਰਸ਼ਕਾਂ ਨੂੰ ਦੰਗ ਕਰ ਦੇਣ ਵਾਲਾ ਓਲੰਪੀਅਨ ਸਟਾਰ ਸੀ। ਉਸ ਨੇ ਪੈਰਿਸ-1924 ਤੇ ਐਮਸਟਰਡਮ-1928 ਦੀਆਂ ਓਲੰਪਿਕ ਖੇਡਾਂ 'ਚੋਂ ਇਕ ਕਾਂਸੀ ਤੇ ਪੰਜ ਸੋਨੇ ਦੇ ਤਗਮੇ ਜਿੱਤੇ ਸਨ। 20ਵੀਂ ਸਦੀ ਦੇ ਪਹਿਲੇ ਅੱਧ ਦਾ ਉਹ ਸਭ ਤੋਂ ਤਕੜਾ ਤੈਰਾਕ ਮੰਨਿਆ ਗਿਆ ਸੀ। ਉਸ ਦਾ ਜਨਮ 2 ਜੂਨ 1904 ਨੂੰ ਫਰੀਡੌਰਫ਼ ਰੁਮਾਨੀਆ ਵਿਚ ਹੋਇਆ ਸੀ ਜੋ ਪਹਿਲਾਂ ਆਸਟਰੀਆ ਤੇ ਹੰਗਰੀ ਦਾ ਹਿੱਸਾ ਸੀ। ਉਹ ਦੋਗਲੇ ਕਬੀਲਿਆਂ ਦੀ ਸੰਤਾਨ ਸੀ। ਉਸ ਦਾ ਜਮਾਂਦਰੂ ਨਾਂ ਜੋਹਾਨਨ ਪੀਟਰ ਵੀਸਮੂਲਰ ਸੀ। 2005 ਵਿਚ ਉਨ੍ਹਾਂ ਦਾ ਪਰਿਵਾਰ ਵਿੰਡਜ਼ਰ, ਪੈਨਸਲਵਾਨੀਆ ਚਲਾ ਗਿਆ ਸੀ। ਉਥੋਂ ਉਹ ਸ਼ਿਕਾਗੋ ਚਲੇ ਗਏ ਸਨ ਜਿਥੇ ਜੌਨ੍ਹੀ ਨੇ ਮਿਸ਼ੀਗਨ ਲੇਕ 'ਚ ਤੈਰਨਾ ਸ਼ੁਰੂ ਕੀਤਾ ਸੀ।

ਉਹਦਾ ਪਿਤਾ ਕੋਲਾ ਖਾਣ 'ਚ ਕੰਮ ਕਰਦਾ ਸੀ। ਉਹਦੀ ਸੀਮਤ ਆਮਦਨ ਨਾਲ ਪਰਿਵਾਰ ਦਾ ਗੁਜ਼ਾਰਾ ਬੜੀ ਮੁਸ਼ਕਲ ਨਾਲ ਹੁੰਦਾ ਸੀ। ਤਦੇ ਉਹ ਆਸਟਰੀਆ ਤੋਂ ਅਮਰੀਕਾ ਗਏ ਸਨ। ਵੀਸਮੂਲਰ ਬਚਪਨ ਵਿਚ ਅਕਸਰ ਹੀ ਬਿਮਾਰ ਹੋ ਜਾਂਦਾ ਤੇ ਕਮਜ਼ੋਰ ਪੈ ਜਾਂਦਾ। ਗਰੀਬੀ ਤੇ ਬਿਮਾਰੀ ਬਿਪਤਾ ਦਾ ਘਰ ਹੁੰਦੀਆਂ ਹਨ। ਪਰਿਵਾਰ ਨੂੰ ਇਕ ਡਾਕਟਰ ਨੇ ਦੱਸਿਆ ਕਿ ਜੇ ਜੌਨ੍ਹੀ ਤੈਰਨ ਦੀ ਕਸਰਤ ਕਰਿਆ ਕਰੇ ਤਾਂ ਬਿਮਾਰ ਹੋਣ ਤੋਂ ਬਚ ਸਕਦਾ ਹੈ। ਉਨ੍ਹਾਂ ਦੇ ਨੇੜੇ ਹੀ ਮਿਸ਼ੀਗਨ ਲੇਕ ਸੀ। ਵੀਸਮੂਲਰ ਉਸ ਝੀਲ ਵਿਚ ਤੈਰਨ ਦੀ ਕਸਰਤ ਕਰਨ ਲੱਗ ਪਿਆ। ਇਕ ਦਿਨ ਉਹ ਤੈਰਾਕੀ ਦੇ ਪ੍ਰਸਿੱਧ ਕੋਚ ਵਿਲੀਅਮ ਬਾਕਰਚ ਦੀ ਨਜ਼ਰੀਂ ਪੈ ਗਿਆ ਜਿਸ ਨੇ ਉਹਦੇ ਅੰਦਰ ਛੁਪੇ ਤਕੜੇ ਤੈਰਾਕ ਨੂੰ ਪਛਾਣ ਕੇ ਉਸ ਨੂੰ ਆਪਣਾ ਸ਼ਗਿਰਦ ਬਣਾ ਲਿਆ। ਕੋਚ ਨੇ ਜੌਨ੍ਹੀ ਨੂੰ ਗ਼ਲਤ ਤਰ੍ਹਾਂ ਤੈਰਨੋਂ ਹਟਾ ਕੇ ਠੀਕ ਤਰ੍ਹਾਂ ਤੈਰਨ ਦੀ ਸਿਖਲਾਈ ਦੇਣੀ ਸ਼ੁਰੂ ਕਰ ਦਿੱਤੀ। ਉਦੋਂ ਉਹ ਸਿਰਫ਼ 11 ਸਾਲਾਂ ਦਾ ਸੀ।

ਕਲੱਬ ਦੇ ਨੇਮਾਂ ਅਨੁਸਾਰ 12 ਸਾਲ ਦਾ ਬਾਲਕ ਵਾਈ ਐੱਮ ਸੀ ਏ ਦਾ ਮੈਂਬਰ ਬਣ ਸਕਦਾ ਸੀ। ਪਰ ਕੱਦ ਦਾ ਲੰਮਾ ਝੰਮਾ ਹੋਣ ਕਰਕੇ ਉਹਨੂੰ ਬਾਰਾਂ ਸਾਲ ਦਾ ਹੀ ਸਮਝ ਕੇ ਕਲੱਬ ਦਾ ਮੈਂਬਰ ਬਣਾ ਲਿਆ ਗਿਆ। ਕਲੱਬ ਦੀ ਟੀਮ ਵੱਲੋਂ ਪਹਿਲਾਂ ਉਸ ਨੇ ਦੌੜਾਂ ਤੇ ਉੱਚੀ ਛਾਲ ਲਾਉਣ ਦੇ ਮੁਕਾਬਲਿਆਂ 'ਚ ਰਿਕਾਰਡ ਤੋੜੇ ਤੇ ਫਿਰ ਤਾਰੀਆਂ ਦੇ ਕੋਚ ਬਾਕਰਚ ਦੀ ਕੋਚਿੰਗ ਨਾਲ ਤੈਰਾਕੀ ਦੇ ਮੁਕਾਬਲੇ ਜਿੱਤਣ ਲੱਗਾ। ਕੋਚ ਦਾ ਸਬਕ ਸੀ ਕਿ ਪਾਣੀ 'ਚ ਲੱਥਣ ਦੀ ਥਾਂ ਪਾਣੀ 'ਤੇ ਉਡਣਾ ਚਾਹੀਦੈ। ਜੌਨ੍ਹੀ ਨੇ ਤੈਰਾਕੀ ਦਾ ਪਹਿਲਾ ਮੁਕਾਬਲਾ 6 ਅਗੱਸਤ 1921 ਨੂੰ ਜਿੱਤਿਆ ਅਤੇ 9 ਜੁਲਾਈ 1922 ਨੂੰ 100 ਗਜ਼ ਦੀ ਤਾਰੀ 58.6 ਸਕਿੰਟ ਵਿਚ ਲਾ ਕੇ ਨਵਾਂ ਵਿਸ਼ਵ ਰਿਕਾਰਡ ਰੱਖ ਦਿੱਤਾ! ਫੇਰ ਚੱਲ ਸੋ ਚੱਲ ਹੋ ਗਈ ਤੇ ਤਾਰੀਆਂ ਦੇ ਰਿਕ-ਾਰਡ ਆਏ ਦਿਨ ਟੁੱਟਣ ਲੱਗੇ। ਜੌਨ੍ਹੀ ਵੀਸਮੂਲਰ ਨੇ ਓਲੰਪਿਕ ਖੇਡਾਂ ਦੇ 6 ਮੈਡਲ ਜਿੱਤਣ ਨਾਲ ਅਨੇਕਾਂ ਵਿਸ਼ਵ ਚੈਂਪੀਅਨਸ਼ਿਪਾਂ ਦੇ ਰਿਕਾਰਡ ਨਵਿਆਏ। 28 ਵਿਸ਼ਵ ਰਿਕ-ਾਰਡ ਉਹਦੇ ਨਾਂ ਬੋਲਦੇ ਰਹੇ।

ਵੀਸਮੂਲਰ ਦਾ ਕੱਦ ਛੇ ਫੁੱਟ ਤਿੰਨ ਇੰਚ ਸੀ। ਉਹ ਲੰਮੀਆਂ ਬਾਹਾਂ ਤੇ ਮੱਛੀ ਵਰਗੇ ਜੁੱਸੇ ਨਾਲ ਪਾਣੀ ਉਤੇ ਤਿਲ੍ਹਕਦਾ ਜਾਂਦਾ ਲੱਗਦਾ ਸੀ। ਉਹਦੇ ਤੈਰਨ ਦਾ ਤਰੀਕਾ ਨਿਆਰਾ ਸੀ। ਉਹ ਆਪਣੇ ਸਰੀਰ ਨੂੰ ਪਾਣੀ ਵਿਚ ਡੋਬਣ ਦੀ ਥਾਂ ਉਹਦੇ ਉਪਰ ਹੀ ਤੈਰਦਾ ਮੰਜ਼ਲਾਂ ਮਾਰਦਾ ਸੀ। ਇੰਜ ਪਾਣੀ ਉਹਦੀ ਗਤੀ ਨੂੰ ਘੱਟ ਰੋਕ ਸਕਦਾ ਸੀ। ਫਰੀ ਸਟਾਈਲ ਤੈਰਦਿਆਂ ਉਹ ਆਪਣਾ ਸਿਰ ਬਾਜੂਆਂ ਦੇ ਨਾਲ ਸੱਜੇ ਖੱਬੇ ਘੁੰਮਾਉਂਦਾ ਸੀ। ਇੰਜ ਉਸ ਨੂੰ ਦੂਜੇ ਤੈਰਾਕਾਂ ਦੇ ਅੱਗੇ ਪਿੱਛੇ ਹੋਣ ਦਾ ਆਮੁਹਾਰੇ ਪਤਾ ਲੱਗਦਾ ਰਹਿੰਦਾ ਸੀ। ਤੈਰਾਕੀ ਵਿਚ ਉਹ ਅਜਿਹਾ ਚੱਲਿਆ ਕਿ ਕੇਵਲ ਸਤਾਰਾਂ ਸਾਲ ਦੀ ਉਮਰ ਵਿਚ ਹੀ 100 ਮੀਟਰ ਫਰੀ ਸਟਾਈਲ ਤਾਰੀ ਦਾ ਨਵਾਂ ਵਿਸ਼ਵ ਰਿਕਾਰਡ ਰੱਖ ਦਿੱਤਾ ਸੀ!

ਉਸ ਦਾ ਕੱਦ ਬੇਸ਼ਕ 6 ਫੁੱਟ 3 ਇੰਚ ਸੀ ਪਰ ਸਰੀਰਕ ਵਜ਼ਨ 191 ਪੌਂਡ ਹੀ ਸੀ। ਲੱਤਾਂ ਬਾਹਾਂ ਲੰਮੀਆਂ ਸਨ ਤੇ ਪੂਲ 'ਚ ਤੈਰਦਾ ਉਹ ਪਾਣੀ ਉਤੇ ਨੱਚਦਾ ਲੱਗਦਾ ਸੀ। ਉਹਦਾ ਸਡੌਲ ਦਰਸ਼ਨੀ ਜੁੱਸਾ ਦਰਸ਼ਕਾਂ ਦੀਆਂ ਨਜ਼ਰਾਂ ਦਾ ਕੇਂਦਰ ਬਣਿਆ ਰਹਿੰਦਾ ਸੀ। ਉਂਜ ਵੀ ਉਹ ਸੋਹਣਾ ਸੁਣੱਖਾ ਨੌਜੁਆਨ ਸੀ। ਵੀਹ ਸਾਲ ਦੀ ਉਮਰ ਵਿਚ ਉਹ ਪਹਿਲੀ ਵਾਰ ਪੈਰਿਸ ਦੀਆਂ ਓਲੰਪਿਕ ਖੇਡਾਂ-1924 ਲਈ ਅਮਰੀਕਾ ਦੀ ਟੀਮ ਵਿਚ ਚੁਣਿਆ ਗਿਆ ਸੀ। ਉਥੇ ਉਸ ਨੇ 100 ਮੀਟਰ ਫਰੀ ਸਟਾਈਲ, 400 ਮੀਟਰ ਫਰੀ ਸਟਾਈਲ ਤੇ 4+200 ਮੀਟਰ ਰਿਲੇਅ ਦੌੜ ਵਿਚੋਂ ਤਿੰਨ ਗੋਲਡ ਮੈਡਲ ਜਿੱਤੇ ਅਤੇ ਵਾਟਰ ਪੋਲੋ ਦੀ ਟੀਮ ਖੇਡ ਵਿਚੋਂ ਬਰਾਂਜ਼ ਮੈਡਲ ਜਿੱਤਿਆ। ਇਕੋ ਓਲੰਪਿਕਸ 'ਚੋਂ ਚਾਰ ਮੈਡਲ ਜਿੱਤਣ ਨਾਲ ਉਹਦੀ ਕੁਲ ਦੁਨੀਆ 'ਚ ਉਹਦੀ ਧੰਨ-ਧੰਨ ਹੋ ਗਈ ਸੀ।

ਉਹਦੇ ਬਚਪਨ 'ਚ ਮੰਦਭਾਗੀ ਗੱਲ ਇਹ ਹੋਈ ਕਿ ਜਦ ਉਹ ਅੱਠਵੀਂ 'ਚ ਪੜ੍ਹਦਾ ਸੀ ਤਾਂ ਉਸ ਦਾ ਪਿਤਾ ਪਰਿਵਾਰ ਨੂੰ ਨਿਆਸਰਾ ਛੱਡ ਕੇ ਕਿਤੇ ਹੋਰ ਟਿੱਭ ਗਿਆ ਸੀ। ਜੌਨ੍ਹੀ ਨੂੰ ਨਿਆਸਰੀ ਮਾਂ ਅਤੇ ਛੋਟੇ ਭਰਾ ਦੀ ਪਾਲਣਾ ਲਈ ਪੜ੍ਹਾਈ ਵਿਚੇ ਛੱਡਣੀ ਪਈ ਸੀ। ਉਸ ਨੇ ਕਰੜੀ ਮਿਹਨਤ ਮੁਸ਼ੱਕਤ ਕਰ ਕੇ ਪਰਿਵਾਰ ਨੂੰ ਪਾਲਿਆ ਤੇ ਨਾਲ ਦੀ ਨਾਲ ਤੈਰਾਕੀ ਦੀਆਂ ਪੌੜੀਆਂ ਵੀ ਚੜ੍ਹਦਾ ਰਿਹਾ। 1924 ਦੀਆਂ ਓਲੰਪਿਕ ਖੇਡਾਂ ਜਿਥੇ ਅਥਲੈਟਿਕਸ ਵਿਚ ਪਾਵੋ ਨੁਰਮੀ ਦੀਆਂ ਖੇਡਾਂ ਕਹੀਆਂ ਜਾਂਦੀਆਂ ਹਨ ਉਥੇ ਤੈਰਾਕੀ ਵਿਚ ਉਨ੍ਹਾਂ ਨੂੰ ਜਾਨ੍ਹੀ ਵੀਸਮੂਲਰ ਦੀਆਂ ਖੇਡਾਂ ਦਾ ਨਾਂ ਦਿੱਤਾ ਗਿਆ। ਪੈਰਿਸ ਵਿਚ 100 ਮੀਟਰ ਫਰੀ ਸਟਾਈਲ ਤਾਰੀ ਦਾ ਅਸਲ ਮੁਕਾਬਲਾ ਤਿੰਨੇ ਅਮਰੀਕੀ ਤੈਰਾਕਾਂ ਵਿਚਾਲੇ ਸੀ। ਡਿਊਕ ਕਾਹਨਾਮੋਕੂ 1912 ਤੇ 1920 ਦੀਆਂ ਓਲੰਪਿਕ ਖੇਡਾਂ ਦਾ ਚੈਂਪੀਅਨ ਸੀ ਤੇ ਤੀਜੀ ਵਾਰ ਲਗਾਤਾਰ ਜਿੱਤ ਕੇ ਹੈਟ ਟ੍ਰਿਕ ਮਾਰਨਾ ਚਾਹੁੰਦਾ ਸੀ। ਤਾਰੀ ਸ਼ੁਰੂ ਹੋਈ ਤਾਂ 75 ਮੀਟਰ ਤਕ ਡਿਊਕ ਹੀ ਅੱਗੇ ਰਿਹਾ ਪਰ ਅਖ਼ੀਰਲੇ ਪੱਚੀ ਮੀਟਰਾਂ ਵਿਚ ਵੀਸਮੂਲਰ ਉਸ ਨੂੰ ਪੈ ਗਿਆ ਤੇ ਉਹਨੇ ਇਕ ਮਿੰਟ ਸਮੇਂ ਦੀ ਹੱਦ ਵੀ ਤੋੜ ਦਿੱਤੀ। ਉਸ ਨੇ 59 ਸੈਕੰਡ ਦੇ ਨਵੇਂ ਵਿਸ਼ਵ ਰਿਕਾਰਡ ਨਾਲ ਗੋਲਡ ਮੈਡਲ ਜਿੱਤਿਆ। ਦੂਜਾ ਗੋਲਡ ਮੈਡਲ ਉਸ ਨੇ 400 ਮੀਟਰ ਦੀ ਫਰੀ ਸਟਾਈਲ ਤਾਰੀ ਵਿਚੋਂ ਹਾਸਲ ਕੀਤਾ। ਤੀਜਾ ਸੋਨੇ ਦਾ ਤਗ਼ਮਾ ਉਸ ਨੂੰ 4+200 ਮੀਟਰ ਰਿਲੇਅ ਤਾਰੀ ਵਿਚੋਂ ਮਿਲਿਆ। ਕੁਲ ਮਿਲਾ ਕੇ ਉਹ ਪੈਰਿਸ ਦੀਆਂ ਓਲੰਪਿਕ ਖੇਡਾਂ ਦਾ ਬਿਹਤਰੀਨ ਤੈਰਾਕ ਸਿੱਧ ਹੋਇਆ।

ਚਾਰ ਸਾਲ ਬਾਅਦ ਐਮਸਟਰਡਮ ਦੀਆਂ ਓਲੰਪਿਕ ਖੇਡਾਂ ਸਮੇਂ ਵੀ ਉਹ ਪੂਰੀ ਤਿਆਰੀ ਵਿਚ ਸੀ। ਅਮਰੀਕਾ ਦੇ ਤੈਰਾਕਾਂ ਦੀ ਉਂਜ ਵੀ ਗੁੱਡੀ ਚੜ੍ਹੀ ਹੋਈ ਸੀ। ਬਾਕੀ ਮੁਲਕਾਂ ਦੇ ਤੈਰਾਕ ਉਨ੍ਹਾਂ ਤੋਂ ਕੰਨ ਭੰਨਦੇ ਸਨ। ਐਮਸਟਰਡਮ ਵਿਚ ਉਹ 100 ਮੀਟਰ ਫਰੀ ਸਟਾਈਲ ਤਾਰੀ ਫਿਰ ਨਵੇਂ ਓਲੰਪਿਕ ਰਿਕ-ਾਰਡ 58.6 ਸਕਿੰਟ ਵਿਚ ਲਾ ਕੇ ਜੇਤੂ ਰਿਹਾ। ਆਪਣਾ ਪੰਜਵਾਂ ਸੋਨ ਤਮਗ਼ਾ ਉਸ ਨੇ ਫਿਰ 4+200 ਮੀਟਰ ਰਿਲੇਅ ਤਾਰੀ ਵਿਚੋਂ ਜਿੱਤਿਆ।

1932 'ਚ ਹੋ ਰਹੀਆਂ ਲਾਸ ਏਂਜਲਸ ਦੀਆਂ ਓਲੰਪਿਕ ਖੇਡਾਂ ਲਈ ਉਹ ਪੂਰੀ ਤਿਆਰੀ ਵਿਚ ਸੀ ਕਿ ਉਹਦਾ ਕੱਦਾਵਰ ਤੇ ਸਡੌਲ ਗੁੰਦਵਾਂ ਜੁੱਸਾ ਹਾਲੀਵੁੱਡ ਫਿਲਮਾਂ ਦੇ ਇਕ ਨਿਰਮਾਤਾ ਦੀ ਨਜ਼ਰੀਂ ਪੈ ਗਿਆ। ਫਿਲਮ ਨਿਰਮਾਤਾ ਨੂੰ ਤੈਰਾਕੀ ਦੀ ਪੁਸ਼ਾਕ ਵਿਚ ਉਹ ਬਹੁਤ ਸੁਨੱਖਾ ਤੇ ਬੇਹੱਦ ਸ਼ਕਤੀਸ਼ਾਲੀ ਪੁਰਸ਼ ਦਿਸਿਆ। ਉਸ ਨੂੰ ਉਹਦਾ ਜੁੱਸਾ ਜੱਚ ਗਿਆ। ਉਹ ਲੋਕ ਮਨਾਂ 'ਚ ਵਸੇ ਸ਼ਕਤੀਸ਼ਾਲੀ ਟਾਰਜ਼ਨ ਦਾ ਰੋਲ ਕਰਾਉਣ ਲਈ ਕਿਸੇ ਅਜਿਹੇ ਮਰਦ ਦੀ ਹੀ ਭਾਲ ਵਿਚ ਸੀ। ਉਸ ਨੇ ਟਾਰਜ਼ਨ ਦੇ ਰੂਪ ਵਿਚ ਅਦਾਕਾਰ ਤੋਂ ਸੁਪਰਮੈਨ ਦਾ ਰੋਲ ਜੁ ਅਦਾ ਕਰਾਉਣਾ ਸੀ। ਫਿਲਮ ਨਿਰਮਾਤਾ ਨੇ ਵੀਸਮੂਲਰ ਨਾਲ ਇਸ ਸੰਬੰਧੀ ਗੱਲਬਾਤ ਕੀਤੀ ਤਾਂ ਓਲੰਪਿਕ ਚੈਂਪੀਅਨ ਜੌਨ੍ਹੀ ਟਾਰਜ਼ਨ ਦਾ ਰੋਲ ਅਦਾ ਕਰਨ ਲਈ ਤਿਆਰ ਹੋ ਗਿਆ।

ਟਾਰਜ਼ਨ ਦੇ ਰੂਪ ਵਿਚ ਫਿਰ ਉਸ ਨੇ ਮਗਰਮੱਛਾਂ ਨਾਲ ਘੋਲ ਕੀਤੇ, ਜੰਗਲਾਂ ਵਿਚ ਜੰਗਲੀ ਜਾਨਵਰਾਂ ਨਾਲ ਭਿੜਿਆ, ਬੱਬਰ ਸ਼ੇਰਾਂ ਵਾਂਗ ਦਹਾੜਾਂ ਮਾਰੀਆਂ ਤੇ ਪਾਣੀ ਹੇਠਾਂ ਹੈਰਾਨਕੁਨ ਕਰਤਬ ਵਿਖਾਏ। ਇੰਜ ਉਹ ਫਿਲਮੀ ਦਰਸ਼ਕਾਂ ਦਾ ਸਭ ਤੋਂ ਮਨਭਾਉਂਦਾ ਹੀਰੋ ਬਣ ਗਿਆ। ਉਹਨੀਂ ਦਿਨੀਂ ਓਲੰਪਿਕ ਚੈਂਪੀਅਨ ਨਿਰੋਲ ਸ਼ੌਕੀਆ ਖਿਡਾਰੀ ਹੁੰਦੇ ਸਨ ਜਿਨ੍ਹਾਂ ਨੂੰ ਕੋਈ ਮਾਇਕ ਇਨਾਮ ਨਹੀਂ ਸੀ ਦਿੱਤਾ ਜਾ ਸਕਦਾ। ਟਾਰਜ਼ਨ ਦਾ ਰੋਲ ਕਰਨ ਨਾਲ ਵੀਸਮੂਲਰ ਦੀ ਕਦਰ ਕੀਮਤ ਲੱਖਾਂ ਡਾਲਰਾਂ ਤਕ ਅੱਪੜ ਗਈ। ਉਸ ਦੀ ਮਾਲੀ ਸਫਲਤਾ ਤੋਂ ਪ੍ਰਭਾਵਿਤ ਹੋ ਕੇ ਤਿੰਨ ਹੋਰ ਓਲੰਪੀਅਨ ਬਸਟਰ ਕਰੈਬ, ਹਰਮਨ ਬਰਿਕਸ ਤੇ ਗਲੈੱਨ ਮੌਰਿਸ ਵੀ ਟਾਰਜ਼ਨ ਦਾ ਰੋਲ ਅਦਾ ਕਰਨ ਲੱਗੇ।

ਜਾਨ੍ਹੀ ਵੀਸਮੂਲਰ ਨੇ ਆਪਣੇ ਤੈਰਨ ਦੇ ਦਿਨਾਂ ਵਿਚ ਕੁਲ 67 ਵਾਰ ਵਿਸ਼ਵ ਰਿਕਾਰਡ ਰੱਖੇ ਜੋ ਆਪਣੇ ਆਪ ਵਿਚ ਵਿਸ਼ਵ ਰਿਕਾਰਡ ਹੈ। ਦਿਲਚਸਪ ਕਹਾਣੀ ਇਹ ਵਾਪਰੀ ਕਿ ਤੈਰਾਕੀ ਦੇ ਵਿਸ਼ਵ ਰਿਕਾਰਡਾਂ ਨਾਲ ਉਸ ਨੇ ਵਿਆਹ ਕਰਾਉਣ ਦਾ ਵੀ ਰਿਕਾਰਡ ਰੱਖਿਆ। ਉਸ ਨੇ ਪੰਜ ਵਾਰ ਅਸਲੀ ਵਿਆਹ ਕਰਾਇਆ ਜਦ ਕਿ ਫਿਲਮੀ ਵਿਆਹਾਂ ਦਾ ਤਾਂ ਕੋਈ ਲੇਖਾ ਹੀ ਨਹੀਂ। ਉਸ ਦਾ ਪਹਿਲਾ ਵਿਆਹ 1931 ਵਿਚ ਅਦਾਕਾਰਾ ਬੌਬ ਅਰਨੈਸਟ ਨਾਲ ਹੋਇਆ ਜੋ ਬਿਨਾਂ ਬੱਚਾ ਪੈਦਾ ਕੀਤੇ 1933 ਤਕ ਨਿਭਿਆ। 1933 ਵਿਚ ਲੂਪ ਵਲੀਜ਼ ਨਾਲ ਵਿਆਹ ਕਰਵ-ਾਇਆ ਜੋ ਬਿਨਾਂ ਬੱਚੇ 1939 ਤਕ ਚੱਲ ਸਕਿਆ। 1939 ਵਿਚ ਬੇਰਿਲ ਸਕਾਟ ਨਾਲ ਵਿਆਹਿਆ ਗਿਆ ਜਿਸ ਦੇ ਤਿੰਨ ਬੱਚੇ ਪੈਦਾ ਹੋਏ। ਹੈਰਾਨੀ ਹੈ ਕਿ ਵਿਆਹ ਫੇਰ ਵੀ ਤਲਾਕ 'ਚ ਬਦਲ ਗਿਆ! 1948 ਵਿਚ ਐਲਨ ਮੇਟਸ ਲੜ ਲੱਗ ਗਈ ਜੋ 14 ਸਾਲ ਲੜ ਲੱਗੀ ਰਹੀ। ਫੇਰ ਪਤਾ ਨਹੀਂ ਕੀ ਹੋਇਆ ਕਿ ਜੋੜੀਆਂ ਜੱਗ ਥੋੜ੍ਹੀਆਂ ਵਾਲੀ ਗੱਲ ਹੋ ਗਈ। ਬਣੀ ਬਣਾਈ ਜੋੜੀ 1962 ਵਿਚ ਨਿਖੜ ਗਈ। 1963 ਵਿਚ ਮਾਰੀਆ ਬਰੌਕ ਨੇ ਜੌਨ੍ਹੀ ਦਾ ਪੱਲਾ ਆ ਫੜਿਆ। ਉਹ ਸਿਦਕ ਦੀ ਐਸੀ ਪੱਕੀ ਰਹੀ ਕਿ ਜੌਨ੍ਹੀ ਵੀਸਮੂਲਰ ਦੇ ਮਰਨ ਤਕ ਵਿਆਹ ਦੀ ਰੀਤ ਨਿਭਾਈ ਗਈ। ਉਸ ਨੇ ਤੇ ਜੌਨ੍ਹੀ ਦੇ ਬੱਚਿਆਂ ਨੇ ਓਲੰਪਿਕ ਚੈਂਪੀਅਨ ਤੇ ਫਿਲਮੀ ਟਾਰਜ਼ਨ ਦੀਆਂ ਅੰਤਮ ਰਸਮਾਂ ਰੀਤਾਂ ਨਿਭਾਈਆਂ।

ਓਲੰਪਿਕ ਚੈਂਪੀਅਨ ਦੇ ਰੂਪ ਵਿਚ ਭਾਵੇਂ ਉਹ ਲੱਖਾਂ ਦਿਲਾਂ ਵਿਚ ਵਸਦਾ ਸੀ ਪਰ ਟਾਰਜ਼ਨ ਦੇ ਰੂਪ ਵਿਚ ਕਰੋੜਾਂ ਲੋਕਾਂ ਦੇ ਦਿਲਾਂ 'ਚ ਵਸਣ ਲੱਗ ਪਿਆ ਸੀ। ਉਸ ਨੇ ਸੁਪਰਮੈਨ ਦਾ ਰੋਲ ਅਦਾ ਕਰਦਿਆਂ ਇਕ ਵਾਰ ਕਿਸ਼ਤੀ ਦੇ ਪਲਟ ਜਾਣ ਕਾਰਨ ਸੱਚੀਂਮੁੱਚੀਂ ਡੁੱਬੀ ਜਾਂਦੇ 11 ਬੰਦੇ ਬਚਾਏ ਸਨ। ਅੜੇ ਥੁੜੇ ਲੋੜਵੰਦ ਲੋਕਾਂ ਦੀ ਮਦਦ ਵੀ ਕੀਤੀ ਸੀ। 1974 ਵਿਚ ਇਕ ਹਾਦਸੇ ਦੌਰਾਨ ਉਸ ਦੇ ਦੋਵੇਂ ਪੁੜੇ ਟੁੱਟ ਗਏ ਸਨ ਤੇ ਇਕ ਲੱਤ ਵੀ ਨਿਕਾਰੀ ਗਈ ਸੀ। ਝੀਲਾਂ ਦਾ ਸ਼ਾਹ-ਸਵਾਰ ਆਖ਼ਰ ਵੀਲ੍ਹ ਚੇਅਰ ਦਾ ਸਵਾਰ ਰਹਿ ਗਿਆ ਸੀ। ਲਾਇਲਾਜ ਬਿਮਾਰੀਆਂ ਉਸ ਆਣ ਚੰਬੜੀਆਂ ਸਨ। ਆਖ਼ਰ ਦਿਲ ਦੇ ਰੋਗ, ਕਰੋੜਾਂ ਦਿਲਾਂ 'ਚ ਵਸੇ ਜੌਨ੍ਹੀ ਟਾਰਜ਼ਨ ਤੇ 6 ਓਲੰਪਿਕ ਮੈਡਲ ਜਿੱਤਣ ਵਾਲੇ ਤੈਰਾਕ ਨੂੰ ਲੈ ਹੀ ਬੈਠੇ।

ਆਸਟਰੀਆ/ਹੰਗਰੀ ਤੇ ਰੁਮਾਨੀਆ ਯਾਨੀ ਯੂਰਪ ਦੇ ਜੰਮੇ, ਪੈਨਸਿਲਵਾਨੀਆ ਤੇ ਸ਼ਿਕਾਗੋ 'ਚ ਵਸੇ ਅਮਰੀਕਨ ਤੈਰਾਕ ਦਾ ਅੰਤ 20 ਜਨਵਰੀ 1984 ਨੂੰ ਮੈਕਸੀਕੋ ਦੇ ਸ਼ਹਿਰ ਐਕਾਪਲਕੋ ਵਿਚ ਹੋਇਆ। ਲੱਖਾਂ ਲੋਕਾਂ ਦੇ ਹਰਮਨ ਪਿਆਰੇ ਜੌਨ੍ਹੀ ਨੂੰ ਦਫਨਾਉਣ ਸਮੇਂ ਸਰਕਾਰੀ ਤੌਰ 'ਤੇ ਸੋਗ ਮਨਾਇਆ ਗਿਆ। ਅਮਰੀਕਾ ਦੇ ਰਾਸ਼ਟਰਪਤੀ ਬਣੇ ਫਿਲਮੀ ਅਦਾਕਾਰ ਰੋਨਾਲਡੋ ਰੀਗਨ ਤੇ ਸੈਨੇਟਰ ਟੈੱਡ ਕਨੇਡੀ ਨੇ ਅੰਤਮ ਰੀਤਾਂ ਵਿਚ ਭਾਗ ਲਿਆ। ਜੌਨ੍ਹੀ ਟਾਰਜ਼ਨ ਨੂੰ 21 ਤੋਪਾਂ ਦੀ ਸਲਾਮੀ ਦਿੱਤੀ ਗਈ ਤੇ ਧਰਤੀ ਦੀ ਕੁੱਖ ਵਿਚ ਸਦੀਵੀ ਨੀਂਦ ਸੁਆ ਦਿੱਤਾ ਗਿਆ। ਉਸ ਦੀ ਕਬਰ ਵੈਲੀ ਆਫ਼ ਲਾਈਟ ਸੀਮਿੰਟਰੀ ਵਿਚ ਬਣਾਈ ਗਈ। ਉਸ ਨੂੰ ਅਨੇਕਾਂ ਮਾਣ ਸਨਮਾਨ ਦਿੱਤੇ ਗਏ। ਉਸ ਨੇ ਫਿਲਮਾਂ 'ਚ ਉਹ ਅਦਭੁਤ ਕਾਰਨਾਮੇ ਵਿਖਾਏ ਸਨ ਕਿ ਵਧੇਰੇ ਲੋਕ ਉਸ ਨੂੰ ਟਾਰਜ਼ਨ ਕਰ ਕੇ ਹੀ ਜਾਣਦੇ ਹਨ ਓਲੰਪਿਕ ਖੇਡਾਂ ਦੇ ਪੰਜ ਗੋਲਡ ਮੈਡਲ ਤੇ ਇਕ ਬਰਾਂਜ਼ ਮੈਡਲ ਜਿੱਤਣ ਕਰਕੇ ਨਹੀਂ। ਹੁਣ ਸਾਡੇ ਕੋਲ ਉਹਦੇ ਲਾਸਾਨੀ ਕਾਰਨਾਮਿਆਂ ਦੀਆਂ ਗੱਲਾਂ ਹੀ ਰਹਿ ਗਈਆਂ ਹਨ।




# ਮੁੱਖ ਮੰਤਰੀ ਭਗਵੰਤ ਮਾਨ ਨੇ ਲੋਕਾਂ ਨੂੰ ਸ਼ਹੀਦ ਭਗਤ ਸਿੰਘ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਅੱਗੇ ਆਉਣ ਦਾ ਦਿੱਤਾ ਸੱਦਾ

## ਸ਼ਹੀਦ ਦੇ ਜੱਦੀ ਪਿੰਡ ਵਿੱਚ ਜਾ ਕੇ ਕੀਤੀ ਸ਼ਰਧਾਂਜਲੀ ਭੇਟ



ਖਟਕੜ ਕਲਾਂ, 23 ਮਾਰਚ (ਪੋਸਟ ਬਿਊਰੋ): ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਲੋਕਾਂ ਨੂੰ ਸੱਦਾ ਦਿੱਤਾ ਕਿ ਉਹ ਸ਼ਹੀਦ ਭਗਤ ਸਿੰਘ ਦੇ ਸੁਪਨਿਆਂ ਦਾ ਸਮਾਜ ਸਿਰਜਣ ਲਈ ਅੱਗੇ ਆਉਣ ਅਤੇ ਸੂਬਾ ਸਰਕਾਰ ਇਸ ਮਕਸਦ ਦੀ ਪੂਰੀ ਲਈ ਪੂਰਾ ਸਹਿਯੋਗ ਤੇ ਤਾਲਮੇਲ ਕਰੇਗੀ।

ਸ਼ਹੀਦ-ਏ-ਆਜ਼ਮ ਦੇ ਜੱਦੀ ਪਿੰਡ ਵਿੱਚ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਹ ਦਿਨ ਸਾਨੂੰ ਧਰਤੀ ਮਾਂ ਦੇ ਸੱਚੇ ਸਪੂਤ ਵੱਲੋਂ ਦਿੱਤੇ ਮਹਾਨ ਬਲੀਦਾਨ ਬਾਰੇ ਚੇਤੇ ਕਰਵਾਉਂਦਾ ਹੈ। ਉਨ੍ਹਾਂ ਕਿਹਾ ਕਿ ਸ਼ਹੀਦ ਭਗਤ ਸਿੰਘ, ਸ਼ਹੀਦ ਰਾਜਗੁਰੂ ਅਤੇ ਸ਼ਹੀਦ ਸੁਖਦੇਵ ਦੀ ਸ਼ਹਾਦਤ ਸਾਨੂੰ ਹਮੇਸ਼ਾ ਬੇਇਨਸਾਫ਼ੀ, ਜ਼ੁਲਮ ਅਤੇ ਦਮਨ ਖ਼ਿਲਾਫ਼ ਖੜ੍ਹੇ ਹੋਣ ਲਈ ਪ੍ਰੇਰਦੀ ਰਹੇਗੀ। ਭਗਵੰਤ ਮਾਨ ਨੇ ਕਿਹਾ ਕਿ ਇਹ ਸਾਡਾ ਸਾਰਿਆਂ ਦਾ ਨੈਤਿਕ ਫ਼ਰਜ਼ ਬਣਦਾ ਹੈ ਕਿ ਸਮਾਜ ਵਿੱਚ ਫੈਲੀਆਂ ਸਾਰੀਆਂ ਕੁਰੀਤੀਆਂ ਵਿਰੁੱਧ ਅਸੀਂ ਜੰਗ ਛੇੜੀਏ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਇਨ੍ਹਾਂ ਮਹਾਨ ਸ਼ਹੀਦਾਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਕੋਈ ਕਸਰ ਬਾਕੀ ਨਹੀਂ ਛੱਡੇਗੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦਾ ਇਹ ਫ਼ਰਜ਼ ਹੈ ਕਿ ਉਹ ਸੂਬੇ ਦੀ ਤਰੱਕੀ ਅਤੇ ਲੋਕਾਂ ਦੀ ਖ਼ੁਸ਼ਹਾਲੀ ਯਕੀਨੀ ਬਣਾਏ। ਭਗਵੰਤ ਮਾਨ ਨੇ ਕਿਹਾ ਕਿ ਉਹ ਦਿਨ ਦੂਰ ਨਹੀਂ, ਜਦੋਂ ਸੂਬਾ ਸਰਕਾਰ ਵੱਲੋਂ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਨਾਲ ਪੰਜਾਬ ਮੁਲਕ ਭਰ ਵਿੱਚੋਂ ਮੋਹਰੀ ਸੂਬਾ ਬਣ ਕੇ ਉੱਭਰੇਗਾ।

ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਸ਼ਹੀਦ ਭਗਤ ਸਿੰਘ ਵੱਲੋਂ ਸੰਜੋਏ ਸੁਪਨਿਆਂ ਨੂੰ ਪੂਰਾ ਕਰਨ ਅਤੇ ਫਿਰਕੂ ਸਦਭਾਵਨਾ ਵਾਲਾ ਸਮਾਜ ਸਿਰਜਣ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਆਜ਼ਾਦੀ ਦੇ ਅੰਦੋਲਨ ਦੇ ਇਨ੍ਹਾਂ ਨੌਜਵਾਨ ਨਾਇਕਾਂ ਨੇ ਛੋਟੀ ਉਮਰ ਵਿੱਚ ਹੀ ਆਪਣੇ ਜੀਵਨ ਦਾ ਬਲੀਦਾਨ ਦੇ ਕੇ ਦੇਸ਼ ਨੂੰ ਵਿਦੇਸ਼ੀ ਸਾਮ-ਰਾਜਵਾਦ ਦੇ ਜੂਲੇ ਤੋਂ ਮੁਕਤ ਕਰਵ-ਾਇਆ। ਭਗਵੰਤ ਮਾਨ ਨੇ ਕਿਹਾ ਕਿ ਧਰਤੀ ਮਾਂ ਦੇ ਇਸ ਮਹਾਨ ਸਪੂਤ ਵੱਲੋਂ ਦਰਸਾਏ ਮਾਰਗ ਉਤੇ ਚੱਲਦਿਆਂ ਖ਼ੁਸ਼ਹਾਲ ਸਮਾਜ ਸਿਰਜਣ ਲਈ ਪੰਜਾਬ ਸਰਕਾਰ ਆਪਣੀ ਪੂਰੀ ਵਾਹ ਲਾਏਗੀ। ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਨੇ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਪਿੰਡ ਵਿੱਚ ਵਿਰਾਸਤੀ ਗਲੀ ਦੇ ਨਿਰਮਾਣ ਦਾ ਫੈਸਲਾ ਕੀਤਾ ਹੈ ਤਾਂ ਕਿ ਸੁਤੰਤਰਤਾ ਸੰਗਰਾਮ ਵਿੱਚ ਪੰਜਾਬੀਆਂ ਤੇ ਪੰਜਾਬ ਦੇ ਸ਼ਾਨਾਮੱਤੇ ਯੋਗਦਾਨ ਨੂੰ ਦਰਸਾਇਆ ਜਾ ਸਕੇ। ਉਨ੍ਹਾਂ ਕਿਹਾ ਕਿ 850 ਮੀਟਰ ਲੰਮੀ ਇਹ ਵਿਰਾਸਤੀ ਗਲੀ ਖਟਕੜ ਕਲਾਂ ਵਿੱਚ ਅਜਾਇਬ ਘਰ ਤੋਂ ਸ਼ਹੀਦ ਭਗਤ ਸਿੰਘ ਦੇ ਘਰ ਤੱਕ ਬਣਾਈ ਜਾਵੇਗੀ। ਭਗਵੰਤ ਮਾਨ ਨੇ ਕਿਹਾ ਕਿ ਇਹ ਗਲੀ ਸੁਤੰਤਰਤਾ ਸੰਗਰਾਮ ਵਿੱਚ ਸੂਬੇ ਦੇ ਮਹਾਨ ਯੋਗਦਾਨ ਨੂੰ ਦਰਸਾਏਗੀ, ਉੱਥੇ ਨੌਜਵਾਨਾਂ ਨੂੰ ਦੇਸ਼ ਲਈ ਤਨਦੇਹੀ ਨਾਲ ਕੰਮ ਕਰਨ ਲਈ ਵੀ ਪ੍ਰੇਰੇਗੀ।

ਮੁੱਖ ਮੰਤਰੀ ਨੇ ਇਹ ਵੀ ਐਲਾਨ ਕੀਤਾ ਕਿ ਖਟਕੜ ਕਲਾਂ ਵਿਖੇ ਸ਼ਹੀਦ ਭਗਤ ਸਿੰਘ ਅਜਾਇਬ ਘਰ ਵਿੱਚ ਅਦਾਲਤ ਦਾ ਫਾਈਵ ਡੀ ਸੈੱਟਅੱਪ ਤਿਆਰ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਹ ਫਾਈਵ ਡੀ ਕ੍ਰਿਏਟਿਵ ਸ਼ਹੀਦ-ਏ-ਆਜ਼ਮ ਭਗਤ ਸਿੰਘ ਨੂੰ ਫਾਂਸੀ ਦੀ ਸਜ਼ਾ ਸੁਣਾਏ ਜਾਣ ਦੇ ਦ੍ਰਿਸ਼ ਦਾ ਰੂਪਾਂਤਰਣ ਕਰੇਗਾ ਤਾਂ ਜੋ ਦਰਸ਼ਕਾਂ ਨੂੰ ਉਸ ਸਮੇਂ ਦਾ ਅਨੁਭਵ ਹੋ ਸਕੇ। ਭਗਵੰਤ ਮਾਨ ਨੇ ਕਿਹਾ ਕਿ ਇਹ ਦਰਸ਼ਕਾਂ ਨੂੰ ਅਸਲ ਵਿੱਚ ਉਸ ਯੁੱਗ ਵਿੱਚ ਵਾਪਸ ਲੈ ਜਾਵੇਗਾ ਅਤੇ ਦੇਸ਼ ਲਈ ਇਸ ਨੌਜਵਾਨ ਨਾਇਕ ਦੁਆਰਾ ਦਿੱਤੀ ਗਈ ਮਹਾਨ ਕੁਰਬਾਨੀ ਨੂੰ ਸਦਾ ਤਾਜ਼ਾ ਰੱਖੇਗਾ।

ਇਸ ਦੌਰਾਨ ਮੁੱਖ ਮੰਤਰੀ ਨੇ ਸੁਰਿੰਦਰ ਕੌਰ, ਯਾਦਵਿੰਦਰ ਸਿੰਘ, ਪਵਨਦੀਪ ਕੌਰ, ਮਨਜੀਤ ਸਿੰਘ ਧਾਲੀਵਾਲ, ਸਤਵੰਤ ਸਿੰਘ, ਕੁਲਦੀਪ ਕੌਰ, ਹਰਚੈਨ ਸਿੰਘ ਅਤੇ ਹੋਰਨਾਂ ਸਮੇਤ ਮਹਾਨ ਸ਼ਹੀਦ ਦੇ ਪਰਿਵਾਰਕ ਮੈਂਬਰਾਂ ਨੂੰ ਅਜਾਇਬ ਘਰ ਅਤੇ ਜੱਦੀ ਘਰ ਦਾ ਪੋਰਟਰੇਟ ਦੇ ਕੇ ਸਨਮਾਨਿਤ ਕੀਤਾ। ਇਸ ਤੋਂ ਪਹਿਲਾਂ ਭਗਵੰਤ ਮਾਨ ਨੇ ਸ਼ਹੀਦ ਦੇ ਪਿਤਾ ਕਿਸ਼ਨ ਸਿੰਘ ਦੀ ਸਮਾਧ 'ਤੇ ਜਾ ਕੇ ਸ਼ਰਧਾਂਜਲੀ ਭੇਟ ਕੀਤੀ। ਉਨ੍ਹਾਂ ਸ਼ਹੀਦ ਭਗਤ ਸਿੰਘ ਦੇ ਬੁੱਤ 'ਤੇ ਸ਼ਰਧਾ ਦੇ ਫੁੱਲ ਵੀ ਭੇਟ ਕੀਤੇ।

# ਕੈਨੇਡਾ ਵਿਚ 700 ਵਿਦਿਆਰਥੀਆਂ ਨੂੰ ਡਿਪੋਰਟ ਨਾ ਕੀਤਾ ਜਾਵੇ: ਸੰਤ ਬਲਬੀਰ ਸਿੰਘ ਸੀਚੇਵਾਲ ਨੇ ਵਿਦੇਸ਼ ਮੰਤਰੀ ਨੂੰ ਕੀਤੀ ਅਪੀਲ

ਚੰਡੀਗੜ੍ਹ, 23 ਮਾਰਚ (ਪੋਸਟ ਬਿਊਰੋ): ਵਾਤਾਵਰਣ ਪ੍ਰੇਮੀ ਤੇ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਕੈਨੇਡਾ ਸਰਕਾਰ ਵੱਲੋ 700 ਪੰਜਾਬੀ ਵਿਦਿਆਰਥੀਆਂ ਨੂੰ ਡਿਪੋਰਟ ਕੀਤੇ ਜਾਣ ਤੋਂ ਰੋਕਣ ਲਈ ਭਾਰਤ ਸਰਕਾਰ ਨੂੰ ਦਖਲ ਦੇਣ ਦੀ ਮੰਗ ਕੀਤੀ। ਸੰਤ ਸੀਚੇਵਾਲ ਵੱਲੋਂ ਵਿਦੇਸ਼ ਮੰਤਰੀ ਨੂੰ ਲਿਖੇ ਮੰਗ ਪੱਤਰ ਵਿਚ ਉਹਨਾਂ ਕਿਹਾ ਕਿ ਇਹਨਾਂ 700 ਪੰਜਾਬੀ ਵਿਦਿਆਰਥੀਆਂ ਨੇ ਲੱਖਾਂ ਰੁਪਏ ਫੀਸ ਦੇ ਰੂਪ ਵਿਚ ਕੈਨੇਡਾ ਸਰਕਾਰ ਨੂੰ ਦਿੱਤੇ ਹਨ ਉਹਨਾਂ ਦਾ ਕੋਈ ਕਸੂਰ ਨਹੀ ਹੈ। ਉਹਨਾਂ ਨਾਲ ਤਾਂ ਧੋਖਾ ਟਰੈਵਲ ਏਜੰਟਾਂ ਵੱਲੋਂ ਕੀਤਾ ਗਿਆ ਹੈ।



ਇਸ ਲਈ ਕਾਰਵਾਈ ਵੀ ਟਰੈਵਲ ਏਜੰਟਾਂ ਵਿਰੁੱਧ ਕੀਤੀ ਜਾਣੀ ਚਾਹੀਦੀ ਹੈ ਨਾ ਕਿ ਉਹਨਾਂ 700 ਬੇਕਸੂਰ ਵਿਦਿਆਰਥੀਆਂ ਵਿਰੁੱਧ, ਜਿਹੜੇ ਆਪਣਾ ਭੱਵਿਖ ਬਣਾਉਣ ਲਈ ਉੱਥੇ ਗਏ ਹਨ। ਸੰਤ ਸੀਚੇਵਾਲ ਨੇ ਕਿਹਾ ਕਿ ਇੰਨ੍ਹਾਂ ਵਿਦਿਆਰਥੀਆਂ ਦੇ ਮਾਪਿਆਂ ਨੇ ਕਰਜ਼ੇ ਚੁੱਕ ਕੇ ਫੀਸਾਂ ਭਰੀਆਂ ਹਨ, ਤੇ ਅਜਿਹੇ ਹਲਾਤਾਂ ਵਿੱਚ ਅਜਿਹੀ ਖਬਰ ਉਹਨਾਂ ਲਈ ਬਹੁਤ ਹੀ ਦੁੱਖਦਾਇਕ ਹੈ। ਉਹਨਾਂ ਵਿਦੇਸ਼ੀ ਮੰਤਰੀ ਨੂੰ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਣ ਦੀ ਮੰਗ ਕਰਦਿਆ ਕੈਨੇਡਾ ਸਰਕਾਰ ਨਾਲ ਸੰਪਰਕ ਕਰਨ ਦੀ ਅਪੀਲ ਕੀਤੀ ਤਾਂ ਜੋ ਇੰਨ੍ਹਾਂ ਵਿਦਿਆਰਥੀਆਂ ਦਾ ਭਵਿੱਖ ਸੁਰੱਖਿਅਤ ਹੋ ਸਕੇ। ਉਹਨਾਂ ਕਿਹਾ ਕਿ ਉਹ ਇਸ ਮਾਮਲੇ ਨੂੰ ਸੰਸਦ ਵਿਚ ਵੀ ਚੁੱਕਣਗੇ।

ਵਿਦੇਸ਼ ਮੰਤਰੀ ਨੂੰ ਲਿਖੇ ਇਕ ਹੋਰ ਪੱਤਰ ਵਿਚ ਸੰਤ ਸੀਚੇਵਾਲ ਵੱਲੋ ਮਸਕਟ ਵਿਚ ਫਸੀ ਇੱਕ ਪੀੜਤ ਔਰਤ ਨੂੰ ਵਾਪਿਸ ਪੰਜਾਬ ਨਾ ਭੇਜਣ ਦਾ ਮਾਮਲਾ ਉਠਾਇਆ। ਉਨ੍ਹਾਂ ਦੱਸਿਆ ਕਿ ਇਸ ਸੰਬੰਧੀ ਪੀੜਤ ਪਰਿਵਾਰ ਵੱਲੋਂ ਉਹਨਾਂ ਨਾਲ ਸੰਪਰਕ ਕੀਤਾ ਗਿਆ ਸੀ। ਉਹਨਾਂ ਪੱਤਰ ਵਿਚ ਕਿਹਾ ਕਿ ਮਸਕਟ ਵਿਖੇ ਭਾਰਤੀ ਦੂਤਾਵਾਸ ਦੇ ਕਹਿਣ ਤੇ ਹੀ ਉਹਨਾਂ ਵੱਲੋਂ ਸਵਰਨਜੀਤ ਕੌਰ ਨਾਮ ਦੀ ਔਰਤ ਦੀ ਟਿਕਟ ਬਣਾ ਕੇ ਭੇਜੀ ਗਈ ਸੀ ਤਾਂ ਕਿ ਉਹ ਜਲਦ ਤੋਂ ਜਲਦ ਵਾਪਿਸ ਆਪਣੇ ਪਰਿਵਾਰ ਕੋਲ ਪਹੁੰਚ ਸਕੇ।

ਪਰ ਭਾਰਤੀ ਦੂਤਾਵਾਸ ਦੀ ਲਾਪਰਵਾਹੀ ਕਾਰਨ ਪੀੜਤ ਔਰਤ ਪੰਜਾਬ ਨਾ ਆ ਸਕੀ ਤੇ ਟਿਕਟ ਵੀ ਅਜਾਈ ਹੀ ਗਈ। ਸੰਤ ਸੀਚੇਵਾਲ ਨੇ ਮੰਗ ਕੀਤੀ ਕਿ ਉਹ ਪੀੜਤ ਔਰਤ ਨੂੰ ਵਾਪਸ ਨਾ ਭੇਜਣ ਦੇ ਮਾਮਲੇ ਦੀ ਪੜਤਾਲ ਕਰਨ ਅਤੇ ਜ਼ਿੰਮੇਵਾਰ ਅਧਿਕਾਰੀ ਵਿਰੁੱਧ ਕਾਰਵਾਈ ਕੀਤੀ ਜਾਵੇ ਤੇ ਪੀੜਤ ਔਰਤ ਨੂੰ ਜਲਦ ਤੋਂ ਜਲਦ ਵਾਪਸ ਭਾਰਤ ਲਿਆਇਆ ਜਾਵੇ।

# ਹਾਈਕੋਰਟ ਨੇ ਸੁਖਬੀਰ ਸਿੰਘ ਬਾਦਲ ਨੂੰ ਦਿੱਤੀ ਅਗਾਊਂ ਜ਼ਮਾਨਤ

ਚੰਡੀਗੜ੍ਹ, 23 ਮਾਰਚ (ਪੋਸਟ ਬਿਊਰੋ): ਕੋਟਕਪੂਰਾ ਗੋਲੀ ਕਾਂਡ ਮਾਮਲੇ 'ਚ ਸੁਖਬੀਰ ਸਿੰਘ ਬਾਦਲ ਨੂੰ ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਅਗਾਊਂ ਜ਼ਮਾਨਤ ਦੇ ਦਿੱਤੀ ਹੈ . ਇਸ ਤੋਂ ਪਹਿਲਾਂ ਸੁਖਬੀਰ ਬਾਦਲ ਦੀ ਅਗਾਊਂ ਜ਼ਮਾਨਤ ਪਟੀਸ਼ਨ ਫਰੀਦਕੋਟ ਦੀ ਅਦਾਲਤ ਨੇ ਖਾਰਜ ਕਰ ਦਿੱਤੀ ਸੀ। ਇਸ ਤੋਂ ਬਾਅਦ ਹੁਣ ਸੁਖਬੀਰ ਬਾਦਲ ਨੇ ਪੰਜਾਬ-ਹਰਿਆਣਾ ਹਾਈਕੋਰਟ ਤੋਂ ਰਾਹਤ ਦੀ ਮੰਗ ਕੀਤੀ ਸੀ। ਇਸ ਮਾਮਲੇ ਵਿੱਚ ਪ੍ਰਕਾਸ਼ ਸਿੰਘ ਬਾਦਲ ਅਤੇ ਸੁਖਬੀਰ ਬਾਦਲ ਨੇ 9 ਮਾਰਚ ਨੂੰ ਫਰੀਦਕੋਟ ਅਦਾਲਤ ਵਿੱਚ



ਅਗਾਊਂ ਜ਼ਮਾਨਤ ਪਟੀਸ਼ਨ ਦਾਇਰ ਕੀਤੀ ਸੀ। ਇਨ੍ਹਾਂ ਪਟੀਸ਼ਨਾਂ 'ਤੇ ਆਪਣਾ ਫੈਸਲਾ ਸੁਣਾਉਂਦੇ ਹੋਏ ਹੇਠਲੀ ਅਦਾਲਤ ਨੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਅਗਾਊਂ ਜ਼ਮਾਨਤ ਦੇ ਦਿੱਤੀ ਸੀ ਪਰ ਸੁਖਬੀਰ ਬਾਦਲ ਨੂੰ ਕੋਈ ਰਾਹਤ ਨਹੀਂ ਦਿੱਤੀ ਸੀ ।

# ਨਵਜੋਤ ਕੌਰ ਸਿੱਧੂ ਨੂੰ ਖ਼ੁਦ ਟਵੀਟ ਕਰਕੇ ਕੈਂਸਰ ਬਾਰੇ ਲਿਖੀ ਭਾਵੁਕ ਪੋਸਟ

ਚੰਡੀਗੜ੍ਹ, 23 ਮਾਰਚ (ਪੋਸਟ ਬਿਊਰੋ): ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਦੀ ਪਤਨੀ ਨਵਜੋਤ ਕੌਰ ਸਿੱਧੂ ਨੂੰ ਕੈਂਸਰ ਹੋ ਗਿਆ ਹੈ। ਉਨ੍ਹਾਂ ਨੇ ਖ਼ੁਦ ਟਵੀਟ ਕਰਕੇ ਇਹ ਜਾਣਕਾਰੀ ਦਿੱਤੀ ਹੈ। ਇਸ ਟਵੀਟ ਵਿੱਚ ਉਨ੍ਹਾਂ ਨੇ ਨਵਜੋਤ ਸਿੰਘ ਸਿੱਧੂ ਨੂੰ ਇਨਸਾਫ਼ ਨਾ ਮਿਲਣ ਬਾਰੇ ਵੀ ਲਿਖਿਆ ਹੈ।

ਨਵਜੋਤ ਕੌਰ ਸਿੱਧੂ ਨੇ ਆਪਣੇ ਪਤੀ ਨਵਜੋਤ ਸਿੰਘ ਸਿੱਧੂ ਲਈ ਲਿਖਿਆ ਕਿ ਤੁਹਾਨੂੰ ਵਾਰ-ਵਾਰ ਇਨਸਾਫ਼ ਵਾਂਝਾ ਦੇਖਦਿਆਂ ਤੁਹਾਡਾ ਇੰਤਜ਼ਾਰ ਕੀਤਾ। ਸੱਚ ਬਹੁਤ ਸ਼ਕਤੀਸ਼ਾਲੀ ਹੈ, ਪਰ ਇਹ ਤੁਹਾਨੂੰ



ਵਾਰ-ਵਾਰ ਪਰਖਦਾ ਹੈ, ਕਲਯੁਗ। ਮਾਫ਼ ਕਰਨਾ, ਤੁਹਾਡਾ ਇੰਤਜ਼ਾਰ ਨਹੀਂ ਕਰ ਸਕਦੀ ਕਿਉਂਕਿ ਇਹ ਸਟੇਜ-2 ਦਾ ਹਮਲਾਵਰ ਕੈਂਸਰ ਹੈ। ਕਿਸੇ ਨੂੰ ਦੋਸ਼ੀ ਨਹੀਂ ਠਹਿਰਾਇਆ ਜਾ ਸਕਦਾ, ਕਿਉਂਕਿ ਇਹ ਪ੍ਰਮਾਤਮਾ ਦੀ ਯੋਜਨਾ ਹੈ।

# ਭਾਰਤੀ ਕਿਸਾਨ ਯੂਨੀਅਨ ਏਕਤਾ-ਉਗਰਾਹਾਂ ਨੇ ਪੰਜਾਬ ਵਿਚੋਂ ਕੇਂਦਰੀ ਸੁਰੱਖਿਆ ਬਲ ਵਾਪਿਸ ਭੇਜਣ ਅਤੇ ਐੱਨ.ਆਈ.ਏ. ਨੂੰ ਸੂਬੇ ਤੋਂ ਦੂਰ ਰੱਖਣ ਦੀ ਕੀਤੀ ਮੰਗ

ਚੰਡੀਗੜ੍ਹ, 23 ਮਾਰਚ (ਪੋਸਟ ਬਿਊਰੋ): ਭਾਰਤੀ ਕਿਸਾਨ ਯੂਨੀਅਨ (ਏਕਤਾ-ਉਗਰਾਹਾਂ) ਨੇ ਮੰਗ ਕੀਤੀ ਹੈ ਕਿ ਪੰਜਾਬ 'ਚੋਂ ਕੇਂਦਰੀ ਸੁਰੱਖਿਆ ਬਲ ਫੌਰੀ ਵਾਪਿਸ ਸੱਦੇ ਜਾਣ, ਐਨ.ਆਈ.ਏ. ਨੂੰ ਸੂਬੇ ਤੋਂ ਦੂਰ ਰੱਖਿਆ ਜਾਵੇ ਤੇ ਪੰਜਾਬ ਦੇ ਮਾਹੌਲ ਨੂੰ ਖੌਫ਼ਜ਼ਦਾ ਬਣਾ ਕੇ ਪੇਸ਼ ਕਰਨ ਦੇ ਸਾਰੇ ਕਦਮ ਫੌਰੀ ਰੋਕੇ ਜਾਣ। ਜੱਥੇਬੰਦੀ ਨੇ ਕਿਹਾ ਕਿ ਕੱਲ੍ਹ ਨੂੰ ਸ਼ਹੀਦ ਭਗਤ ਸਿੰਘ ਦੇ ਸ਼ਹੀਦੀ ਦਿਹਾੜੇ ਮੌਕੇ ਹੋਣ ਵਾਲੇ ਇਕੱਠਾਂ 'ਚ ਵੀ ਇਹ ਮੁੱਦੇ ਜੋਰ ਨਾਲ ਉਭਾਰੇ ਜਾਣਗੇ।



ਇੱਥੇ ਜਾਰੀ ਕੀਤੇ ਗਏ ਸਾਂਝੇ ਬਿਆਨ ਰਾਹੀਂ ਜਥੇਬੰਦੀ ਦੇ ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਤੇ ਸੂਬਾ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾਂ ਨੇ ਕਿਹਾ ਕਿ ਫਿਰਕੂ ਲਾਮਬੰਦੀਆਂ ਕਰਨ ਦੇ ਰਾਹ ਪਏ ਅੰਮ੍ਰਿਤਪਾਲ ਸਿੰਘ ਤੇ ਉਸਦੇ ਸਮਰਥਕਾਂ ਖਿਲਾਫ਼ ਪੁਲਸ ਕਾਰਵਾਈ ਨੂੰ ਮੁਲਕ ਪੱਧਰ 'ਤੇ ਅੰਨ੍ਹੇ ਰਾਸ਼ਟਰਵਾਦ ਨੂੰ ਉਭਾਰਨ ਦਾ ਸਾਧਨ ਬਣਾਇਆ ਗਿਆ ਹੈ, ਜਿਸ ਤਹਿਤ ਪੰਜਾਬ ਅੰਦਰ ਇੰਟਰਨੈੱਟ ਬੰਦ ਕਰਨ, ਕੇਂਦਰੀ ਸੁਰੱਖਿਆ ਬਲ ਸੱਦਣ ਤੇ ਉਹਨਾਂ ਦੇ ਫਲੈਗ ਮਾਰਚਾਂ ਰਾਹੀਂ ਦਹਿਸ਼ਤ ਫੈਲਾਉਣ, ਸਿਰੇ ਦੀ ਧੱਕੜ ਤੇ ਜਾਬਰ ਏਜੰਸੀ ਐਨ.ਆਈ.ਏ. ਨੂੰ ਪੰਜਾਬ ਭੇਜਣ ਤੇ ਐਨ.ਐਸ.ਏ. ਵਰਗੇ ਜਾਬਰ ਕਾਨੂੰਨ ਮੜ੍ਹਨ ਦੇ ਕਦਮ ਚੁੱਕੇ ਗਏ ਹਨ।

ਇਹਨਾਂ ਕਦਮਾਂ ਨਾਲ ਅਜਿਹਾ ਝੂਠਾ ਪ੍ਰਭਾਵ ਬਣਾਉਣ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਜਿਵੇਂ ਪੰਜਾਬ ਕੋਈ ਵੱਡੀ ਗੜਬੜ ਵਾਲਾ ਇਲਾਕਾ ਹੋਵੇ ਅਤੇ ਕੇਂਦਰੀ ਸਰਕਾਰ ਦੇ ਦਖ਼ਲ ਨਾਲ ਪੰਜਾਬ ਦੀ ਹਾਲਤ ਨੂੰ ਕਾਬੂ ਕੀਤਾ ਜਾ ਰਿਹਾ ਹੋਵੇ। ਜਦ ਕਿ ਇਹ ਪੰਜਾਬ ਦੀ ਹਾਲਤ ਬਾਰੇ ਪੂਰੀ ਤਰ੍ਹਾਂ ਗਲਤ ਪੇਸ਼ਕਾਰੀ ਹੈ ਅਤੇ ਫਿਰਕੂ ਤਾਕਤਾਂ ਦੀ ਅਸਲ ਸਮਰੱਥਾ ਤੋਂ ਕਿਤੇ ਵਧਵੀਂ ਕਾਰਵਾਈ ਹੈ। ਅੰਮ੍ਰਿਤਪਾਲ ਸਿੰਘ ਤੇ ਉਸਦੇ ਸਮਰਥਕਾਂ ਦੀਆਂ ਫਿਰਕੂ ਪ੍ਰਚਾਰ ਤੇ ਲਾਮਬੰਦੀਆਂ ਦੀਆਂ ਕਾਰਵਾਈਆਂ ਨੂੰ ਸਧਾਰਨ ਕਾਨੂੰਨਾਂ ਨਾਲ ਪੰਜਾਬ ਪੁਲਸ ਵੱਲੋਂ ਵੀ ਰੋਕਿਆ ਜਾ ਸਕਦਾ ਸੀ ਤੇ ਦਰਜ ਕੇਸਾਂ 'ਚ ਪ੍ਰਚੱਲਤ ਸਧਾਰਨ ਤਰੀਕੇ ਨਾਲ ਵੀ ਗ੍ਰਿਫ਼ਤਾਰੀ ਕੀਤੀ ਜਾ ਸਕਦੀ ਸੀ, ਪਰ ਇਸਦੇ ਉਲਟ ਪਹਿਲਾਂ ਪੰਜਾਬ ਸਰਕਾਰ ਬਿਲਕੁਲ ਚੁੱਪ ਰਹੀ ਤੇ ਫਿਰ ਮੋਦੀ ਸਰਕਾਰ ਦੇ ਫਿਰਕੂ ਰਾਸ਼ਟਰਵਾਦੀ ਬਿਰਤਾਂਤ ਉਸਾਰਨ ਦੀ ਖੇਡ 'ਚ ਝਟ-ਪਟ ਸ਼ਾਮਲ ਹੋ ਗਈ। ਦੋਹਾਂ ਸਰਕਾਰਾਂ ਨੇ ਰਲ ਕੇ ਇਸ ਕਾਰਵਾਈ ਨੂੰ ਇੱਕ ਵੱਡੀ ਅਖੌਤੀ ਰਾਸ਼ਟਰਵਾਦੀ ਮਹਿੰਮ 'ਚ ਬਦਲਣ ਦੀ ਖੇਡ ਸ਼ੁਰੂ ਕਰ ਦਿੱਤੀ ਹੈ। ਜਿਸਦੀ ਕੀਮਤ ਆਖਰ ਪੰਜਾਬ ਦੇ ਲੋਕਾਂ ਨੂੰ 'ਤਾਰਨੀ ਪੈਣੀ ਹੈ। ਮੁੱਠੀ ਭਰ ਫਿਰਕੂ ਅਨਸਰਾਂ ਨੂੰ ਕਾਬੂ ਕਰਨ ਤੋਂ ਅੱਗੇ ਸਧਾਰਨ ਅਣਭੋਲ ਨੌਜਵਾਨਾਂ ਦੀਆਂ ਗ੍ਰਿਫ਼ਤਾਰੀਆਂ ਦਾ ਦਮਨ-ਚੱਕਰ ਵੀ ਚਲਾਇਆ ਗਿਆ ਹੈ।

ਉਹਨਾਂ ਨੇ ਪੰਜਾਬ ਦੀਆਂ ਸਭਨਾਂ ਲੋਕ-ਪੱਖੀ ਤੇ ਜਮਹੂਰੀ ਤਾਕਤਾਂ ਨੂੰ ਸੱਦਾ ਦਿੱਤਾ ਹੈ ਕਿ ਉਹ ਇਸ ਦਹਿਸ਼ਤ ਪਸਾਰੇ ਦੇ ਕਦਮਾਂ ਖਿਲਾਫ਼ ਆਵਾਜ਼ ਉਠਾਉਣ, ਹਰ ਤਰ੍ਹਾਂ ਦੀਆਂ ਫਿਰਕਾਪ੍ਰਸਤ ਤਾਕਤਾਂ ਦਾ ਪਾਜ ਉਧੇੜਨ ਤੇ ਉਹਨਾਂ ਖਿਲਾਫ਼ ਡਟਦੇ ਹੋਏ ਹੱਕੀ ਲੋਕ ਸੰਘਰਸ਼ਾਂ ਨੂੰ ਤੇਜ਼ ਕਰਨ। ਉਹਨਾਂ ਕਿਹਾ ਕਿ ਸੋਚੀਆਂ-ਸਮਝੀਆਂ ਵਿਉਂਤਾਂ ਤਹਿਤ ਪੰਜਾਬ ਅੰਦਰ ਅਜਿਹੇ ਮਹੌਲ ਦੀ ਉਸਾਰੀ ਕਰਨ ਦੀ ਕੋਸ਼ਿਸ਼ ਹੋ ਰਹੀ ਹੈ ਤਾਂ ਕਿ ਲੋਕਾਂ ਦਾ ਧਿਆਨ ਆਪਣੇ ਹਕੀਕੀ ਮੁੱਦਿਆਂ ਤੋਂ ਲਾਂਭੇ ਲਿਜਾਇਆ ਜਾ ਸਕੇ ਤੇ ਲੋਕਾਂ ਦੀ ਸੰਗਰਾਮੀ ਏਕਤਾ 'ਚ ਪਾਟਕ ਪਾਏ ਜਾ ਸਕਣ। ਉਹਨਾਂ ਲੋਕਾਂ ਨੂੰ ਸੱਦਾ ਦਿੱਤਾ ਹੈ ਕਿ ਉਹ ਸੰਘਰਸ਼ਾਂ ਤੋਂ ਆਪਣਾ ਧਿਆਨ ਭਟਕਣ ਨਾ ਦੇਣ, ਸਗੋਂ ਏਕਤਾ ਵਿਸ਼ਾਲ ਕਰਨ ਤੇ ਹੱਕੀ ਸੰਘਰਸ਼ਾਂ ਨੂੰ ਹੋਰ ਭਖਾਉਣ।

# ਆਰ.ਟੀ.ਏ. ਪੂਨਮ ਪ੍ਰੀਤ ਕੌਰ ਵਲੋਂ ਡਰਾਈਵਿੰਗ ਟੈਸਟ ਟਰੈਕ ਦੀ ਅਚਨਚੇਤ ਚੈਕਿੰਗ

ਲੁਧਿਆਣਾ, 23 ਮਾਰਚ (ਗਿਆਨ ਸਿੰਘ): ਡਾ: ਪੂਨਮਪ੍ਰੀਤ ਕੌਰ ਸਕੱਤਰ ਰਿਜ਼ਨਲ ਟਰਾਂਸਪੋਰਟ ਅਥਾਰਟੀ (ਆਰ.ਟੀ.ਏ.) ਲੁਧਿਆਣਾ ਵੱਲੋਂ ਦਫ਼ਤਰੀ ਕੰਮ ਨੂੰ ਸੁਚਾਰੂ ਢੰਗ ਨਾਲ ਚਲਾਉਣ ਡਰਾਈਵਿੰਗ ਟੈਸਟ ਟਰੈਕ 'ਤੇ ਬੀਤੇ ਦਿਨ ਅਚਨਚੇਤ ਚੈਕਿੰਗ ਕੀਤੀ ਗਈ।




ਉਨ੍ਹਾਂ ਚੈਕਿੰਗ ਦੌਰਾਨ ਡਰਾਈਵਿੰਗ ਟੈਸਟ ਟਰੈਕ 'ਤੇ ਤਾਇਨਾਤ ਸਟਾਫ ਨੂੰ ਦਿਸ਼ਾ ਨਿਰਦੇਸ਼ ਜਾਰੀ ਕਰਦਿਆਂ ਕਿਹਾ ਕਿ ਟਰੈਕ ਵਿਖੇ ਆਪਣਾ ਕੰਮ ਕਰਾਵਾਉਣ ਵਾਲੇ ਬਿਨੈਕਾਰਾਂ ਨੂੰ ਸਹਿਯੋਗ ਦਿੰਦਿਆਂ ਚੰਗਾ ਵਿਵਹਾਰ ਕੀਤਾ ਜਾਵੇ। ਉਨ੍ਹਾਂ ਸਪੱਸ਼ਟ ਕੀਤਾ ਕਿ ਆਮ ਲੋਕਾਂ ਨਾਲ ਦੁਰਵਿਵਹਾਰ ਕਰਨ ਵਾਲੇ ਕਰਮਚਾਰੀਆਂ ਨੂੰ ਬਖ਼ਸ਼ਿਆ ਨਹੀਂ ਜਾਵੇਗਾ ਅਤੇ ਪੈਂਡਿੰਗ ਕੰਮ ਦਾ ਜਲਦ ਤੋਂ ਜਲਦ ਨਿਪਟਾਰਾ ਕੀਤਾ ਜਾਵੇ।

ਆਰ.ਟੀ.ਏ. ਡਾ. ਪੂਨਮ ਪ੍ਰੀਤ ਕੌਰ ਵਲੋਂ ਹਦਾਇਤ ਕੀਤੀ ਗਈ ਕਿ ਟਰੈਕ ਦੀਆਂ ਗਤੀਵਿਧੀਆ 'ਤੇ ਨਜ਼ਰ ਰੱਖਣ ਲਈ ਕੈਮਰੇ ਇੰਨਸਟਾਲ ਕੀਤੇ ਜਾਣ। ਇਸ ਤੋ ਇਲਾਵਾ ਆਰ.ਟੀ.ਏ ਦਫ਼ਤਰ ਵਿਖੇ ਤਾਇਨਾਤ ਸਟਾਫ ਦੀ ਸ਼ਾਮ 4.30 ਵਜੇ ਅਚਨਚੇਤ ਹਾਜ਼ਰੀ ਚੈਕ ਕੀਤੀ ਗਈ।

ਬਾਅਦ ਵਿੱਚ, ਦਫ਼ਤਰੀ ਕੰਮ ਨੂੰ ਹੋਰ ਸੁਚਾਰੂ ਢੰਗ ਨਾਲ ਚਲਾਉਣ ਲਈ ਮੀਟਿੰਗ ਬੁਲਾਈ ਗਈ ਜਿਸ ਵਿੱਚ ਸਮੂਹ ਸਟਾਫ ਨੂੰ ਦੁਹਰਾਇਆ ਗਿਆ ਕਿ ਦਫ਼ਤਰ ਵਿਖੇ ਆਪਣਾ ਕੰਮ ਕਰਵਾਉਣ ਲਈ ਆਉਣ ਵਾਲੇ ਲੋਕਾਂ ਨਾਲ ਸਹੀ ਵਤੀਰਾ ਰੱਖਿਆ ਜਾਵੇ ਅਤੇ ਦਫ਼ਤਰੀ ਕੰਮ-ਕਾਜ਼ ਦਾ ਤੈਅ ਸਮੇਂ ਵਿੱਚ ਨਿਪਟਾਰਾ ਕੀਤਾ ਜਾਵੇ ਤਾਂ ਜੋ ਪਬਲਿਕ ਨੂੰ ਕਿਸੇ ਕਿਸਮ ਦੀ ਮੁਸ਼ਕਿਲ ਦਾ ਸਾਹਮਣਾ ਨਾ ਕਰਨਾ ਪਵੇ।

ਡੀਲਿੰਗ ਕਰਮਚਾਰੀ ਦੇ ਕੋਰਟ ਕੇਸ ਵਿੱਚ ਜਾਣ ਦੀ ਸੂਰਤ ਵਿੱਚ ਲੋਕਾਂ ਦੀ ਖੱਜਲ ਖੁਆਰੀ ਤੋਂ ਬਚਾਅ ਲਈ ਸਥਾਪਤ ਹੈਲਪ ਡੈਸਕ ਦਾ ਸਮਾਂ ਵਧਾ ਕੇ ਸਵੇਰੇ 9.00 ਵਜ਼ੇ ਤੋ ਸ਼ਾਮ 5.00 ਵਜ਼ੇ ਤੱਕ ਦਾ ਕਰ ਦਿੱਤਾ ਗਿਆ ਹੈ ਤਾਂ ਜੋ ਇਸ ਸਮੇਂ ਦੌਰਾਨ ਦਫ਼ਤਰੀ ਕੰਮ ਕਰਾਉਣ ਵਾਲੇ ਲੋਕਾਂ ਨੂੰ ਨਿਰਾਸ਼ਾ ਦਾ ਸਹਾਮਣਾ ਨਾ ਕਰਨਾ ਪਵੇ। ਚਾਲਾਨ ਕਾਊਂਟਰ 'ਤੇ ਪਬਲਿਕ ਦੀ ਸਹੂਲਤ ਲਈ ਦਸਤਾਵੇਜ਼ਾ ਨੂੰ ਡਿਲਵਰ ਕਰਨ ਲਈ 2 ਹੋਰ ਮੁਲਾਜ਼ਮਾ ਦੀ ਡਿਊਟੀ ਲਗਾਈ ਗਈ ਤਾਂ ਜੋ ਪਬਲਿਕ ਨੂੰ ਜਿਆਦਾ ਸਮਾਂ ਲਾਈਨ ਵਿੱਚ ਖੜ੍ਹਨਾ ਨਾ ਪਵੇ ਅਤੇ ਸਾਰੇ ਸਟਾਫ ਨੂੰ ਪੁਰਾਣੀ ਪਈ ਹੋਈ ਪੈਂਡੇਸੀ ਨੂੰ ਖਤਮ ਕਰਨ ਲਈ ਇੱਕ ਹਫ਼ਤੇ ਦਾ ਸਮਾਂ ਦਿੱਤਾ ਗਿਆ।

ਸਕੱਤਰ ਆਰ.ਟੀ.ਏ. ਵੱਲੋਂ ਇਹ ਵੀ ਨਿਰਦੇਸ਼ ਜਾਰੀ ਕੀਤੇ ਗਏ ਕਿ ਜੇਕਰ ਕੋਈ ਕਰਮਚਾਰੀ ਕੰਮ ਪ੍ਰਤੀ ਅਣਗਹਿਲੀ ਕਰਦਾ ਹੈ ਤਾਂ ਉਸਦੇ ਖਿਲਾਫ ਸਖ਼ਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।





# 'ਆਪ' ਨੇ ਸ਼ੁਰੂ ਕੀਤੀ 'ਮੋਦੀ ਹਟਾਉ ਦੇਸ਼ ਬਚਾਉ' ਮੁਹਿੰਮ, ਦਿੱਲੀ 'ਚ ਹੋਈ ਮੀਟਿੰਗ

ਨਵੀਂ ਦਿੱਲੀ, 23 ਮਾਰਚ (ਪੋਸਟ ਬਿਊਰੋ): ਆਮ ਆਦਮੀ ਪਾਰਟੀ (ਆਪ) ਨੇ ਵੀਰਵਾਰ ਨੂੰ ਜੰਤਰ-ਮੰਤਰ ਤੋਂ 'ਮੋਦੀ ਹਟਾਉ, ਦੇਸ਼ ਬਚਾਉ'ਮੁਹਿੰਮ ਦੀ ਸ਼ੁਰੂਆਤ ਕਰਦਿਆਂ 2024 ਦੀਆਂ ਲੋਕ ਸਭਾ ਚੋਣਾਂ ਦਾ ਬਿਗਲ ਵਜਾ ਦਿੱਤਾ ਹੈ। ਆਮ ਆਦਮੀ ਪਾਰਟੀ ਦੇ ਸੰਸਦ ਮੈਂਬਰ ਸੰਜੇ ਸਿੰਘ ਨੇ ਇਸ ਮੌਕੇ ਕਿਹਾ ਕਿ ਜਦੋਂ ਤੋਂ ਅਰਵਿੰਦ ਕੇਜਰੀਵਾਲ ਮੁੱਖ ਮੰਤਰੀ ਬਣੇ ਹਨ, ਉਦੋਂ ਤੋਂ ਹੀ ਸਕੂਲਾਂ ਦਾ ਸੁਧਾਰ ਕੀਤਾ ਗਿਆ ਹੈ। ਪਹਿਲਾਂ ਸਕੂਲਾਂ ਵਿੱਚ ਜਾਲੇ ਹੁੰਦੇ ਸਨ, ਮਨੀਸ਼ ਸਿਸੋਦੀਆ ਨੇ ਸਕੂਲ ਪੱਕੇ ਕਰਵਾਏ, ਸਕੂਲਾਂ ਵਿੱਚ ਸਵੀਮਿੰਗ ਪੂਲ ਬਣਾਏ, ਫਿਰ ਉਨ੍ਹਾਂ ਨੂੰ ਜੇਲ੍ਹ ਵਿੱਚ ਡੱਕ ਦਿੱਤਾ। ਮੁਹੱਲਾ ਕਲੀਨਿਕ ਅਤੇ ਸਿਹਤ ਸੇਵਾਵਾਂ ਵਿੱਚ ਸੁਧਾਰ ਲਿਆਉਣ ਵਾਲੇ ਸਾਡੇ ਦੂਜੇ ਮੰਤਰੀ ਸਤੇਂਦਰ ਜੈਨ ਨੂੰ ਫੜ ਕੇ ਜੇਲ੍ਹ ਵਿੱਚ ਡੱਕ ਦਿੱਤਾ ਗਿਆ।




ਉਨ੍ਹਾਂ ਕਿਹਾ ਕਿ ਸਾਡੇ 42 ਵਿਧਾਇਕਾਂ 'ਤੇ ਝੂਠੇ ਕੇਸ ਦਰਜ ਕੀਤੇ ਗਏ ਹਨ। ਪੁਲਸ ਸੋਮਨਾਥ ਭਾਰਤੀ ਦੇ ਕੁੱਤੇ ਨੂੰ ਫੜ ਕੇ ਲੈ ਗਈ। ਆਮ ਆਦਮੀ ਪਾਰਟੀ ਨਾਲ ਇੰਨੀ ਨਫਰਤ? ਤੁਸੀਂ ਜਿੰਨੀ ਮਰਜ਼ੀ ਨਫ਼ਰਤ ਕਰੋ, ਦਿੱਲੀ ਤੋਂ ਬਾਅਦ ਪੰਜਾਬ ਵਿੱਚ ਸਰਕਾਰ ਬਣੀ, ਪੰਜਾਬ ਦੇ 90 ਫੀਸਦੀ ਲੋਕਾਂ ਨੂੰ ਬਿਜਲੀ ਦਾ ਬਿੱਲ ਜ਼ੀਰੋ ਆ ਰਿਹਾ ਹੈ। ਮੁਹੱਲਾ ਕਲੀਨਿਕ ਦਾ ਕੰਮ ਚੱਲ ਰਿਹਾ ਹੈ।

ਸੰਜੇ ਸਿੰਘ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਜਨਤਾ ਲਈ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ ਮੋਦੀ ਹਟਾਉ ਦੇਸ਼ ਬਚਾਉ। ਜਿਹੜਾ ਡਰਦਾ ਹੈ ਉਸ ਨੂੰ ਨਾਅਰੇ ਨਹੀਂ ਲਗਾਉਣੇ ਚਾਹੀਦੇ। ਮੋਦੀ ਜੀ, ਸਾਡੇ ਸਾਰਿਆਂ 'ਤੇ ਮੁਕੱਦਮਾ ਦਰਜ ਕਰੋ।

'ਆਪ' ਆਗੂ ਅਤੇ ਦਿੱਲੀ ਦੇ ਵਾਤਾਵਰਨ ਮੰਤਰੀ ਗੋਪਾਲ ਰਾਏ ਨੇ ਕਿਹਾ ਕਿ 30 ਤਰੀਕ ਨੂੰ ਪੂਰੇ ਦੇਸ਼ ਵਿੱਚ 'ਮੋਦੀ ਹਟਾਉ, ਦੇਸ਼ ਬਚਾਉ'ਦੇ ਪੋਸਟਰ ਲਾਏ ਜਾਣਗੇ, ਦੇਖਦੇ ਹਾਂ ਕਿ ਤੁਸੀਂ ਕਿੰਨੀਆਂ ਐਫਆਈਆਰ ਦਰਜ ਕਰਦੇ ਹੋ? ਗੋਪਾਲ ਰਾਏ ਨੇ ਕਿਹਾ ਕਿ ਅੱਜ ਪੂਰਾ ਦੇਸ਼ ਸ਼ਹੀਦੇ ਆਜ਼ਮ ਭਗਤ ਸਿੰਘ, ਰਾਜਗੁਰੂ ਨੂੰ ਯਾਦ ਕਰ ਰਿਹਾ ਹੈ। ਜਦੋਂ ਦੇਸ਼ 'ਤੇ ਅੰਗਰੇਜ਼ਾਂ ਦਾ ਰਾਜ ਸੀ ਤਾਂ ਭਗਤ ਸਿੰਘ ਨੇ ਆਜ਼ਾਦੀ ਲਈ ਅਸੈਂਬਲੀ 'ਚ ਬੰਬ ਸੁੱਟਿਆ ਪਰ ਭੱਜਿਆ ਨਹੀਂ। ਤਿੰਨਾਂ ਸ਼ਹੀਦਾਂ ਨੂੰ 24 ਮਾਰਚ ਨੂੰ ਫਾਂਸੀ ਦੇਣ ਦਾ ਹੁਕਮ ਦਿੱਤਾ ਗਿਆ ਸੀ, ਪਰ ਉਨ੍ਹਾਂ ਨੂੰ ਇਕ ਰਾਤ ਪਹਿਲਾਂ ਹੀ ਫਾਂਸੀ ਦੇ ਦਿੱਤੀ ਗਈ। ਆਜ਼ਾਦੀ ਦੀ ਲੜਾਈ ਵਿੱਚ ਸ਼ਹੀਦਾਂ ਨੇ ਕੁਰਬਾਨੀਆਂ ਦਿੱਤੀਆਂ। ਉਨ੍ਹਾਂ ਦਾ ਸੁਪਨਾ ਸੀ ਕਿ ਦੇਸ਼ ਦੇ ਨੌਜਵਾਨਾਂ ਨੂੰ ਰੁਜ਼ਗਾਰ ਮਿਲੇਗਾ, ਕਿਸਾਨਾਂ ਨੂੰ ਉਨ੍ਹਾਂ ਦੀਆਂ ਫਸਲਾਂ ਦਾ ਸਹੀ ਮੁੱਲ ਮਿਲੇਗਾ।

ਰਾਏ ਨੇ ਕਿਹਾ ਕਿ ਜਦੋਂ ਦਿੱਲੀ ਵਿੱਚ 'ਮੋਦੀ ਹਟਾਉ, ਦੇਸ਼ ਬਚਾਉ'ਦੇ ਪੋਸਟਰ ਲਾਏ ਗਏ ਤਾਂ ਉਹ ਡਰ ਗਏ। ਮੈਨੂੰ ਇਤਿਹਾਸ ਵਿੱਚ ਦਿਲਚਸਪੀ ਹੈ। ਜਦੋਂ ਇਤਿਹਾਸ ਦੀ ਜਾਂਚ ਕੀਤੀ ਗਈ ਤਾਂ ਪਤਾ ਲੱਗਾ ਕਿ ਅੰਗਰੇਜ਼ਾਂ ਦੇ ਸਮੇਂ ਵੀ ਪੋਸਟਰਾਂ ਲਈ 126 ਐਫਆਈਆਰ ਮੋਦੀ ਜੀ, ਇੱਥੇ ਹਜ਼ਾਰਾਂ ਲੋਕ ਮੋਦੀ ਹਟਾਉ, ਦੇਸ਼ ਬਚਾਉ ਦੇ ਨਾਅਰੇ ਲਗਾ ਰਹੇ ਹਨ। ਉਨ੍ਹਾਂ ਕਿਹਾ ਕਿ 30 ਤਰੀਕ ਨੂੰ ਦੇਸ਼ ਭਰ 'ਚ ਵੱਡਾ ਪ੍ਰੋਗਰਾਮ ਹੋਵੇਗਾ।

# ਜਾਮੀਆ ਹਿੰਸਾ ਮਾਮਲੇ ਵਿਚ ਬਰੀ ਕੀਤੇ ਮੁਲਜ਼ਮਾਂ ਸਬੰਧੀ ਸੁਣਵਾਈ ਪੂਰੀ, ਹਾਈਕੋਰਟ ਨੇ ਫੈਸਲਾ ਸੁਰੱਖਿਅਤ ਰੱਖਿਆ

ਨਵੀਂ ਦਿੱਲੀ, 23 ਮਾਰਚ (ਪੋਸਟ ਬਿਊਰੋ): ਨਾਗਰਿਕਤਾ ਸੋਧ ਕਾਨੂੰਨ ਦੇ ਖਿਲਾਫ 2019 ਦੇ ਜਾਮੀਆ ਹਿੰਸਾ ਮਾਮਲੇ 'ਚ ਬਰੀ ਕੀਤੇ ਗਏ ਮੁਲਜ਼ਮਾਂ ਦੇ ਮਾਮਲੇ 'ਚ ਦਿੱਲੀ ਹਾਈ ਕੋਰਟ 'ਚ ਸੁਣਵਾਈ ਪੂਰੀ ਹੋ ਗਈ ਹੈ। ਇਸ ਮਾਮਲੇ ਵਿੱਚ ਦਿੱਲੀ ਪੁਲਿਸ ਨੇ ਜੇਐਨਯੂ ਦੇ ਵਿਦਿਆਰਥੀਆਂ ਸ਼ਰਜੀਲ ਇਮਾਮ, ਸਫੂਰਾ ਜ਼ਰਗਰ ਅਤੇ ਹੋਰ ਮੁਲਜ਼ਮਾਂ ਨੂੰ ਬਰੀ ਕਰਨ ਦੇ ਹੇਠਲੀ ਅਦਾਲਤ ਦੇ ਫੈਸਲੇ ਨੂੰ ਚੁਣੌਤੀ ਦਿੱਤੀ ਹੈ। ਹਾਈਕੋਰਟ ਨੇ ਸਾਰੀਆਂ ਧਿਰਾਂ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਫੈਸਲਾ ਸੁਰੱਖਿਅਤ ਰੱਖ ਲਿਆ ਹੈ।




ਦਿੱਲੀ ਪੁਲਿਸ ਨੇ ਕਿਹਾ ਕਿ ਹੇਠਲੀ ਅਦਾਲਤ ਨੇ ਜਾਂਚ ਏਜੰਸੀ ਵਿਰੁੱਧ ਟਿੱਪਣੀਆਂ ਪਾਸ ਕਰਕੇ ਆਪਣੇ ਅਧਿਕਾਰ ਖੇਤਰ ਦੀ ਉਲੰਘਣਾ ਕੀਤੀ ਹੈ। ਹੇਠਲੀ ਅਦਾਲਤ ਦੀ ਨਜ਼ਰਸਾਨੀ ਨੂੰ ਮਿਟਾ ਦਿੱਤਾ ਜਾਵੇ। ਦਿੱਲੀ ਪੁਲਿਸ ਨੇ ਅਦਾਲਤ 'ਚ ਕੁਝ ਵੀਡੀਉ ਕਲਿੱਪ ਚਲਾ ਕੇ ਕਿਹਾ ਕਿ ਜੇਕਰ ਇਸ ਵੀਡੀਉ ਕਲਿੱਪ ਦੇ ਆਧਾਰ 'ਤੇ ਹੇਠਲੀ ਅਦਾਲਤ ਉਨ੍ਹਾਂ ਵਿਦਿਆਰਥੀਆਂ ਨੂੰ ਬੇਕਸੂਰ ਦੱਸ ਰਹੀ ਹੈ ਤਾਂ ਅਸੀਂ ਇਸ ਦਾ ਵਿਰੋਧ ਕਰਦੇ ਹਾਂ।

ਦਿੱਲੀ ਪੁਲੀਸ ਨੇ ਕਿਹਾ ਕਿ ਤੀਜੀ ਸਪਲੀਮੈਂਟਰੀ ਚਾਰਜਸ਼ੀਟ ਵਿੱਚ ਜ਼ਖ਼ਮੀਆਂ ਦੇ ਬਿਆਨ ਹਨ, ਜਿਨ੍ਹਾਂ ਨੇ ਮੁਲਜ਼ਮਾਂ ਦੀ ਪਛਾਣ ਕਰ ਲਈ ਹੈ। ਸ਼ਰਜੀਲ ਇਮਾਮ ਦੇ ਵਕੀਲ ਨੇ ਕਿਹਾ ਕਿ ਮੇਰੇ ਖਿਲਾਫ ਕਿਸੇ ਵੀ ਗਵਾਹ ਦਾ ਕੋਈ ਵੀਡੀਉ ਜਾਂ ਬਿਆਨ ਨਹੀਂ ਹੈ, ਮੇਰੇ ਖਿਲਾਫ ਚਾਰਜਸ਼ੀਟ 'ਚ ਇਕ ਸ਼ਬਦ ਵੀ ਨਹੀਂ ਹੈ। ਉਨ੍ਹਾਂ ਦੇ ਖਿਲਾਫ ਅਜਿਹਾ ਕੋਈ ਬਿਆਨ ਨਹੀਂ ਹੈ ਜੋ ਮੇਰੇ 'ਤੇ ਲੱਗੇ ਦੋਸ਼ ਨੂੰ ਸਾਬਿਤ ਕਰਦਾ ਹੋਵੇ। ਸਫੂਰਾ ਜ਼ਰਗਰ ਦੇ ਵਕੀਲ ਨੇ ਕਿਹਾ ਕਿ ਦਿੱਲੀ ਪੁਲਿਸ ਜਿਸ ਵੀਡੀਉ ਕਲਿੱਪ ਦੀ ਗੱਲ ਕਰ ਰਹੀ ਹੈ, ਉਸ ਵਿਚ ਮੇਰੀ ਪਛਾਣ ਨਹੀਂ ਦੱਸੀ ਗਈ ਹੈ। ਅਜੇ ਤੱਕ ਪਛਾਣ ਦਾ ਖੁਲਾਸਾ ਨਹੀਂ ਕੀਤਾ ਗਿਆ ਹੈ, ਕਿਉਂਕਿ ਉਸ ਕਲਿੱਪ ਵਿੱਚ ਵਿਅਕਤੀ ਨੇ ਆਪਣਾ ਚਿਹਰਾ ਢੱਕਿਆ ਹੋਇਆ ਹੈ। ਸੀਡੀਆਰ ਦੇ ਆਧਾਰ 'ਤੇ ਮੇਰੇ 'ਤੇ ਦੋਸ਼ ਨਹੀਂ ਲਗਾਇਆ ਜਾ ਸਕਦਾ। ਮੇਰਾ ਘਰ ਘਟਨਾ ਵਾਲੀ ਥਾਂ ਤੋਂ 3-4 ਕਿਲੋਮੀਟਰ ਦੂਰ ਹੈ।

# ਉਡਾਣ ਭਰਨ ਦੇ ਨਾਲ ਹੀ ਘਰ ਦੇ ਉਤੇ ਕਰੈਸ਼ ਹੋਇਆ ਗਲਾਈਡਰ ਕਰੈਸ਼, 2 ਜ਼ਖਮੀ

ਧਨਬਾਦ, 23 ਮਾਰਚ (ਪੋਸਟ ਬਿਊਰੋ): ਝਾਰਖੰਡ ਦੇ ਧਨਬਾਦ 'ਚ ਬਰਵੱਡਾ ਏਅਰਪੋਰਟ ਨੇੜੇ ਇਕ ਨਿੱਜੀ ਘਰ 'ਤੇ ਗਲਾਈਡਰ ਕ੍ਰੈਸ਼ ਹੋਣ ਦੀ ਖਬਰ ਹੈ। ਇਸ ਘਟਨਾ 'ਚ 2 ਲੋਕ ਗੰਭੀਰ ਜ਼ਖਮੀ ਦੱਸੇ ਜਾ ਰਹੇ ਹਨ। ਜ਼ਖਮੀਆਂ ਨੂੰ ਨੇੜੇ ਦੇ ਹਸਪਤਾਲ 'ਚ ਭਰਤੀ ਕਰਵਾਇਆ ਗਿਆ ਹੈ। ਜਾਣਕਾਰੀ ਮੁਤਾਬਿਕ ਜਿਵੇਂ ਹੀ ਗਲਾਈਡਰ ਨੇ ਏਅਰਪੋਰਟ ਤੋਂ ਉਡਾਨ ਭਰੀ ਤਾਂ ਉਸ 'ਚ ਕੁਝ ਤਕਨੀਕੀ ਖਰਾਬੀ ਆ ਗਈ। ਗਲਾਈਡਰ ਕਰੀਬ 500 ਮੀਟਰ ਦੀ ਦੂਰੀ 'ਤੇ ਹਾਦਸਾਗ੍ਰਸਤ ਹੋ ਗਿਆ।



ਸਥਾਨਕ ਪ੍ਰਸ਼ਾਸਨ ਨੂੰ ਜਿਵੇਂ ਹੀ ਇਸ ਗਲਾਈਡਰ ਦੇ ਹਾਦਸਾਗ੍ਰਸਤ ਹੋਣ ਦਾ ਪਤਾ ਲੱਗਾ ਤਾਂ ਜ਼ਿਲ੍ਹਾ ਪ੍ਰਸ਼ਾਸਨ ਹਰਕਤ ਵਿੱਚ ਆ ਗਿਆ। ਪੁਲਿਸ ਅਤੇ ਪ੍ਰਸ਼ਾਸਨ ਨੇ ਮੌਕੇ 'ਤੇ ਪਹੁੰਚ ਕੇ ਪੂਰੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਇਸ ਘਟਨਾ ਦੀ ਸੂਚਨਾ ਮਿਲਦੇ ਹੀ ਸਥਾਨਕ ਲੋਕਾਂ ਦੀ ਭੀੜ ਮੌਕੇ 'ਤੇ ਇਕੱਠੀ ਹੋ ਗਈ।

ਦਰਅਸਲ, ਕੁਝ ਸਮੇਂ ਤੋਂ ਲੋਕਾਂ ਨੂੰ ਗਲਾਈਡਰ ਰਾਹੀਂ ਧਨਬਾਦ ਦੀ ਯਾਤਰਾ 'ਤੇ ਲਿਜਾਇਆ ਜਾ ਰਿਹਾ ਸੀ। ਗਲਾਈਡਰ ਨੇ ਵੀਰਵਾਰ ਨੂੰ ਵੀ ਉਡਾਣ ਭਰੀ। ਪਰ ਤਕਨੀਕੀ ਖਰਾਬੀ ਕਾਰਨ ਇਹ ਕਰੈਸ਼ ਹੋ ਗਿਆ। ਅਧਿਕਾਰੀ ਤਕਨੀਕੀ ਖਾਮੀਆਂ ਦਾ ਪਤਾ ਲਗਾ ਰਹੇ ਹਨ। ਦੱਸ ਦੇਈਏ ਕਿ ਹਾਲ ਹੀ ਵਿੱਚ ਬਾਲਾਘਾਟ ਵਿੱਚ ਇੱਕ ਚਾਰਟਰਡ ਜਹਾਜ਼ ਕਰੈਸ਼ ਹੋ ਗਿਆ ਸੀ। ਇਸ ਹਾਦਸੇ ਵਿੱਚ ਪਾਇਲਟ ਸਮੇਤ ਟਰੇਨੀ ਕੁੜੀ ਦੀ ਮੌਤ ਹੋ ਗਈ। ਇਸ ਚਾਰਟਰਡ ਜਹਾਜ਼ ਨੇ ਕਰੀਬ 15 ਮਿੰਟ ਪਹਿਲਾਂ ਬਿਰਸੀ ਏਅਰਕ੍ਰਾਫਟ ਤੋਂ ਉਡਾਣ ਭਰੀ ਸੀ। ਕਰੈਸ਼ ਹੋਣ ਤੋਂ ਬਾਅਦ ਜਹਾਜ਼ ਸੜ ਕੇ ਸੁਆਹ ਹੋ ਗਿਆ।

# ਪਤੀ ਨੇ ਪਤਨੀ ਦਾ ਗਲਾ ਘੁੱਟਣ ਤੋਂ ਬਾਅਦ ਕੀਤੀ ਖੁਦਕੁਸ਼ੀ

ਉੱਤਰ ਪ੍ਰਦੇਸ਼, 23 ਮਾਰਚ (ਪੋਸਟ ਬਿਊਰੋ): ਉੱਤਰ ਪ੍ਰਦੇਸ਼ ਦੇ ਬਾਂਦਾ 'ਚ ਮਾਮੂਲੀ ਝਗੜੇ 'ਚ ਪਤੀ ਨੇ ਪਤਨੀ ਦਾ ਕਤਲ ਕਰ ਦਿੱਤਾ। ਇਸ ਤੋਂ ਬਾਅਦ ਉਸ ਨੇ ਖੁਦ ਵੀ ਫਾਹਾ ਲੈ ਲਿਆ। ਇਸ ਘਟਨਾ ਤੋਂ ਬਾਅਦ ਇਲਾਕੇ 'ਚ ਸਨਸਨੀ ਫੈਲ ਗਈ। ਸੂਚਨਾ ਮਿਲਦੇ ਹੀ ਪੁਲਸ ਨੇ ਮੌਕੇ 'ਤੇ ਪਹੁੰਚ ਕੇ ਦੋਵਾਂ ਲਾਸ਼ਾਂ ਨੂੰ ਕਬਜ਼ੇ 'ਚ ਲੈ ਕੇ ਪੋਸਟਮਾਰਟਮ ਲਈ ਭੇਜ ਕੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।

ਪੁਲੀਸ ਅਨੁਸਾਰ ਪਤੀ ਬੀਤੇ ਦਿਨ ਆਪਣੀ ਪਤਨੀ ਅਤੇ ਬੱਚਿਆਂ ਨੂੰ ਮਿਲਣ ਲਈ ਆਪਣੇ ਸਹੁਰੇ ਘਰ ਗਿਆ ਸੀ। ਉੱਥੇ ਹੀ ਕਿਸੇ ਗੱਲ ਨੂੰ ਲੈ ਕੇ ਪਤੀ-ਪਤਨੀ ਵਿਚਾਲੇ ਝਗੜਾ ਹੋ ਗਿਆ। ਇਸ ਤੋਂ ਬਾਅਦ ਪਤੀ ਨੇ ਪਹਿਲਾਂ ਪਤਨੀ ਦਾ ਰੱਸੀ ਨਾਲ ਗਲਾ ਘੁੱਟ ਕੇ ਹੱਤਿਆ ਕਰ ਦਿੱਤੀ। ਫਿਰ ਉਸ ਨੇ ਆਪ ਵੀ ਫਾਹਾ ਲੈ ਲਿਆ। ਜਾਣਕਾਰੀ ਮੁਤਾਬਕ ਕੁਝ ਦਿਨ ਪਹਿਲਾਂ ਦੋਵਾਂ ਵਿਚਾਲੇ ਅਦਾਲਤ ਰਾਹੀਂ ਸਮਝੌਤਾ ਹੋਇਆ ਸੀ।

ਇਸ ਮਾਮਲੇ ਸਬੰਧੀ ਡੀਐਸਪੀ ਰਾਕੇਸ਼ ਕੁਮਾਰ ਸਿੰਘ ਨੇ ਦੱਸਿਆ ਕਿ ਪਿੰਡ ਬੰਬੜੀ ਦਾ ਰਹਿਣ ਵਾਲਾ 24 ਸਾਲਾ ਰਾਮਮਿਲਨ ਰੈਦਾਸ 20 ਮਾਰਚ ਨੂੰ ਪਿੰਡ ਮੁਸੀਵਾ ਵਿਖੇ ਆਪਣੇ ਸਹੁਰੇ ਘਰ ਗਿਆ ਸੀ। ਉਸ ਨੇ ਦੱਸਿਆ ਕਿ ਵੀਰਵਾਰ ਸਵੇਰੇ ਮੁਸੀਵਾ ਪਿੰਡ 'ਚ ਉਸ ਦੀ 22 ਸਾਲਾ ਪਤਨੀ ਪੂਨਮ ਦੀ ਲਾਸ਼ ਕਮਰੇ ਦੇ ਅੰਦਰ ਜ਼ਮੀਨ 'ਤੇ ਪਈ ਸੀ। ਉਥੇ ਹੀ ਰਾਮਮਿਲਨ ਦੀ ਲਾਸ਼ ਲਟਕਦੀ ਮਿਲੀ। ਪੁਲਸ ਮਾਮਲੇ ਦੀ ਜਾਂਚ ਕਰ ਰਹੀ ਹੈ ਅਤੇ ਘਟਨਾ ਦੇ ਅਸਲ ਕਾਰਨਾਂ ਦਾ ਪਤਾ ਲਗਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਪੋਸਟਮਾਰਟਮ ਤੋਂ ਬਾਅਦ ਦੋਵੇਂ ਲਾਸ਼ਾਂ ਵਾਰਸਾਂ ਨੂੰ ਸੌਂਪ ਦਿੱਤੀਆਂ ਜਾਣਗੀਆਂ। ਫਿਲਹਾਲ ਇਹ ਪਤਾ ਨਹੀਂ ਲੱਗ ਸਕਿਆ ਹੈ ਕਿ ਦੋਵਾਂ ਵਿਚਾਲੇ ਕਿਸ ਗੱਲ ਨੂੰ ਲੈ ਕੇ ਝਗੜਾ ਹੋਇਆ ਸੀ।

# ਰਾਹੁਲ ਗਾਂਧੀ ਨੂੰ 2 ਸਾਲ ਦੀ ਸਜ਼ਾ, ਤੁਰੰਤ ਮਿਲੀ ਜ਼ਮਾਨਤ

ਨਵੀਂ ਦਿੱਲੀ, 23 ਮਾਰਚ (ਪੋਸਟ ਬਿਊਰੋ): ਕਾਂਗਰਸ ਨੇਤਾ ਨੂੰ ਮੋਦੀ ਦੇ ਨਾਮ 'ਤੇ ਕਥਿਤ ਟਿੱਪਣੀ ਲਈ ਗੁਜਰਾਤ ਦੀ ਸੂਰਤ ਦੀ ਅਦਾਲਤ ਨੇ ਰਾਹੁਲ ਨੂੰ ਦੋਸ਼ੀ ਕਰਾਰ ਦਿੱਤਾ ਹੈ। ਅਦਾਲਤ ਨੇ ਉਸ ਨੂੰ 2 ਸਾਲ ਦੀ ਸਜ਼ਾ ਵੀ ਸੁਣਾਈ ਹੈ। ਹਾਲਾਂਕਿ ਇਸ ਮਾਮਲੇ 'ਚ ਰਾਹੁਲ ਗਾਂਧੀ ਨੂੰ ਤੁਰੰਤ ਜ਼ਮਾਨਤ ਮਿਲ ਗਈ ਹੈ। ਇਹ ਮਾਮਲਾ 2019 ਦਾ ਹੈ। ਇਸ ਮਾਮਲੇ 'ਚ ਰਾਹੁਲ ਖਿਲਾਫ ਅਪਰਾਧਿਕ ਮਾਣਹਾਨੀ ਦਾ ਮਾਮਲਾ ਦਰਜ ਕੀਤਾ ਗਿਆ ਸੀ।



ਭਾਜਪਾ ਵਿਧਾਇਕ ਅਤੇ ਗੁਜਰਾਤ ਦੇ ਸਾਬਕਾ ਮੰਤਰੀ ਪੂਰਨੇਸ਼ ਮੋਦੀ ਨੇ ਕੇਰਲ ਦੇ ਵਾਇਨਾਡ ਤੋਂ ਕਾਂਗਰਸ ਦੇ ਸੰਸਦ ਮੈਂਬਰ ਰਾਹੁਲ ਗਾਂਧੀ ਖਿਲਾਫ ਸ਼ਿਕਾਇਤ ਦਰਜ ਕਰਵਾਈ ਹੈ। ਸ਼ਿਕਾਇਤ ਵਿੱਚ ਕਿਹਾ ਗਿਆ ਹੈ ਕਿ 13 ਅਪ੍ਰੈਲ 2019 ਨੂੰ ਰਾਹੁਲ ਗਾਂਧੀ ਕਰਨਾਟਕ ਦੇ ਕੋਲਾਰ ਵਿੱਚ ਇੱਕ ਚੋਣ ਸਭਾ ਨੂੰ ਸੰਬੋਧਨ ਕਰ ਰਹੇ ਸਨ ਅਤੇ ਉਸ ਦੌਰਾਨ ਉਨ੍ਹਾਂ ਨੇ ਕਥਿਤ ਟਿੱਪਣੀ ਕੀਤੀ। ਸ਼ਿਕਾਇਤ ਮੁਤਾਬਕ ਰਾਹੁਲ ਗਾਂਧੀ ਨੇ ਉਸ ਚੋਣ ਮੀਟਿੰਗ ਵਿੱਚ ਕਿਹਾ ਸੀ ਕਿ 'ਚਾਹੇ ਨੀਰਵ ਮੋਦੀ, ਲਲਿਤ ਮੋਦੀ ਜਾਂ ਨਰਿੰਦਰ ਮੋਦੀ, ਮੋਦੀ ਸਾਰੇ ਚੋਰਾਂ ਨਾਲ ਕਿਉਂ ਜੁੜੇ ਹੋਏ ਹਨ।' ਆਈਪੀਸੀ ਦੇ ਸੈਕਸ਼ਨ 499 ਤੇ 500 ਦੇ ਤਹਿਤ ਅਕਤੂਬਰ 2001 ਵਿੱਚ ਕੇਸ ਦਰਜ ਕੀਤਾ ਗਿਆ ਸੀ।

# ਪਟਨਾ ਰੇਲਵੇ ਸਟੇਸ਼ਨ 'ਤੇ ਅਚਾਨਕ ਚੱਲੀ ਅਸ਼ਲੀਲ ਫਿਲਮ, ਏਜੰਸੀ ਕੀਤੀ ਗਈ ਬਲੈਕਲਿਸਟ

ਪਟਨਾ, 23 ਮਾਰਚ (ਪੋਸਟ ਬਿਊਰੋ): ਬਿਹਾਰ ਦੀ ਰਾਜਧਾਨੀ ਪਟਨਾ ਰੇਲਵੇ ਸਟੇਸ਼ਨ 'ਤੇ ਮੌਜੂਦ ਲੋਕਾਂ ਨੂੰ ਐਤਵਾਰ ਸਵੇਰੇ ਭਾਰੀ ਨਮੋਸ਼ੀ ਦਾ ਸਾਹਮਣਾ ਕਰਨਾ ਪਿਆ। ਇਸ ਦਾ ਕਾਰਨ ਇਹ ਸੀ ਕਿ ਸਟੇਸ਼ਨ 'ਤੇ ਵਿਗਿਆਪਨ ਪ੍ਰਸਾਰਣ ਲਈ ਲੱਗੇ ਦਰਜਨਾਂ ਟੈਲੀਵਿਜ਼ਨ ਸਕ੍ਰੀਨਾਂ ਨੇ ਅਚਾਨਕ ਅਸ਼ਲੀਲ ਫਿਲਮ ਦਾ ਪ੍ਰਸਾਰਣ ਸ਼ੁਰੂ ਹੋ ਗਿਆ। ਰੇਲਵੇ ਸਟੇਸ਼ਨ 'ਤੇ ਅਸ਼ਲੀਲ ਫਿਲਮ ਦੇ ਟੈਲੀਕਾਸਟ ਹੋਣ ਨਾਲ ਉੱਥੇ ਮੌਜੂਦ ਯਾਤਰੀਆਂ 'ਚ ਹਲਚਲ ਮਚ ਗਈ। ਦੱਸਿਆ ਜਾ ਰਿਹਾ ਹੈ ਕਿ ਕਰੀਬ 3 ਮਿੰਟ ਤੱਕ ਐਡਲਟ ਫਿਲਮ ਦਰਜਨਾਂ ਟੈਲੀਵਿਜ਼ਨ ਸਕਰੀਨਾਂ 'ਤੇ ਚੱਲਦੀ ਰਹੀ, ਜਿਸ ਕਾਰਨ ਲੋਕ ਭੜਕ ਗਏ। ਰੇਲਵੇ ਸਟੇਸ਼ਨ 'ਤੇ ਮੌਜੂਦ ਕੁਝ ਯਾਤਰੀਆਂ ਨੇ ਤੁਰੰਤ ਜੀਆਰਪੀ ਅਤੇ ਆਰਪੀਐਫ ਨੂੰ ਸੂਚਿਤ ਕੀਤਾ, ਜਿਸ ਤੋਂ ਬਾਅਦ ਟੈਲੀਵਿਜ਼ਨ 'ਤੇ ਇਸ਼ਤਿਹਾਰ ਚਲਾਉਣ ਵਾਲੀ ਏਜੰਸੀ ਨਾਲ ਸੰਪਰਕ ਕੀਤਾ ਗਿਆ ਅਤੇ ਐਡਲਟ ਫਿਲਮ ਦੇ ਟੈਲੀਕਾਸਟ ਨੂੰ ਰੋਕਿਆ ਗਿਆ।




ਇਸ ਤੋਂ ਬਾਅਦ ਰੇਲਵੇ ਅਧਿਕਾਰੀ ਵੀ ਹਰਕਤ 'ਚ ਆ ਗਏ ਅਤੇ ਟੈਲੀਵਿਜ਼ਨ ਸਕ੍ਰੀਨ 'ਤੇ ਇਸ਼ਤਿਹਾਰ ਪ੍ਰਸਾਰਿਤ ਕਰਨ ਲਈ ਜ਼ਿੰਮੇਵਾਰ ਏਜੰਸੀ ਦੱਤਾ ਕਮਿਊਨੀਕੇਸ਼ਨ ਖਿਲਾਫ ਐੱਫਆਈਆਰ ਦਰਜ ਕਰ ਲਈ ਗਈ। ਇਸ ਦੇ ਨਾਲ ਹੀ ਰੇਲਵੇ ਵੱਲੋਂ ਏਜੰਸੀ ਨੂੰ ਬਲੈਕਲਿਸਟ ਕਰ ਦਿੱਤਾ ਗਿਆ ਹੈ ਅਤੇ ਜੁਰਮਾਨਾ ਵੀ ਲਗਾਇਆ ਗਿਆ ਹੈ।

ਜਾਣਕਾਰੀ ਮੁਤਾਬਕ ਟੈਲੀਵਿਜ਼ਨ ਸਕਰੀਨਾਂ 'ਤੇ ਇਸ਼ਤਿਹਾਰ ਪ੍ਰਸਾਰਿਤ ਕਰਨ ਲਈ ਏਜੰਸੀ ਨੂੰ ਦਿੱਤਾ ਗਿਆ ਠੇਕਾ ਵੀ ਖਤਮ ਕਰ ਦਿੱਤਾ ਗਿਆ ਹੈ। ਇਸ ਦੇ ਨਾਲ ਹੀ, ਰੇਲਵੇ ਹੁਣ ਐਡਲਟ ਫਿਲਮਾਂ ਦੇ ਪ੍ਰਸਾਰਣ ਦੇ ਮਾਮਲੇ ਵਿੱਚ ਵੱਖਰੀ ਜਾਂਚ ਕਰ ਰਿਹਾ ਹੈ। ਜ਼ਿਕਰਯੋਗ ਹੈ ਕਿ ਸਾਲ 2017 'ਚ ਰਾਸ਼ਟਰੀ ਰਾਜਧਾਨੀ ਨਵੀਂ ਦਿੱਲੀ 'ਚ ਵੀ ਅਜਿਹੀ ਹੀ ਇੱਕ ਘਟਨਾ ਸਾਹਮਣੇ ਆਈ ਸੀ। ਅਪ੍ਰੈਲ ਮਹੀਨੇ 'ਚ ਦਿੱਲੀ ਦੇ ਰਾਜੀਵ ਚੌਕ ਮੈਟਰੋ ਸਟੇਸ਼ਨ 'ਤੇ ਵਿਗਿਆਪਨ ਸਕ੍ਰੀਨ 'ਤੇ ਇਕ ਪੋਰਨ ਫਿਲਮ ਦਿਖਾਈ ਦੇਣ ਲੱਗੀ। ਸਟੇਸ਼ਨ 'ਤੇ ਮੌਜੂਦ ਯਾਤਰੀਆਂ ਨੇ ਆਪਣੇ ਮੋਬਾਈਲ ਕੈਮਰਿਆਂ ਨਾਲ ਸਕ੍ਰੀਨ 'ਤੇ ਚੱਲ ਰਹੀ ਕਲਿੱਪ ਨੂੰ ਰਿਕਾਰਡ ਕੀਤਾ ਸੀ। ਵੀਡੀਉ ਕਲਿੱਪ ਕੁਝ ਹੀ ਸਮੇਂ 'ਚ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਗਈ।

# ਸ਼ਰਾਬ ਨੀਤੀ ਘੋਟਾਲੇ ਵਿਚ ਮਨੀਸ਼ ਸਿਸੋਦੀਆ 5 ਅਪ੍ਰੈਲ ਤੱਕ ਰਹਿਣਗੇ ਨਿਆਂਇਕ ਹਿਰਾਸਤ 'ਚ



ਨਵੀਂ ਦਿੱਲੀ, 23 ਮਾਰਚ (ਪੋਸਟ ਬਿਊਰੋ): ਦਿੱਲੀ ਦੇ ਸਾਬਕਾ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਨੂੰ ਸ਼ਰਾਬ ਨੀਤੀ ਘਪਲੇ ਮਾਮਲੇ ਵਿੱਚ 5 ਅਪ੍ਰੈਲ ਤੱਕ ਨਿਆਂਇਕ ਹਿਰਾਸਤ ਵਿੱਚ ਭੇਜ ਦਿੱਤਾ ਗਿਆ ਹੈ। ਸਪੈਸ਼ਲ ਈਡੀ ਸੀਬੀਆਈ ਜੱਜ ਐਮਕੇ ਨਾਗਪਾਲ ਨੇ ਸਿਸੋਦੀਆ ਨੂੰ ਰਾਊਸ ਐਵੇਨਿਊ ਕੋਰਟ ਵਿੱਚ ਨਿਆਂਇਕ ਹਿਰਾਸਤ ਵਿੱਚ ਭੇਜ ਦਿੱਤਾ ਹੈ।

5 ਦਿਨਾਂ ਦੇ ਈਡੀ ਰਿਮਾਂਡ ਦੇ ਅੰਤ 'ਤੇ ਸਿਸੋਦੀਆ ਨੂੰ ਅੱਜ ਰੌਜ਼ ਐਵੇਨਿਊ ਅਦਾਲਤ 'ਚ ਪੇਸ਼ ਕੀਤਾ ਗਿਆ ਅਤੇ ਇੱਥੇ ਈਡੀ ਨੇ ਮਨੀਸ਼ ਸਿਸੋਦੀਆ ਦੇ ਹੋਰ ਰਿਮਾਂਡ ਦੀ ਮੰਗ ਨਹੀਂ ਕੀਤੀ। ਇਸ ਤੋਂ ਇਲਾਵਾ ਮਨੀਸ਼ ਸਿਸੋਦੀਆ ਨੇ ਜੇਲ੍ਹ ਵਿੱਚ ਪੜ੍ਹਨ ਲਈ ਕੁਝ ਹੋਰ ਕਿਤਾਬਾਂ ਲਈ ਅਰਜ਼ੀਆਂ ਦਿੱਤੀਆਂ। ਅਦਾਲਤ ਨੇ ਕਿਹਾ ਕਿ ਉਹ ਜੋ ਕਿਤਾਬਾਂ ਚਾਹੁੰਦੇ ਹਨ, ਉਹ ਦਿੱਤੀਆਂ ਜਾਣਗੀਆਂ।

ਸਿਸੋਦੀਆ ਨੂੰ ਸੀਬੀਆਈ ਨੇ ਇਸ ਮਾਮਲੇ ਵਿੱਚ 26 ਫਰਵਰੀ ਨੂੰ ਗ੍ਰਿਫ਼ਤਾਰ ਕੀਤਾ ਸੀ। ਕੁਝ ਦਿਨਾਂ ਬਾਅਦ ਈਡੀ ਨੇ ਜੇਲ੍ਹ ਵਿੱਚ ਹੀ ਪੁੱਛਗਿੱਛ ਕਰਨ ਤੋਂ ਬਾਅਦ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ।

ਅਦਾਲਤ ਨੇ 17 ਮਾਰਚ ਨੂੰ ਹੋਈ ਪਿਛਲੀ ਸੁਣਵਾਈ 'ਤੇ ਆਪਣੇ ਹੁਕਮ 'ਚ ਮਨੀਸ਼ ਸਿਸੋਦੀਆ ਨੂੰ ਆਪਣੇ ਘਰੇਲੂ ਖਰਚਿਆਂ ਲਈ ਚੈੱਕ 'ਤੇ ਦਸਤਖਤ ਕਰਨ ਅਤੇ ਜ਼ਬਤ ਕੀਤੇ ਬੈਂਕ ਖਾਤਿਆਂ ਦੀ ਵਰਤੋਂ ਕਰਨ ਦੀ ਇਜਾਜ਼ਤ ਵੀ ਦਿੱਤੀ ਸੀ। ਇਸ ਦੇ ਨਾਲ ਹੀ 'ਆਪ' ਸੰਸਦ ਮੈਂਬਰ ਸੰਜੇ ਸਿੰਘ ਨੇ ਦੋਸ਼ ਲਾਇਆ ਸੀ ਕਿ ਈਡੀ ਨੇ ਬੇਬੁਨਿਆਦ ਰਿਮਾਂਡ ਲਿਆ ਹੈ। ਉਨ੍ਹਾਂ ਅੱਗੇ ਕਿਹਾ ਕਿ ਮਨੀਸ਼ ਸਿਸੋਦੀਆ ਨਾਲ ਇੱਕ ਅੱਤਵਾਦੀ ਤੋਂ ਵੀ ਮਾੜਾ ਸਲੂਕ ਕੀਤਾ ਜਾ ਰਿਹਾ ਹੈ।

# ਬਦਮਾਸ਼ਾਂ ਨੂੰ ਫੜ੍ਹਨ ਗਈ ਪੁਲਸ ਟੀਮ ਨੂੰ ਬਣਾਇਆ ਬੰਧਕ, ਮੋਬਾਈਲ ਤੇ ਨਗਦੀ ਵੀ ਖੋਹੀ

ਫਰੀਦਾਬਾਦ, 23 ਮਾਰਚ (ਪੋਸਟ ਬਿਊਰੋ):ਹਰਿਆਣਾ ਦੇ ਨੂਹ ਦੇ ਪਿੰਡ ਗੋਕੁਲਪੁਰ ਵਿੱਚ ਇੱਕ ਹੈਰਾਨੀਜਨਕ ਮਾਮਲਾ ਸਾਹਮਣੇ ਆਇਆ ਹੈ। ਇੱਥੇ ਬਦਮਾਸ਼ਾਂ ਨੂੰ ਫੜਨ ਗਈ ਪੁਲਿਸ ਟੀਮ ਦੇ ਜਵਾਨਾਂ 'ਤੇ ਮੁਲਜ਼ਮਾਂ ਦੇ ਰਿਸ਼ਤੇਦਾਰਾਂ ਅਤੇ ਪਿੰਡ ਵਾਸੀਆਂ ਨੇ ਹਮਲਾ ਕਰਕੇ ਉਨ੍ਹਾਂ ਨੂੰ ਬੰਧਕ ਬਣਾ ਲਿਆ। ਇਸ 'ਚ 5 ਪੁਲਸ ਕਰਮਚਾਰੀ ਗੰਭੀਰ ਜ਼ਖਮੀ ਹੋ ਗਏ।

ਪੁਲਸ ਅਧਿਕਾਰੀ ਨੇ ਦੱਸਿਆ ਕਿ ਫਰੀਦਾਬਾਦ ਪੁਲਸ ਦੀ ਟੀਮ ਟਰੈਕਟਰ-ਟਰਾਲੀ ਚੋਰੀ ਦੇ ਮਾਮਲੇ 'ਚ ਸ਼ਾਮਲ ਮੁਲਜ਼ਮ ਨੂੰ ਫੜ੍ਹਨ ਲਈ ਪਿੰਡ ਗਈ ਸੀ। ਮੁਲਜ਼ਮਾਂ ਨੇ ਪੁਲੀਸ ਮੁਲਾਜ਼ਮਾਂ ਨੂੰ ਬੰਦੂਕ ਦੀ ਨੋਕ 'ਤੇ ਇੱਕ



ਘਰ ਵਿੱਚ 2 ਘੰਟੇ ਤੱਕ ਬੰਧਕ ਬਣਾ ਕੇ ਰੱਖਿਆ। ਇੰਨਾ ਹੀ ਨਹੀਂ ਮੁਲਜ਼ਮਾਂ ਨੇ ਪੁਲੀਸ ਮੁਲਾਜ਼ਮਾਂ ਦੇ ਮੋਬਾਈਲ ਫੋਨ, ਨਕਦੀ ਤੇ ਹੋਰ ਸਾਮਾਨ ਵੀ ਖੋਹ ਲਿਆ।

ਪੁਲਸ ਨੇ ਦੱਸਿਆ ਕਿ ਸੂਚਨਾ ਮਿਲਦੇ ਹੀ ਥਾਣਾ ਨੂਹ ਪੁਲਸ ਦੀ ਟੀਮ ਮੌਕੇ 'ਤੇ ਪਹੁੰਚੀ ਅਤੇ ਜ਼ਖਮੀ ਪੁਲਸ ਕਰਮਚਾਰੀਆਂ ਨੂੰ ਹਸਪਤਾਲ ਪਹੁੰਚਾਇਆ। ਪੁਲੀਸ ਟੀਮ ਦੇ ਇੰਚਾਰਜ ਸਬ-ਇੰਸਪੈਕਟਰ ਦੀ ਸ਼ਿਕਾਇਤ 'ਤੇ 15 ਨੌਜਵਾਨਾਂ ਅਤੇ 30 ਦੇ ਕਰੀਬ ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਥਾਣਾ ਪੁਨਹਾਣਾ ਵਿਖੇ ਕੇਸ ਦਰਜ ਕੀਤਾ ਗਿਆ ਹੈ। ਪੁਲਸ ਨੇ ਦੱਸਿਆ ਕਿ ਇਨ੍ਹਾਂ ਖਿਲਾਫ ਆਈਪੀਸੀ ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕਰ ਲਿਆ ਗਿਆ ਹੈ। ਏਜੰਸੀ ਮੁਤਾਬਕ ਨੂਹ ਦੇ ਐਸਪੀ ਵਰੁਣ ਸਿੰਗਲਾ ਨੇ ਦੱਸਿਆ ਕਿ ਸਾਰੇ ਮੁਲਜ਼ਮ ਫਰਾਰ ਹਨ। ਸਾਡੀਆਂ ਟੀਮਾਂ ਸ਼ੱਕੀ ਥਾਵਾਂ 'ਤੇ ਛਾਪੇਮਾਰੀ ਕਰ ਰਹੀਆਂ ਹਨ। ਜਲਦੀ ਹੀ ਉਸ ਨੂੰ ਗ੍ਰਿਫਤਾਰ ਕਰ ਲਿਆ ਜਾਵੇਗਾ।

# ਕੇਰਲ 'ਚ ਕੋਵਿਡ ਦੇ ਕੇਸਾਂ ਵਿਚ ਵਾਧੇ ਕਾਰਨ ਸਰਕਾਰ ਨੇ ਸਾਰੇ ਜ਼ਿਲਿਆਂ ਨੂੰ ਕੀਤਾ ਅਲਰਟ

ਤਿਰੂਵਨੰਤਪੁਰਮ, 23 ਮਾਰਚ (ਪੋਸਟ ਬਿਊਰੋ): ਕੇਰਲ ਵਿੱਚ ਕੋਵਿਡ-19 ਦੇ ਮਾਮਲਿਆਂ ਵਿਚ ਮਾਮੂਲੀ ਵਾਧਾ ਦਰਜ ਕੀਤਾ ਗਿਆ ਹੈ, ਜਿਸ ਦੇ ਮੱਦੇਨਜ਼ਰ ਰਾਜ ਸਰਕਾਰ ਨੇ ਬੁੱਧਵਾਰ ਨੂੰ ਸਾਰੇ ਜਿਲਿਆਂ ਨੂੰ ਚੌਕਸ ਰਹਿਣ ਦੇ ਨਿਰਦੇਸ਼ ਦਿੱਤੇ ਹਨ। ਸਿਹਤ ਮੰਤਰੀ ਵੀਨਾ ਜਾਰਜ ਨੇ ਇੱਥੇ ਜਾਰੀ ਇੱਕ ਬਿਆਨ ਵਿੱਚ ਕਿਹਾ ਕਿ ਕੋਵਿਡ -19 ਸੰਕਰਮਿਤਾਂ ਦੀ ਗਿਣਤੀ ਵਿੱਚ ਮਾਮੂਲੀ ਵਾਧਾ ਹੋਇਆ ਹੈ ਅਤੇ ਮੰਗਲਵਾਰ ਨੂੰ ਸੰਕਰਮਣ ਦੇ 172 ਨਵੇਂ ਮਾਮਲੇ ਸਾਹਮਣੇ ਆਏ ਹਨ। ਉਨ੍ਹਾਂ ਦੱਸਿਆ ਕਿ ਤਿਰੂਵਨੰਤਪੁਰਮ ਅਤੇ ਏਰਨਾਕੁਲਮ ਜ਼ਿਲਿਆਂ ਵਿੱਚ ਇਲਾਜ ਅਧੀਨ ਮਰੀਜ਼ਾਂ ਦੀ ਗਿਣਤੀ ਮੁਕਾਬਲਤਨ ਜ਼ਿਆਦਾ ਹੈ। ਮੰਤਰੀ ਨੇ ਕਿਹਾ, "ਰਾਜ ਵਿੱਚ ਕੋਵਿਡ -19 ਦੇ



ਇਲਾਜ ਅਧੀਨ ਮਰੀਜ਼ਾਂ ਦੀ ਗਿਣਤੀ 1,026 ਹੈ, ਜਿਨ੍ਹਾਂ ਵਿੱਚੋਂ 111 ਹਸਪਤਾਲਾਂ ਵਿੱਚ ਇਲਾਜ ਅਧੀਨ ਹਨ। ਸਾਰੇ ਜ਼ਿਲ੍ਹਿਆਂ ਨੂੰ ਅਲਰਟ ਕਰ ਦਿੱਤਾ ਗਿਆ ਹੈ।

ਜਾਰਜ ਦੀ ਪ੍ਰਧਾਨਗੀ ਹੇਠ ਇੱਕ ਉੱਚ ਪੱਧਰੀ ਮੀਟਿੰਗ ਵੀ ਕੀਤੀ ਗਈ, ਜਿਸ ਵਿੱਚ ਸੂਬੇ ਵਿੱਚ ਕੋਵਿਡ-19 ਦੀ ਸਥਿਤੀ ਦਾ ਜਾਇਜ਼ਾ ਲਿਆ ਗਿਆ। ਸਿਹਤ ਵਿਭਾਗ ਨੇ ਲੋਕਾਂ ਨੂੰ ਸਾਵਧਾਨੀ ਵਰਤਣ ਦੀ ਅਪੀਲ ਕੀਤੀ ਹੈ ਅਤੇ ਇਨਫੈਕਸ਼ਨ ਤੋਂ ਬਚਣ ਲਈ ਮਾਸਕ ਪਹਿਨਣ ਦੀ ਸਲਾਹ ਦਿੱਤੀ ਹੈ। ਜਾਰਜ ਨੇ ਕਿਹਾ, "ਹੋਰ ਬਿਮਾਰੀਆਂ ਤੋਂ ਪੀੜਤ ਲੋਕਾਂ, ਬਜ਼ੁਰਗਾਂ, ਬੱਚਿਆਂ ਅਤੇ ਗਰਭਵਤੀ ਔਰਤਾਂ ਨੂੰ ਵਿਸ਼ੇਸ਼ ਸਾਵਧਾਨੀ ਵਰਤਣੀ ਚਾਹੀਦੀ ਹੈ। ਉਨ੍ਹਾਂ ਨੂੰ ਜਨਤਕ ਥਾਵਾਂ 'ਤੇ ਮਾਸਕ ਪਹਿਨਣੇ ਚਾਹੀਦੇ ਹਨ। ਹਸਪਤਾਲ ਆਉਣ ਵਾਲੇ ਲੋਕਾਂ ਨੂੰ ਵੀ ਮਾਸਕ ਪਹਿਨਣੇ ਚਾਹੀਦੇ ਹਨ।

# ਜਿਨਪਿੰਗ ਨਾਲ ਮੁਲਾਕਾਤ ਦੌਰਾਨ ਪੁਤਿਨ ਨੇ ਕਿਹਾ, 'ਯੂਕਰੇਨ ਨਾਲ ਗੱਲਬਾਤ ਲਈ ਹਰ ਸਮੇਂ ਤਿਆਰ'




ਮਾਸਕੋ, 23 ਮਾਰਚ (ਪੋਸਟ ਬਿਊਰੋ): ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਕ੍ਰੇਮਲਿਨ ਵਿੱਚ ਆਪਣੇ ਚੀਨੀ ਹਮਰੁਤਬਾ ਸ਼ੀ ਜਿਨਪਿੰਗ ਨਾਲ ਮੁਲਾਕਾਤ ਦੌਰਾਨ ਕਿਹਾ ਕਿ ਉਨ੍ਹਾਂ ਦਾ ਦੇਸ਼ ਕਿਸੇ ਵੀ ਸਮੇਂ ਗੱਲਬਾਤ ਲਈ ਤਿਆਰ ਹੈ। ਪੁਤਿਨ ਨੇ ਯੂਕਰੇਨ ਸੰਕਟ ਨੂੰ ਸੁਲਝਾਉਣ ਲਈ ਚੀਨ ਦੀ ਯੋਜਨਾ ਦੇ ਜਵਾਬ ਵਿੱਚ ਸੋਮਵਾਰ ਨੂੰ ਇਹ ਟਿੱਪਣੀਆਂ ਕੀਤੀਆਂ। ਇਹ ਯੋਜਨਾ ਕਥਿਤ ਤੌਰ 'ਤੇ ਫਰਵਰੀ ਵਿਚ ਚੀਨ ਦੁਆਰਾ ਰੂਸ-ਯੂਕਰੇਨ ਯੁੱਧ ਨੂੰ ਖਤਮ ਕਰਨ ਦੇ ਉਦੇਸ਼ ਨਾਲ ਜਾਰੀ ਕੀਤੀ ਗਈ ਸੀ। ਹਾਲਾਂਕਿ ਅਮਰੀਕਾ ਨੇ ਇਸ ਦੇ ਖਿਲਾਫ ਚਿਤਾਵਨੀ ਦਿੱਤੀ ਸੀ। ਬ੍ਰਿਟਿਸ਼ ਬ੍ਰੌਡਕਾਸਟਰ ਨੇ ਅਮਰੀਕੀ ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਦੇ ਹਵਾਲੇ ਨਾਲ ਕਿਹਾ, "ਦੁਨੀਆ ਨੂੰ ਆਪਣੀਆਂ ਸ਼ਰਤਾਂ 'ਤੇ ਜੰਗ ਨੂੰ ਰੋਕਣ ਲਈ ਚੀਨ ਜਾਂ ਕਿਸੇ ਹੋਰ ਦੇਸ਼ ਦੀ ਹਮਾਇਤ ਵਾਲੇ ਰੂਸ ਦੁਆਰਾ ਕਿਸੇ ਵੀ ਰਣਨੀਤਕ ਕਦਮ ਨਾਲ ਮੂਰਖ ਨਹੀਂ ਬਣਾਇਆ ਜਾਣਾ ਚਾਹੀਦਾ ਹੈ।"

ਸੋਮਵਾਰ ਨੂੰ ਦੋਹਾਂ ਨੇਤਾਵਾਂ ਵਿਚਾਲੇ ਸਾਢੇ ਚਾਰ ਘੰਟੇ ਤੱਕ ਗੱਲਬਾਤ ਚੱਲੀ। ਸ਼ੀ, ਜਿਸ ਨੇ ਪੁਤਿਨ ਨੂੰ "ਪਿਆਰਾ ਦੋਸਤ" ਕਿਹਾ, ਆਪਣੇ ਰੂਸੀ ਹਮਰੁਤਬਾ ਦੀ ਪ੍ਰਸ਼ੰਸਾ ਕਰਦੇ ਹੋਏ ਕਿਹਾ ਕਿ ਦੇਸ਼ ਨੇ ਉਨ੍ਹਾਂ ਦੀ ਅਗਵਾਈ ਵਿੱਚ ਸ਼ਾਨਦਾਰ ਤਰੱਕੀ ਕੀਤੀ ਹੈ। ਦੋਵਾਂ ਧਿਰਾਂ ਨੇ ਯੂਕਰੇਨ ਮੁੱਦੇ 'ਤੇ ਵਿਚਾਰਾਂ ਦਾ ਆਦਾਨ-ਪ੍ਰਦਾਨ ਕੀਤਾ।

ਦੱਸ ਦੇਈਏ ਕਿ ਰੂਸ ਅਤੇ ਯੂਕਰੇਨ ਵਿਚਾਲੇ ਚੱਲ ਰਹੀ ਜੰਗ ਨੂੰ 1 ਸਾਲ ਤੋਂ ਵੱਧ ਦਾ ਸਮਾਂ ਬੀਤ ਚੁੱਕਾ ਹੈ। ਇਸ ਦੇ ਬਾਵਜੂਦ ਨਾ ਤਾਂ ਯੂਕਰੇਨ ਅਤੇ ਨਾ ਹੀ ਰੂਸ ਪਿੱਛੇ ਹਟਣ ਨੂੰ ਤਿਆਰ ਹੈ। ਅਜਿਹੇ 'ਚ ਰੂਸ ਯੂਕਰੇਨ 'ਤੇ ਲਗਾਤਾਰ ਬੰਬਾਰੀ ਕਰ ਰਿਹਾ ਹੈ।

# ਜਾਪਾਨ ਦੇ ਪ੍ਰਧਾਨ ਮੰਤਰੀ ਫੂਮਿਉ ਮਿਲੇ ਜੈਲੇਂਸਕੀ ਨੂੰ, ਅਹਿਮ ਮੁੱਦਿਆਂ 'ਤੇ ਕੀਤੀ ਚਰਚਾ



ਕੀਵ, 23 ਮਾਰਚ (ਪੋਸਟ ਬਿਊਰੋ): ਜਾਪਾਨ ਦੇ ਪ੍ਰਧਾਨ ਮੰਤਰੀ ਫੂਮਿਉ ਕਿਸ਼ਿਦਾ ਯੂਕਰੇਨ ਦੇ ਦੌਰੇ 'ਤੇ ਹਨ। ਇਸ ਦੌਰਾਨ ਮੰਗਲਵਾਰ ਨੂੰ ਉਨ੍ਹਾਂ ਨੇ ਕੀਵ 'ਚ ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੇਂਸਕੀ ਨਾਲ ਮੁਲਾਕਾਤ ਕੀਤੀ। ਇਸ ਮੁਲਾਕਾਤ 'ਚ ਦੋਹਾਂ ਨੇਤਾਵਾਂ ਨੇ ਕਈ ਅਹਿਮ ਮੁੱਦਿਆਂ 'ਤੇ ਚਰਚਾ ਕੀਤੀ, ਜਿਸ 'ਚ ਯੂਕਰੇਨ 'ਤੇ ਰੂਸ ਦੇ ਹਮਲੇ ਦੀ ਨਿੰਦਾ ਕੀਤੀ ਗਈ। ਤੁਹਾਨੂੰ ਦੱਸ ਦੇਈਏ ਕਿ ਭਾਰਤ ਦੌਰੇ ਤੋਂ ਬਾਅਦ ਜਾਪਾਨ ਦੇ ਪ੍ਰਧਾਨ ਮੰਤਰੀ ਫੂਮਿਉ ਕਿਸ਼ਿਦਾ ਯੂਕਰੇਨ ਦੇ ਦੌਰੇ 'ਤੇ ਗਏ ਸਨ।

ਦੋਹਾਂ ਨੇਤਾਵਾਂ ਦੀ ਗੱਲਬਾਤ ਤੋਂ ਬਾਅਦ ਜਾਰੀ ਸਾਂਝੇ ਬਿਆਨ 'ਚ ਰੂਸ ਦੇ ਹਮਲੇ ਦੀ ਆਲੋਚਨਾ ਕੀਤੀ ਗਈ। ਬਿਆਨ 'ਚ ਕਿਹਾ ਗਿਆ ਹੈ ਕਿ ਰੂਸ ਦਾ ਹਮਲਾ ਕੌਮਾਂਤਰੀ ਵਿਵਸਥਾ ਦੀ ਉਲੰਘਣਾ ਕਰਦਾ ਹੈ, ਜੋ ਕਿ ਨਿਆਂ 'ਤੇ ਆਧਾਰਿਤ ਹੈ। ਇਸ ਦੇ ਨਾਲ ਹੀ ਇਹ ਸੰਯੁਕਤ ਰਾਸ਼ਟਰ ਚਾਰਟਰ ਦੇ ਬੁਨਿਆਦੀ ਸਿਧਾਂਤਾਂ, ਖਾਸ ਕਰਕੇ ਪ੍ਰਭੂਸੱਤਾ ਅਤੇ ਖੇਤਰੀ ਅਖੰਡਤਾ ਦੀ ਵੀ ਉਲੰਘਣਾ ਹੈ।

ਫੂਮਿਉ ਤੇ ਜੈਲੇਂਸਕੀ ਵੀ ਦੋਹਾਂ ਦੇਸ਼ਾਂ ਦਰਮਿਆਨ ਸਹਿਯੋਗ ਵਧਾਉਣ ਲਈ ਸਹਿਮਤ ਹੋਏ। ਉਨ੍ਹਾਂ ਕਿਹਾ ਕਿ ਰੂਸ ਦੇ ਕਬਜ਼ੇ ਵਾਲੇ ਯੂਕਰੇਨ ਦੇ ਖੇਤਰਾਂ ਨੂੰ ਮਾਨਤਾ ਨਹੀਂ ਦਿੱਤੀ ਜਾਣੀ ਚਾਹੀਦੀ ਅਤੇ ਰੂਸ ਨੂੰ ਯੂਕਰੇਨ ਦੇ ਪੂਰੇ ਖੇਤਰ ਤੋਂ ਫੌਜਾਂ ਨੂੰ ਵਾਪਸ ਬੁਲਾ ਲੈਣਾ ਚਾਹੀਦਾ ਹੈ। ਸਾਂਝੇ ਬਿਆਨ ਵਿੱਚ ਯੂਕਰੇਨ ਦੇ ਰਿਹਾਇਸ਼ੀ, ਬੁਨਿਆਦੀ ਢਾਂਚੇ ਅਤੇ ਊਰਜਾ ਸਹੂਲਤਾਂ ਉੱਤੇ ਰੂਸ ਦੇ ਹਮਲਿਆਂ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਗਈ ਹੈ। ਦੱਸ ਦੇਈਏ ਕਿ ਜਾਪਾਨ ਦੇ ਪ੍ਰਧਾਨ ਮੰਤਰੀ ਯੂਕਰੇਨ ਦੇ ਦੌਰੇ 'ਤੇ ਅਜਿਹੇ ਸਮੇਂ ਗਏ ਹਨ, ਜਦੋਂ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਰੂਸ ਦੇ ਦੌਰੇ 'ਤੇ ਗਏ ਹੋਏ ਹਨ। ਮਈ 'ਚ ਜਾਪਾਨ 'ਚ ਜੀ-7 ਸੰਮੇਲਨ ਹੋਣਾ ਹੈ। ਅਜਿਹੇ 'ਚ ਮੰਨਿਆ ਜਾ ਰਿਹਾ ਹੈ ਕਿ ਯੂਕਰੇਨ ਦੇ ਰਾਸ਼ਟਰਪਤੀ ਵੀ ਇਸ ਸੰਮੇਲਨ 'ਚ ਹਿੱਸਾ ਲੈ ਸਕਦੇ ਹਨ।

# ਕੈਲੀਫੋਰਨੀਆ ਵਿੱਚ ਭਾਰੀ ਮੀਂਹ ਤੇ ਬਰਫਬਾਰੀ ਨਾਲ ਤਬਾਹੀ, ਲੋਕ ਕਰ ਰਹੇ ਹੜ੍ਹਾਂ ਦਾ ਸਾਹਮਣਾ



ਸੈਨ ਫਰਾਂਸਿਸਕੋ, 23 ਮਾਰਚ (ਪੋਸਟ ਬਿਊਰੋ): ਕੈਲੀਫੋਰਨੀਆ ਵਿੱਚ ਭਾਰੀ ਮੀਂਹ ਅਤੇ ਬਰਫ਼ਬਾਰੀ ਜਾਰੀ ਹੈ, ਜਿਸ ਕਾਰਨ ਲੋਕਾਂ ਨੂੰ ਹੜ੍ਹਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਬਿਜਲੀ ਗੁੱਲ ਰਹੀ ਅਤੇ ਕਈ ਘੰਟੇ ਆਵਾਜਾਈ ਠੱਪ ਰਹੀ। ਯੂਐਸ ਨੈਸ਼ਨਲ ਵੈਦਰ ਸਰਵਿਸ ਅਨੁਸਾਰ, ਭਾਰੀ ਮੀਂਹ, ਬਰਫ਼ਬਾਰੀ ਅਤੇ ਤੇਜ਼ ਹਵਾਵਾਂ ਦੇ ਇੱਕ ਹੋਰ ਦੌਰ ਨਾਲ ਮੰਗਲਵਾਰ ਨੂੰ ਪੱਛਮੀ ਤੱਟ ਦੇ ਨਾਲ ਇੱਕ ਗੰਭੀਰ ਤੂਫਾਨ ਅੱਗੇ ਵਧਿਆ। ਭਾਰੀ ਮੀਂਹ ਦੱਖਣੀ ਕੈਲੀਫੋਰਨੀਆ ਵਿੱਚ ਕੇਂਦਰਿਤ ਹੋਣ ਦੀ ਸੰਭਾਵਨਾ ਹੈ।

ਸਾਂਤਾ ਬਾਰਬਰਾ, ਵੈਂਚੁਰਾ ਅਤੇ ਲਾਸ ਏਂਜਲਸ ਕਾਉਂਟੀਆਂ ਲਈ ਹੜ੍ਹ ਦੀ ਸਲਾਹ ਜਾਰੀ ਕੀਤੀ ਗਈ ਹੈ। ਜਿਵੇਂ ਕਿ ਬਾਰਸ਼ ਦੀ ਦਰ ਵਧਦੀ ਹੈ, ਉਸੇ ਤਰ੍ਹਾਂ ਹੇਠਾਂ ਡਿੱਗਣ, ਹੜ੍ਹਾਂ ਅਤੇ ਜ਼ਮੀਨ ਖਿਸਕਣ ਦਾ ਖ਼ਤਰਾ ਵਧੇਗਾ। ਤੁਹਾਨੂੰ ਦੱਸ ਦਈਏ, ਸਿਰਫ ਛੇ ਮਹੀਨੇ ਪਹਿਲਾਂ ਕੈਲੀਫੋਰਨੀਆ ਵਿੱਚ ਬਹੁਤ ਜ਼ਿਆਦਾ ਸੋਕਾ ਪਿਆ ਸੀ, ਜੋ ਤਿੰਨ ਸਾਲ ਤੱਕ ਚੱਲਿਆ। ਹੁਣ ਇਸ ਮੌਸਮ ਵਿੱਚ ਘੱਟੋ-ਘੱਟ 11 ਵਾਯੂਮੰਡਲ ਦਰਿਆਵਾਂ ਨੇ ਰਾਜ ਨੂੰ ਪ੍ਰਭਾਵਿਤ ਕੀਤਾ ਹੈ, ਜਿਸ ਨਾਲ ਭਾਰੀ ਮੀਂਹ, ਬਰਫ਼ਬਾਰੀ, ਹੜ੍ਹ ਅਤੇ ਜ਼ਮੀਨ ਖਿਸਕਣ ਦੀਆਂ ਘਟਨਾਵਾਂ ਵਾਪਰੀਆਂ ਹਨ।

# ਅਮਰੀਕਾ ਦੀ ਇੰਡੋ-ਪੈਸੀਫਿਕ ਰਣਨੀਤੀ ਦਾ ਚੀਨ ਤੇ ਰੂਸ ਸਾਂਝੇ ਤੌਰ 'ਤੇ ਕਰਨਗੇ ਮੁਕਾਬਲਾ

ਬੀਜਿੰਗ/ਮਾਸਕੋ, 23 ਮਾਰਚ (ਪੋਸਟ ਬਿਊਰੋ): ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਨੇ ਬੁੱਧਵਾਰ ਨੂੰ ਰੂਸ ਦੀ ਆਪਣੀ ਯਾਤਰਾ ਦੀ ਸਮਾਪਤੀ ਕੀਤੀ ਅਤੇ ਆਪਣੇ ਰੂਸੀ ਹਮਰੁਤਬਾ ਵਲਾਦੀਮੀਰ ਪੁਤਿਨ ਨਾਲ ਅਮਰੀਕਾ ਦੀ ਇੰਡੋ-ਪੈਸੀਫਿਕ ਰਣਨੀਤੀ ਦਾ ਮੁਕਾਬਲਾ ਕਰਨ ਲਈ "ਬਰਾਬਰ, ਖੁੱਲ੍ਹੀ ਅਤੇ ਸੰਮਲਿਤ ਸੁਰੱਖਿਆ ਪ੍ਰਣਾਲੀ" ਬਣਾਉਣ ਲਈ ਸਹਿਮਤੀ ਪ੍ਰਗਟਾਈ। ਸ਼ੀ ਨੇ ਪੁਤਿਨ ਨਾਲ ਡੂੰਘਾਈ ਨਾਲ ਵਿਚਾਰ ਵਟਾਂਦਰਾ ਕੀਤਾ, ਜਿਸ ਤੋਂ ਬਾਅਦ ਨੇਤਾਵਾਂ ਨੇ "ਨਵੇਂ ਯੁੱਗ ਲਈ ਤਾਲਮੇਲ ਦੀ ਵਿਆਪਕ ਰਣਨੀਤਕ ਭਾਈਵਾਲੀ" ਅਤੇ "ਚੀਨ-ਰੂਸ ਆਰਥਿਕ ਸਹਿਯੋਗ ਵਿੱਚ ਤਰਜੀਹਾਂ 'ਤੇ 2030 ਤੋਂ ਪਹਿਲਾਂ ਦੀ ਵਿਕਾਸ ਯੋਜਨਾ" ਨੂੰ ਡੂੰਘਾ ਕਰਨ ਲਈ ਦੋ ਮੀਟਿੰਗਾਂ ਕੀਤੀਆਂ।

ਸ਼ੀ ਜਿਨਪਿੰਗ ਨੇ ਯੂਕਰੇਨ ਸੰਘਰਸ਼ ਵਿੱਚ ਸ਼ਾਂਤੀ ਬਣਾਉਣ ਵਾਲੇ ਵਜੋਂ ਆਪਣੀ ਭੂਮਿਕਾ ਨੂੰ ਪ੍ਰਦਰਸ਼ਿਤ ਕਰਨ ਲਈ ਮਾਸਕੋ ਦੀ ਤਿੰਨ ਦਿਨਾਂ ਦੀ ਯਾਤਰਾ ਕੀਤੀ। ਉਸ ਨੇ ਇਸ ਦਿਸ਼ਾ ਵਿੱਚ ਸ਼ਾਂਤੀ ਵਾਰਤਾ ਦੀ ਯੋਜਨਾ ਨੂੰ ਅੱਗੇ ਵਧਾਉਣ ਦੀ ਮੰਗ ਕੀਤੀ, ਜਿਸ ਨੂੰ ਯੂਕਰੇਨ ਦੇ ਮੁੱਖ ਸਹਿਯੋਗੀ ਅਮਰੀਕਾ ਤੋਂ ਠੰਢਾ ਹੁੰਗਾਰਾ ਮਿ-ਲਿਆ। ਮਾਰਚ 2013 ਵਿੱਚ ਪਹਿਲੀ ਵਾਰ ਚੀਨ ਦਾ ਰਾਸ਼ਟਰਪਤੀ ਬਣਨ ਤੋਂ ਬਾਅਦ ਸ਼ੀ ਦੀ ਰੂਸ ਦੀ ਯਾਤਰਾ ਨੂੰ "ਦੋਸਤੀ, ਸਹਿਯੋਗ ਅਤੇ ਸ਼ਾਂਤੀ" ਦੀ ਯਾਤਰਾ ਦੱਸਿਆ ਗਿਆ ਹੈ।

ਚੀਨ ਨੇ ਬੁੱਧਵਾਰ ਨੂੰ ਕਿਹਾ ਕਿ ਰਾਸ਼ਟਰਪਤੀ ਸ਼ੀ ਦੀ ਰੂਸ ਦੀ ਹਾਲ ਹੀ ਵਿੱਚ ਸਮਾਪਤ ਹੋਈ ਰਾਜ ਯਾਤਰਾ "ਦੋਸਤੀ, ਸਹਿਯੋਗ ਅਤੇ ਸ਼ਾਂਤੀ ਦੀ ਯਾਤਰਾ" ਸੀ। ਚੀਨੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਵੈਂਗ ਵੇਨਬਿਨ ਨੇ ਕਿਹਾ ਕਿ ਚੀਨ ਯੂਕਰੇਨ ਸੰਘਰਸ਼ ਵਿੱਚ ਨਿਰਪੱਖ ਹੈ ਅਤੇ ਉਸਨੇ ਦੁਹਰਾਇਆ ਕਿ ਬੀਜਿੰਗ "ਯੂਕਰੇਨ ਮੁੱਦੇ 'ਤੇ ਕੋਈ ਸੁਆਰਥੀ ਇਰਾਦਾ ਨਹੀਂ ਰੱਖਦਾ ਹੈ, ਮੂਕ ਦਰਸ਼ਕ ਨਹੀਂ ਬਣਿਆ ਹੋਇਆ ਹੈ। ਜਾਂ ਇਸ ਮੌਕੇ ਦਾ ਫਾਇਦਾ ਨਹੀਂ ਉਠਾ ਰਿਹਾ ਹੈ"। ਵਾਂਗ ਨੇ ਕਿਹਾ, "ਰਾਸ਼ਟਰਪਤੀ ਸ਼ੀ ਜਿਨਪਿੰਗ ਦੀ ਰੂਸ ਦੀ ਯਾਤਰਾ ਦੋਸਤੀ, ਸਹਿਯੋਗ ਅਤੇ ਸ਼ਾਂਤੀ ਦੀ ਯਾਤਰਾ ਹੈ, ਜਿਸ ਨੂੰ ਅੰਤਰਰਾਸ਼ਟਰੀ ਭਾਈਚਾਰੇ ਤੋਂ ਸਕਾਰਾਤਮਕ ਹੁੰਗਾਰਾ ਮਿਲਿਆ ਹੈ।"

ਚੀਨ ਵੱਲੋਂ ਜੰਗਬੰਦੀ ਅਤੇ ਗੱਲਬਾਤ ਦੀ ਮੰਗ ਕਰਦੇ ਹੋਏ ਪੇਸ਼ ਕੀਤੇ ਗਏ 12 ਸੂਤਰੀ ਸ਼ਾਂਤੀ ਪ੍ਰਸਤਾਵ ਦਾ ਜ਼ਿਕਰ ਕਰਦੇ ਹੋਏ ਬੁਲਾਰੇ ਨੇ ਕਿਹਾ, "ਯੂਕਰੇਨ ਮੁੱਦੇ ਦੇ ਸਿਆਸੀ ਹੱਲ ਨੂੰ ਅੱਗੇ ਵਧਾਉਣ ਲਈ ਚੀਨ ਉਸਾਰੂ ਭੂਮਿਕਾ ਨਿਭਾਉਂਦਾ ਰਹੇਗਾ ਅਤੇ ਰੂਸ ਨੇ ਇਸ 'ਤੇ ਗੰਭੀਰ ਚਿੰਤਾ ਪ੍ਰਗਟਾਈ ਹੈ। ਨਾਟੋ ਦਾ ਏਸ਼ੀਆ-ਪ੍ਰਸ਼ਾਂਤ ਦੇਸ਼ਾਂ ਦੇ ਨਾਲ ਫੌਜੀ-ਸੁਰੱਖਿਆ ਸਬੰਧਾਂ ਦਾ ਨਿਰੰਤਰ ਵਿਸਤਾਰ, ਜਿਸਦਾ ਇਹ ਕਹਿਣਾ ਹੈ ਕਿ ਖੇਤਰੀ ਸ਼ਾਂਤੀ ਅਤੇ ਸਥਿਰਤਾ ਨੂੰ ਕਮਜ਼ੋਰ ਕਰਦਾ ਹੈ।

# ਗੂਗਲ ਕਰਮਚਾਰੀਆਂ ਨੇ ਸੁੰਦਰ ਪਿਚਾਈ ਨੂੰ ਲਿਖਿਆ ਖੁੱਲ੍ਹਾ ਪੱਤਰ



ਵਾਸ਼ਿੰਗਟਨ, 23 ਮਾਰਚ (ਪੋਸਟ ਬਿਊਰੋ): ਗੂਗਲ ਦੁਆਰਾ 12,000 ਨੌਕਰੀਆਂ ਵਿੱਚ ਕਟੌਤੀ ਦੀ ਘੋਸ਼ਣਾ ਤੋਂ ਬਾਅਦ ਮੂਲ ਕੰਪਨੀ ਅਲਫਾਬੇਟ ਇਕ ਦੇ ਲਗਭਗ 1,400 ਕਰਮਚਾਰੀਆਂ ਨੇ ਛਾਂਟੀ ਦੀ ਪ੍ਰਕਿਰਿਆ ਦੌਰਾਨ ਬਿਹਤਰ ਇਲਾਜ ਦੀ ਮੰਗ ਕਰਦੇ ਹੋਏ ਇੱਕ ਖੁੱਲੇ ਪੱਤਰ 'ਤੇ ਹਸਤਾਖਰ ਕੀਤੇ ਹਨ। ਬਲੂਮਬਰਗ ਦੇ ਅਨੁਸਾਰ, 23 ਮਾਰਚ (ਪੋਸਟ ਬਿਊਰੋ): ਮੁੱਖ ਕਾਰਜਕਾਰੀ ਅਧਿਕਾਰੀ ਸੁੰਦਰ ਪਿਚਾਈ ਨੂੰ ਸੰਬੋਧਿਤ ਇੱਕ ਖੁੱਲੇ ਪੱਤਰ ਵਿੱਚ, ਕਰਮਚਾਰੀਆਂ ਨੇ ਕੰਪਨੀ ਦੀਆਂ ਕਈ ਮੰਗਾਂ ਰੱਖੀਆਂ। ਇਹਨਾਂ ਵਿੱਚ ਸ਼ਾਮਲ ਹਨ ਨਵੇਂ ਭਾੜੇ ਨੂੰ ਫ੍ਰੀਜ਼ ਕਰਨਾ, ਲਾਜ਼ਮੀ ਲੋਕਾਂ ਤੋਂ ਪਹਿਲਾਂ ਸਵੈ-ਇੱਛਤ ਅਸਤੀਫ਼ੇ ਦੀ ਲੋੜ, ਨਵੇਂ ਹਾਇਰਾਂ ਲਈ ਛਾਂਟੀ ਵਿੱਚ ਸ਼ਾਮਲ ਕਰਮਚਾਰੀਆਂ ਨੂੰ ਤਰਜੀਹ ਦੇਣਾ, ਅਤੇ ਕਰਮਚਾਰੀਆਂ ਦੀ ਅਦਾਇਗੀ ਛੁੱਟੀ (ਜਿਵੇਂ ਕਿ ਮਾਪਿਆਂ ਅਤੇ ਸੋਗ ਦੀ ਛੁੱਟੀ) ਨੂੰ ਇੱਕ ਨਿਸ਼ਚਿਤ ਸਮੇਂ ਲਈ ਖਤਮ ਹੋਣ ਦੇਣਾ ਸ਼ਾਮਲ ਹੈ।

ਕਾਮਿਆਂ ਨੇ ਅਲਫਾਬੇਟ ਨੂੰ ਮਨੁੱਖੀ ਸੰਕਟ ਵਾਲੇ ਦੇਸ਼ਾਂ (ਖਾਸ ਕਰਕੇ ਯੂਕਰੇਨ) ਤੋਂ ਕਰਮਚਾਰੀਆਂ ਨੂੰ ਨਾ ਕੱਢਣ ਲਈ ਵੀ ਕਿਹਾ ਹੈ। ਇਸ ਦੇ ਨਾਲ, ਇਸ ਨੇ ਕਰਮਚਾਰੀਆਂ ਨੂੰ ਨੌਕਰੀਆਂ ਗੁਆਉਣ ਦੇ ਜੋਖਮ ਦੇ ਨਾਲ-ਨਾਲ ਵੀਜ਼ਾ-ਲਿੰਕਡ ਰੈਜ਼ੀਡੈਂਸੀ ਲਈ ਵਾਧੂ ਸਹਾਇਤਾ ਪ੍ਰਦਾਨ ਕਰਨ ਦੀ ਮੰਗ ਕੀਤੀ ਹੈ। ਪੱਤਰ ਵਿੱਚ ਕਿਹਾ ਗਿਆ ਹੈ, "ਅਲਫਾਬੇਟ ਦੇ ਕਰਮਚਾਰੀਆਂ ਦੀ ਗਿਣਤੀ ਨੂੰ ਘਟਾਉਣ ਦੇ ਫੈਸਲੇ ਦੇ ਪ੍ਰਭਾਵ ਵਿਸ਼ਵਵਿਆਪੀ ਹਨ। ਕਿਤੇ ਵੀ ਕਰਮਚਾਰੀਆਂ ਦੀ ਆਵਾਜ਼ ਨੂੰ ਉਚਿਤ ਰੂਪ ਵਿੱਚ ਨਹੀਂ ਮੰਨਿਆ ਗਿਆ ਹੈ, ਅਤੇ ਅਸੀਂ ਜਾਣਦੇ ਹਾਂ ਕਿ ਅਸੀਂ ਇਕੱਲੇ ਨਾਲੋਂ ਜ਼ਿਆਦਾ ਮਜ਼ਬੂਤ ਹਾਂ।" ਜਨਵਰੀ ਵਿੱਚ, ਅਲਫਾਬੇਟ ਨੇ ਮਹਾਂਮਾਰੀ ਤੋਂ ਬਾਅਦ ਦੀ ਮੰਦੀ ਦੇ ਮੱਦੇਨਜ਼ਰ ਖਰਚਿਆਂ ਨੂੰ ਘਟਾਉਣ ਲਈ ਨਿਵੇਸ਼ਕਾਂ ਦੇ ਦਬਾਅ ਤੋਂ ਬਾਅਦ ਆਪਣੇ ਕਰਮਚਾਰੀਆਂ ਦੇ ਲਗਭਗ 6% ਦੀ ਕਟੌਤੀ ਕਰਨ ਦੀ ਯੋਜਨਾ ਦਾ ਐਲਾਨ ਕੀਤਾ। ਮੈਟਾ ਪਲੇਟਫਾਰਮ ਇੰਕ, ਐਮਾਜ਼ਾਨ ਡਾਟ ਕਾਮ ਇੰਕ ਅਤੇ ਮਾਈਕ੍ਰੋਸਾਫਟ ਕਾਰਪੋਰੇਸ਼ਨ ਹੋਰ ਤਕਨੀਕੀ ਦਿੱਗਜਾਂ ਵਿਚੋਂ ਹਨ, ਜਿਨ੍ਹਾਂ ਨੇ ਹਾਲ ਹੀ ਦੇ ਮਹੀਨਿਆਂ ਵਿੱਚ ਕਰਮਚਾਰੀਆਂ ਦੀ ਕਟੌਤੀ ਕੀਤੀ ਹੈ।

# ਯੂਗਾਂਡਾ ਦੇ ਸਮਲਿੰਗੀਆਂ ਵਿਰੁੱਧ ਸਰਕਾਰ ਦੀ ਸਖਤੀ, ਹੋ ਸਕਦੀ ਹੈ ਫਾਂਸੀ



ਕੰਪਾਲਾ, 23 ਮਾਰਚ (ਪੋਸਟ ਬਿਊਰੋ): ਅਫਰੀਕੀ ਦੇਸ਼ ਯੂਗਾਂਡਾ ਨੇ ਐਲਜੀਬੀਟੀਕਿਊ ਭਾਈਚਾਰੇ ਦੇ ਖਿਲਾਫ ਬੇਹੱਦ ਸਖਤ ਕਦਮ ਚੁੱਕਦੇ ਹੋਏ ਸਮਲਿੰਗਤਾ ਦੇ 'ਗੰਭੀਰ ਅਪਰਾਧਾਂ' ਲਈ ਮੌਤ ਦੀ ਸਜ਼ਾ ਦੀ ਵਿਵਸਥਾ ਕੀਤੀ ਹੈ। ਦੇਸ਼ ਦੀ ਸੰਸਦ ਵਿੱਚ ਸਮਲਿੰਗੀ ਸਬੰਧਾਂ ਨੂੰ ਅਪਰਾਧ ਬਣਾਉਣ ਵਾਲਾ ਇੱਕ ਬਿੱਲ ਪਾਸ ਕੀਤਾ ਗਿਆ ਹੈ, ਜੋ ਕਿ ਐਲਜੀਬੀਟੀਕਿਊ ਭਾਈਚਾਰੇ ਨੂੰ ਨਿਸ਼ਾਨਾ ਬਣਾਉਣ ਵਾਲੇ ਦੁਨੀਆ ਦੇ ਸਭ ਤੋਂ ਸਖ਼ਤ ਕਾਨੂੰਨਾਂ ਵਿੱਚੋਂ ਇੱਕ ਹੈ। ਇਸ 'ਤੇ ਸਖ਼ਤ ਪ੍ਰਤੀਕਿਰਿਆ ਦਿੰਦੇ ਹੋਏ ਅਮਰੀਕਾ ਨੇ ਯੂਗਾਂਡਾ ਨੂੰ ਪਾਬੰਦੀਆਂ ਦੀ ਧਮਕੀ ਦਿੱਤੀ ਹੈ।

ਯੂਗਾਂਡਾ ਵਿੱਚ ਸਮਲਿੰਗੀ ਪਹਿਲਾਂ ਹੀ ਕਾਨੂੰਨੀ ਵਿਤਕਰੇ ਅਤੇ ਭੀੜ ਦੀ ਹਿੰਸਾ ਦਾ ਸਾਹਮਣਾ ਕਰ ਰਹੇ ਹਨ, ਨਵੇਂ ਕਾਨੂੰਨ ਨਾਲ ਉਨ੍ਹਾਂ ਦੀਆਂ ਮੁਸ਼ਕਲਾਂ ਵਿੱਚ ਵਾਧਾ ਹੋਇਆ ਹੈ। ਯੂਗਾਂਡਾ ਸਮੇਤ 30 ਤੋਂ ਵੱਧ ਅਫਰੀਕੀ ਦੇਸ਼ ਪਹਿਲਾਂ ਹੀ ਸਮਲਿੰਗੀ ਸਬੰਧਾਂ 'ਤੇ ਪਾਬੰਦੀ ਲਗਾ ਚੁੱਕੇ ਹਨ।

ਨਵੇਂ ਕਾਨੂੰਨ ਦੇ ਸਮਰਥਕਾਂ ਦਾ ਕਹਿਣਾ ਹੈ ਕਿ ਐਲਜੀਬੀਟੀਕਿਊ ਭਾਈਚਾਰੇ ਦੇ ਲੋਕਾਂ ਨੂੰ ਸਜ਼ਾ ਮਿਲਣ ਦੀ ਲੋੜ ਹੈ। ਉਹ ਦਾਅਵਾ ਕਰਦੇ ਹਨ ਕਿ ਉਹ ਰਵਾਇਤੀ ਕਦਰਾਂ-ਕੀਮਤਾਂ ਲਈ ਖ਼ਤਰਾ ਹਨ। ਕਾਨੂੰਨ ਦੇ ਤਹਿਤ, ਲੋਕਾਂ ਨੂੰ ਸਮਲਿੰਗੀ ਸਬੰਧਾਂ ਨੂੰ 'ਪ੍ਰਮੋਟ ਕਰਨ ਅਤੇ ਉਕਸਾਉਣ', ਸਮਲਿੰਗੀ ਸਬੰਧਾਂ ਵਿੱਚ ਸ਼ਾਮਲ ਹੋਣ ਦੀ 'ਸਾਜ਼ਿਸ਼' ਕਰਨ 'ਤੇ ਪਾਬੰਦੀ ਹੋਵੇਗੀ। ਕਾਨੂੰਨ ਅਖੌਤੀ ਗੰਭੀਰ ਸਮਲਿੰਗੀ ਸਬੰਧਾਂ ਲਈ ਮੌਤ ਦੀ ਸਜ਼ਾ ਅਤੇ ਸਮਲਿੰਗੀ ਸੈਕਸ ਕਰਨ ਲਈ ਉਮਰ ਕੈਦ ਦੀ ਵਿਵਸਥਾ ਕਰਦਾ ਹੈ। ਕਾਨੂੰਨ ਵਿੱਚ ਵਧੇ ਹੋਏ ਸਮਲਿੰਗੀ ਸਬੰਧਾਂ ਦਾ ਮਤਲਬ ਹੈ 18 ਸਾਲ ਤੋਂ ਘੱਟ ਉਮਰ ਦੇ ਕਿਸੇ ਵਿਅਕਤੀ ਨਾਲ ਸੰਭੋਗ ਕਰਨਾ ਜਦ ਅਪਰਾਧੀ ਐਚਆਈਵੀ ਪਾਜੇਟਿਵ ਹੈ, ਉਦੋਂ ਸਮਲਿੰਗੀ ਸੈਕਸ ਨੂੰ ਗੰਭੀਰ ਮੰਨਿਆ ਜਾਂਦਾ ਹੈ।

ਇਕ ਰਿਪੋਰਟ ਦੇ ਮੁਤਾਬਕ, ਯੂਗਾਂਡਾ ਦੀ ਰਾਜਧਾਨੀ ਕੰਪਾਲਾ ਵਿੱਚ ਇੱਕ ਖਚਾਖਚ ਭਰੇ ਸੰਸਦੀ ਚੈਂਬਰ ਦੇ ਅੰਦਰ ਮੰਗਲਵਾਰ ਦੇਰ ਰਾਤ ਬਿੱਲ ਨੂੰ ਪਾਸ ਕੀਤਾ ਗਿਆ। ਸੰਸਦ ਦੇ ਸਾਰੇ 389 ਪ੍ਰਤੀਨਿਧੀਆਂ ਨੇ ਇਸ ਨੂੰ ਆਪਣਾ ਸਮਰਥਨ ਦਿੱਤਾ। ਇਹ ਕਾਨੂੰਨ ਹੁਣ ਯੂਗਾਂਡਾ ਦੇ ਰਾਸ਼ਟਰਪਤੀ ਯੋਵੇਰੀ ਮੁਸੇਵੇਨੀ ਕੋਲ ਜਾਵੇਗਾ ਜੋ ਜਾਂ ਤਾਂ ਬਿੱਲ ਨੂੰ ਵੀਟੋ ਕਰ ਸਕਦੇ ਹਨ ਜਾਂ ਇਸ 'ਤੇ ਦਸਤਖਤ ਕਰ ਸਕਦੇ ਹਨ। ਇਹ ਮੰਨਿਆ ਜਾਂਦਾ ਹੈ ਕਿ ਰਾਸ਼ਟਰਪਤੀ ਨਿਸ਼ਚਤ ਤੌਰ 'ਤੇ ਕਾਨੂੰਨ 'ਤੇ ਦਸਤਖਤ ਕਰ ਸਕਦੇ ਹਨ ਅਤੇ ਇਸਨੂੰ ਲਾਗੂ ਕਰ ਸਕਦੇ ਹਨ ਕਿਉਂਕਿ ਉਹ ਹਮੇਸ਼ਾ ਐਲਜੀਬੀਟੀਕਿਊ ਭਾਈਚਾਰੇ ਦੀ ਆਲੋਚਨਾ ਕਰਦੇ ਰਹੇ ਹਨ।

# ਨੇਪਾਲੀ ਲੜਕੀਆਂ ਨੂੰ ਭਾਰਤ ਲਿਆ ਕੇ ਕਰਵਾਇਆ ਜਾ ਰਿਹੈ ਦੇਹ ਵਪਾਰ



ਕਾਠਮੰਡੂ, 23 ਮਾਰਚ (ਪੋਸਟ ਬਿਊਰੋ): ਕੁਝ ਮਹੀਨੇ ਪਹਿਲਾਂ ਤੱਕ, ਨੇਪਾਲ ਦੀ ਰਹਿਣ ਵਾਲੀ 16 ਸਾਲਾ ਉਮਾ ਤਮੰਗ (ਬਦਲਿਆ ਹੋਇਆ ਨਾਮ) ਆਪਣੇ ਜੱਦੀ ਸ਼ਹਿਰ ਪੋਖਰਾ ਵਿੱਚ ਇੱਕ ਕੈਫੇ ਵਿੱਚ ਕੰਮ ਕਰਦੀ ਸੀ। ਇਸ ਦੌਰਾਨ ਉਮਾ ਦੀ ਫੇਸਬੁੱਕ ਰਾਹੀਂ ਆਯੂਸ਼ ਆਰੀਅਨ ਨਾਂ ਦੇ ਵਿਅਕਤੀ ਨਾਲ ਦੋਸਤੀ ਹੋ ਗਈ। ਜਦੋਂ ਆਯੂਸ਼ ਨੂੰ ਪਤਾ ਲੱਗਾ ਕਿ ਉਮਾ ਨੂੰ ਪੈਸਿਆਂ ਦੀ ਲੋੜ ਹੈ ਤਾਂ ਉਸ ਨੇ ਉਸ ਨੂੰ ਭਾਰਤ 'ਚ ਚੰਗੀ ਨੌਕਰੀ ਦੀ ਪੇਸ਼ਕਸ਼ ਕੀਤੀ। ਆਯੂਸ਼ ਨੇ ਉਮਾ ਨੂੰ ਕਿਹਾ ਕਿ ਉਹ ਉਸਨੂੰ ਇੱਕ ਬਿਊਟੀ ਪਾਰਲਰ ਵਿੱਚ ਨੌਕਰੀ ਦਿਵਾਏਗਾ, ਜਿਸ ਤੋਂ ਉਸਨੂੰ 30,000 ਰੁਪਏ ਪ੍ਰਤੀ ਮਹੀਨਾ ਮਿਲਣਗੇ। ਆਯੂਸ਼ ਦੀਆਂ ਗੱਲਾਂ 'ਤੇ ਆ ਕੇ ਉਮਾ ਭਾਰਤ ਆ ਗਈ ਅਤੇ ਸੈਕਸ ਵਰਕ ਦੀ ਦਲਦਲ 'ਚ ਫਸ ਗਈ। ਉਮਾ ਨੇ ਦੱਸਿਆ ਕਿ ਉਸ ਨੂੰ ਲੱਗਦਾ ਸੀ ਕਿ ਚੰਗੀ ਨੌਕਰੀ ਮਿਲਣ ਨਾਲ ਉਸ ਦੇ ਪਰਿਵਾਰ ਦੀ ਹਾਲਤ ਸੁਧਰ ਜਾਵੇਗੀ, ਇਸ ਲਈ ਉਹ ਭਾਰਤ ਆ ਗਈ। ਉਸ ਨੇ ਕਿਹਾ, 'ਮੈਂ ਬਹੁਤ ਉਤਸ਼ਾਹਿਤ ਸੀ। ਮੇਰੀ ਆਰਥਿਕ ਹਾਲਤ ਠੀਕ ਨਹੀਂ ਹੈ ਅਤੇ ਇਸ ਕਾਰਨ ਮੈਂ ਆਪਣੀ 10ਵੀਂ ਜਮਾਤ ਵੀ ਪੂਰੀ ਨਹੀਂ ਕਰ ਸਕੀ। ਇਸ ਲਈ ਜਦੋਂ ਉਸ ਨੇ ਮੈਨੂੰ ਦਿੱਲੀ ਵਿਚ ਨੌਕਰੀ ਦੀ ਪੇਸ਼ਕਸ਼ ਕੀਤੀ ਤਾਂ ਮੈਂ ਉਸ 'ਤੇ ਭਰੋਸਾ ਕੀਤਾ।

ਆਯੂਸ਼ ਮੁਤਾਬਕ ਉਮਾ ਨੇ ਪੋਖਰਾ ਤੋਂ ਕਾਠਮੰਡੂ ਦਾ ਸਫਰ ਕੀਤਾ ਜਿੱਥੇ ਉਸ ਦੀ ਮੁਲਾਕਾਤ ਇਕ ਔਰਤ ਨਾਲ ਹੋਈ ਜੋ ਉਸ ਨੂੰ ਦਿੱਲੀ ਲੈ ਕੇ ਜਾਣ ਵਾਲੀ ਸੀ। ਉਮਾ ਨੇ ਦੱਸਿਆ, 'ਉਸ ਦੇ ਨਾਲ ਦੋ ਹੋਰ ਲੜਕੀਆਂ ਸਨ। ਅਸੀਂ ਸਾਰਿਆਂ ਨੇ ਇਕੱਠੇ ਦਿੱਲੀ ਲਈ ਰਵਾਨਾ ਹੋਣਾ ਸੀ।

ਦਿੱਲੀ ਪਹੁੰਚ ਕੇ ਉਮਾ ਨੂੰ ਇੱਕ ਫਲੈਟ ਵਿੱਚ ਲਿਜਾਇਆ ਗਿਆ ਜਿੱਥੇ ਪਹਿਲਾਂ ਹੀ ਕਈ ਨੇਪਾਲੀ ਕੁੜੀਆਂ ਮੌਜੂਦ ਸਨ। ਲੜਕੀਆਂ ਨੇ ਉਸ ਨੂੰ ਦੱਸਿਆ ਕਿ ਉਸ ਨੂੰ ਬਿਊਟੀ ਪਾਰਲਰ ਵਿਚ ਕੰਮ ਕਰਨ ਲਈ ਨਹੀਂ ਸਗੋਂ ਸੈਕਸ ਵਰਕ ਲਈ ਦਿੱਲੀ ਲਿਆਂਦਾ ਗਿਆ ਸੀ।

ਉਮਾ ਨੇ ਦੱਸਿਆ, 'ਜਦੋਂ ਮੈਂ ਇਹ ਸੁਣਿਆ ਤਾਂ ਸਭ ਤੋਂ ਪਹਿਲਾਂ ਮੇਰੇ ਦਿਮਾਗ 'ਚ ਇਹੀ ਆਇਆ ਕਿ ਉੱਥੋਂ ਕਿਵੇਂ ਭੱਜਣਾ ਹੈ। ਪਰ ਮੈਨੂੰ ਉੱਥੋਂ ਭੱਜਣ ਦਾ ਕੋਈ ਰਸਤਾ ਨਹੀਂ ਲੱਭ ਰਿਹਾ ਸੀ। ਫਲੈਟ ਦੀ ਮਕਾਨ ਮਾਲਕਣ, ਜੋ ਮੈਂ ਮੰਨਦੀ ਹਾਂ ਕਿ ਇੱਕ ਨੇਪਾਲੀ ਸੀ, ਨੇ ਕੁੜੀਆਂ ਨੂੰ ਧਮਕੀ ਦਿੱਤੀ ਕਿ ਜੇਕਰ ਅਸੀਂ ਉਸਦੀ ਗੱਲ ਨਾ ਸੁਣੀ ਤਾਂ ਉਸ ਨੂੰ ਗੰਭੀਰ ਨਤੀਜੇ ਭੁਗਤਣੇ ਪੈਣਗੇ। ਇਸ ਤੋਂ ਬਾਅਦ ਮੈਨੂੰ ਹਰ ਰੋਜ਼ 6-10 ਬੰਦਿਆਂ ਨਾਲ ਸੌਣਾ ਪੈਂਦਾ ਸੀ। ਮੇਰੀ ਜ਼ਿੰਦਗੀ ਇੱਕ ਡਰਾਉਣੇ ਸੁਪਨੇ ਵਿੱਚ ਬਦਲ ਗਈ।

ਦਿੱਲੀ ਪੁਲਿਸ ਅਤੇ ਸਮਾਜਿਕ ਵਰਕਰਾਂ ਨੇ ਮਿਲ ਕੇ 18 ਮਾਰਚ ਨੂੰ ਉਮਾ ਸਮੇਤ 9 ਨੇਪਾਲੀ ਕੁੜੀਆਂ ਨੂੰ ਸੈਕਸ ਵਰਕ ਤੋਂ ਬਚਾਇਆ ਸੀ। ਔਰਤਾਂ ਨੂੰ ਸੈਕਸ ਵਰਕ ਦੇ ਜਾਲ ਤੋਂ ਛੁਡਾਉਣ ਵਾਲੇ ਸਮਾਜ ਸੇਵੀ ਨਵੀਨ ਜੋਸ਼ੀ ਦਾ ਕਹਿਣਾ ਹੈ ਕਿ ਦਿੱਲੀ ਸਮੇਤ ਭਾਰਤ ਦੇ ਕਈ ਸ਼ਹਿਰਾਂ ਵਿੱਚ ਨੇਪਾਲੀ ਕੁੜੀਆਂ ਨੂੰ ਏਜੰਟਾਂ ਦੁਆਰਾ ਲਿਆਇਆ ਜਾਂਦਾ ਹੈ ਅਤੇ ਸ਼ਹਿਰ ਵਿੱਚ ਕਿਰਾਏ 'ਤੇ ਫਲੈਟ ਦੇ ਕੇ ਉਨ੍ਹਾਂ ਨੂੰ ਸੈਕਸ ਕੰਮ ਲਈ ਮਜਬੂਰ ਕੀਤਾ ਜਾਂਦਾ ਹੈ।

# ਆਈਐਸਆਈ ਬ੍ਰਿਗੇਡੀਅਰ ਦੀ ਕਾਰ ਉਤੇ ਅੱਤਵਾਦੀ ਹਮਲਾ, ਮੌਤ



ਲਾਹੌਰ, 23 ਮਾਰਚ (ਪੋਸਟ ਬਿਊਰੋ): ਪਾਕਿਸਤਾਨ ਦੀ ਖੁਫੀਆ ਏਜੰਸੀ ਆਈਐਸਆਈ ਦਾ ਇੱਕ ਬ੍ਰਿਗੇਡੀਅਰ ਅਤੇ ਉਸ ਦਾ ਡਰਾਈਵਰ ਮੰਗਲਵਾਰ ਰਾਤ ਨੂੰ ਹੋਏ ਅੱਤਵਾਦੀ ਹਮਲੇ ਵਿੱਚ ਮਾ-ਰਿਆ ਗਿਆ। ਅੱਤਵਾਦੀਆਂ ਨੇ ਉਨ੍ਹਾਂ ਦੀ ਗੱਡੀ 'ਤੇ ਹਮਲਾ ਕੀਤਾ ਸੀ। ਇਹ ਹਮਲਾ ਉਸ ਸਮੇਂ ਕੀਤਾ ਗਿਆ ਜਦੋਂ ਉਨ੍ਹਾਂ ਦਾ ਕਾਫਲਾ ਅਫਗਾਨਿਸਤਾਨ ਤੋਂ ਵਾਪਸ ਆ ਰਿਹਾ ਸੀ।

ਫੌਜ ਦੇ ਮੀਡੀਆ ਵਿੰਗ ਇੰਟਰ-ਸਰਵਿਸਜ਼ ਪਬਲਿਕ ਰਿਲੇਸ਼ਨਜ਼ ਨੇ ਦੱਸਿਆ ਕਿ ਦੱਖਣੀ ਵਜ਼ੀਰਿਸਤਾਨ 'ਚ ਅੱਤਵਾਦੀ ਹਮਲੇ 'ਚ ਆਈਐੱਸਆਈ ਦੇ ਬ੍ਰਿਗੇਡੀਅਰ ਮੁਸਤਫਾ ਕਮਾਲ ਬਰਕੀ ਦੀ ਮੌਤ ਹੋ ਗਈ। ਇਸ ਘਟਨਾ ਤੋਂ ਬਾਅਦ ਦੋਵਾਂ ਪਾਸਿਆਂ ਤੋਂ ਭਾਰੀ ਮੁੱਠਭੇੜ ਹੋਈ। ਇਸ ਮੁਕਾਬਲੇ 'ਚ ਬ੍ਰਿਗੇਡੀਅਰ ਦੇ ਕਾਫਲੇ 'ਚ ਸ਼ਾਮਲ ਉਨ੍ਹਾਂ ਦੀ ਟੀਮ ਦੇ 7 ਮੈਂਬਰ ਜ਼ਖਮੀ ਹੋ ਗਏ, ਜਿਨ੍ਹਾਂ 'ਚੋਂ 2 ਦੀ ਹਾਲਤ ਕਾਫੀ ਗੰਭੀਰ ਦੱਸੀ ਜਾ ਰਹੀ ਹੈ। ਬਾਰਕੀ ਅਫਗਾਨਿਸਤਾਨ ਵਿੱਚ ਟੀਟੀਪੀ ਨਾਲ ਸ਼ਾਂਤੀ ਵਾਰਤਾ ਵਿੱਚ ਅਹਿਮ ਭੂਮਿਕਾ ਨਿਭਾ ਰਿਹਾ ਸੀ। ਅਜੇ ਤੱਕ ਕਿਸੇ ਵੀ ਅੱਤਵਾਦੀ ਸਮੂਹ ਨੇ ਇਸ ਹਮਲੇ ਦੀ ਜ਼ਿੰਮੇਵਾਰੀ ਨਹੀਂ ਲਈ ਹੈ।

# ਐਡਿਨਬਰਗ ਡੌਕਯਾਰਡ 'ਤੇ ਜਹਾਜ਼ ਪਲਟਿਆ, 25 ਜਣੇ ਜ਼ਖਮੀ



ਐਡਿਨਬਰਗ, 23 ਮਾਰਚ (ਪੋਸਟ ਬਿਊਰੋ): ਬੁੱਧਵਾਰ ਨੂੰ ਸਕਾਟਲੈਂਡ ਦੇ ਇੱਕ ਡੌਕਯਾਰਡ ਵਿੱਚ ਯਾਤਰੀਆਂ ਨਾਲ ਭਰਿਆ ਇੱਕ ਜਹਾਜ਼ ਅੰਸ਼ਕ ਤੌਰ 'ਤੇ ਪਲਟ ਗਿਆ। ਇਸ ਹਾਦਸੇ ਵਿੱਚ ਦੋ ਦਰਜਨ ਤੋਂ ਵੱਧ ਲੋਕ ਜ਼ਖ਼ਮੀ ਹੋ ਗਏ। ਸਕਾਟਿਸ਼ ਐਂਬੂਲੈਂਸ ਸੇਵਾ ਨੇ ਕਿਹਾ ਕਿ ਐਡਿਨਬਰਗ ਡੌਕਯਾਰਡ ਵਿਖੇ ਇੱਕ ਜਹਾਜ਼ ਦੇ ਪਲਟਣ ਤੋਂ ਬਾਅਦ 25 ਲੋਕ ਜ਼ਖਮੀ ਹੋ ਗਏ। ਇਨ੍ਹਾਂ ਵਿੱਚੋਂ 15 ਲੋਕਾਂ ਨੂੰ ਹਸਪਤਾਲ ਲਿਜਾਇਆ ਗਿਆ ਅਤੇ 10 ਦਾ ਇਮਪੀਰੀਅਲ ਡੌਕ, ਲੀਥ ਵਿਖੇ ਇਲਾਜ ਕੀਤਾ ਗਿਆ।

ਇੱਕ ਸਕਾਟਿਸ਼ ਐਂਬੂਲੈਂਸ ਸੇਵਾ ਦੇ ਬੁਲਾਰੇ ਨੇ ਕਿਹਾ:"ਅੱਜ ਸਵੇਰੇ 08:29 (ਸਥਾਨਕ ਸਮਾਂ) 'ਤੇ ਸਾਨੂੰ ਲੀਥ ਵਿੱਚ ਇੱਕ ਘਟਨਾ ਵਾਲੀ ਥਾਂ 'ਤੇ ਬੁਲਾਇਆ ਗਿਆ ਅਤੇ ਘਟਨਾ ਸਥਾਨ 'ਤੇ ਹਾਜ਼ਰ ਹੋਣ ਲਈ ਕਿਹਾ ਗਿਆ।" ਅਸੀਂ ਫਿਰ ਪੰਜ ਐਂਬੂਲੈਂਸਾਂ, ਇੱਕ ਏਅਰ ਐਂਬੂਲੈਂਸ, ਤਿੰਨ ਟਰਾਮਾ ਟੀਮਾਂ, ਵਿਸ਼ੇਸ਼ ਆਪ੍ਰੇਸ਼ਨ ਟੀਮਾਂ, ਤਿੰਨ ਪੈਰਾ ਮੈਡੀਕਲ ਰਿਸਪਾਂਸ ਯੂਨਿਟ ਅਤੇ ਇੱਕ ਮਰੀਜ਼ ਟ੍ਰਾਂਸਪੋਰਟ ਵਾਹਨ ਭੇਜਿਆ। ਉਨ੍ਹਾਂ ਅੱਗੇ ਦੱਸਿਆ ਕਿ ਅਸੀਂ 15 ਮਰੀਜ਼ਾਂ ਨੂੰ ਹਸਪਤਾਲ ਲੈ ਕੇ ਗਏ, ਜਿਨ੍ਹਾਂ ਵਿੱਚੋਂ 11 ਨੂੰ ਐਡਿਨਬਰਗ ਰਾਇਲ ਇਨਫਰਮਰੀ ਅਤੇ ਚਾਰ ਨੂੰ ਵੈਸਟਰਨ ਜਨਰਲ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ। ਇਸ ਤੋਂ ਇਲਾਵਾ 10 ਹੋਰ ਜ਼ਖਮੀ ਮਰੀਜ਼ਾਂ ਨੂੰ ਮੌਕੇ 'ਤੇ ਹੀ ਇਲਾਜ ਕਰਕੇ ਛੁੱਟੀ ਦੇ ਦਿੱਤੀ ਗਈ।

ਘਟਨਾ ਤੋਂ ਬਾਅਦ, ਸਥਾਨਕ ਸਿਹਤ ਅਧਿਕਾਰੀਆਂ ਨੇ ਲੋਕਾਂ ਨੂੰ ਹਾਦਸਿਆਂ ਅਤੇ ਐਮਰਜੈਂਸੀ ਸੇਵਾਵਾਂ ਲਈ ਐਡਿਨਬਰਗ ਦੀ ਰਾਇਲ ਇਨਫਰਮਰੀ ਵਿੱਚ ਨਾ ਜਾਣ ਦੀ ਸਲਾਹ ਦਿੱਤੀ, ਕਿਉਂਕਿ ਰਾਇਲ ਇਨਫਰਮਰੀ ਪਹਿਲਾਂ ਹੀ ਬਹੁਤ ਜ਼ਿਆਦਾ ਬੋਝ ਹੈ, ਅਨਾਡੋਲੂ ਏਜੰਸੀ ਦੀ ਰਿਪੋਰਟ ਕੀਤੀ ਗਈ ਹੈ। ਘਟਨਾ ਦੀਆਂ ਤਸਵੀਰਾਂ 'ਚ 'ਪੈਟਰਲ' ਜਹਾਜ਼ 45 ਡਿਗਰੀ ਦੇ ਕੋਣ 'ਤੇ ਝੁਕਿਆ ਹੋਇਆ ਦਿਖਾਈ ਦੇ ਰਿਹਾ ਹੈ। ਪੈਟਰਲ ਇੱਕ ਖੋਜ ਜਹਾਜ਼ ਹੈ ਜੋ ਮਾਈਕਰੋਸਾਫਟ ਦੇ ਮਰਹੂਮ ਸਹਿ-ਸੰਸਥਾਪਕ ਪਾਲ ਐਲਨ ਦੁਆਰਾ ਖਰੀਦਿਆ ਅਤੇ ਡਿਜ਼ਾਈਨ ਕੀਤਾ ਗਿਆ ਸੀ।

# ਹੁਣ ਸਿਰਫ ਸਾਡੀ ਆਦਤ ਹੀ ਪਾਣੀ ਬਚਾ ਸਕਦੀ ਹੈ

ਜੀਵਨ ਪਾਣੀ ਨਾਲ ਜੁੜਿਆ ਹੈ, ਹਰ ਬੂੰਦ ਵਿੱਚ ਸਿੱਖਣਾ
ਜੇ ਤੁਸੀਂ ਨਹੀਂ ਬਚਾਉਂਦੇ, ਮੇਰੇ ਤੇ ਵਿਸ਼ਵਾਸ ਕਰੋ, ਇੱਕ ਚੀਕ ਨਿਕਲੇਗੀ

ਹਰ ਘਰ ਨਲ ਸੇ ਜਲ ਸਕੀਮ 2019 ਵਿੱਚ ਸ਼ੁਰੂ ਕੀਤੀ ਗਈ ਸੀ। ਜਲ ਸ਼ਕਤੀ ਮੰਤਰਾਲੇ ਦੀ ਯੋਜਨਾ ਦਾ ਟੀਚਾ 2024 ਤੱਕ ਹਰ ਪੇਂਡੂ ਘਰ ਵਿੱਚ ਪਾਈਪ ਰਾਹੀਂ ਪੀਣ ਵਾਲਾ ਪਾਣੀ ਮੁਹੱਈਆ ਕਰਵਾਉਣਾ ਹੈ ਅਤੇ ਇਹ ਸਰਕਾਰ ਦੇ ਜਲ ਜੀਵਨ ਮਿਸ਼ਨ ਦਾ ਇੱਕ ਹਿੱਸਾ ਹੈ। ਇਹ ਸਕੀਮ ਇੱਕ ਵਿਲੱਖਣ ਮਾਡਲ 'ਤੇ ਅਧਾਰਤ ਹੈ, ਜਿੱਥੇ ਪਿੰਡ ਵਾਸੀਆਂ ਦੀਆਂ ਜਲ ਕਮੇਟੀਆਂ (ਜਲ ਸੰਮਤੀ) ਇਹ ਫੈਸਲਾ ਕਰਨਗੀਆਂ ਕਿ ਉਹ ਆਪਣੇ ਖਪਤ ਵਾਲੇ ਪਾਣੀ ਲਈ ਕੀ ਭੁਗਤਾਨ ਕਰਨਗੇ। ਉਹ ਜੋ ਟੈਰਿਫ ਤੈਅ ਕਰਦੇ ਹਨ ਉਹ ਪਿੰਡ ਦੇ ਹਰ ਕਿਸੇ ਲਈ ਇੱਕੋ ਜਿਹਾ ਨਹੀਂ ਹੋਵੇਗਾ। ਵੱਡੇ ਪਰਿਵਾਰਾਂ ਵਾਲੇ ਲੋਕਾਂ ਨੂੰ ਵਧੇਰੇ ਭੁਗਤਾਨ ਕਰਨਾ ਹੋਵੇਗਾ, ਜਦੋਂ ਕਿ ਗਰੀਬ ਪਰਿਵਾਰਾਂ ਜਾਂ ਜਿਨ੍ਹਾਂ ਪਰਿਵਾਰਾਂ ਦਾ ਕੋਈ ਕਮਾਉਣ ਵਾਲਾ ਮੈਂਬਰ ਨਹੀਂ ਹੈ, ਨੂੰ ਛੋਟ ਦਿੱਤੀ ਜਾਵੇਗੀ। -ਪ੍ਰਿਅੰਕਾ ਸੌਰਭ



ਨੀਤੀ ਆਯੋਗ ਦੁਆਰਾ 2018 ਦੀ ਇੱਕ ਰਿਪੋਰਟ ਦੇ ਅਨੁਸਾਰ, 600 ਮਿਲੀਅਨ ਭਾਰਤੀਆਂ ਨੂੰ ਪਾਣੀ ਦੀ ਬਹੁਤ ਘਾਟ ਦਾ ਸਾਹਮਣਾ ਕਰਨਾ ਪੈਂਦਾ ਹੈ ਅਤੇ ਹਰ ਸਾਲ ਲਗਭਗ ਦੋ ਲੱਖ ਲੋਕ ਸੁਰੱਖਿਅਤ ਪਾਣੀ ਤੱਕ ਪਹੁੰਚ ਨਾ ਹੋਣ ਕਾਰਨ ਮਰਦੇ ਹਨ। 2030 ਤੱਕ, ਦੇਸ਼ ਦੀ ਪਾਣੀ ਦੀ ਮੰਗ ਉਪਲਬਧ ਸਪਲਾਈ ਨੂੰ ਦੁੱਗਣੀ ਕਰਨ ਦਾ ਅਨੁਮਾਨ ਹੈ, ਜੋ ਲੱਖਾਂ ਲੋਕਾਂ ਲਈ ਪਾਣੀ ਦੀ ਗੰਭੀਰ ਕਮੀ ਅਤੇ ਦੇਸ਼ ਦੇ ਜੀਡੀਪੀ ਨੂੰ ~ 6% ਦਾ ਨੁਕਸਾਨ ਦਰਸਾਉਂਦਾ ਹੈ। ਅਧਿਐਨ ਇਹ ਵੀ ਦਰਸਾਉਂਦੇ ਹਨ ਕਿ 84% ਪੇਂਡੂ ਪਰਿਵਾਰਾਂ ਕੋਲ ਪਾਈਪ ਰਾਹੀਂ ਪਾਣੀ ਦੀ ਪਹੁੰਚ
ਨਹੀਂ ਹੈ, ਦੇਸ਼ ਦਾ 70% ਤੋਂ ਵੱਧ ਪਾਣੀ ਦੂਸ਼ਿਤ ਹੈ।

ਜਲ ਜੀਵਨ ਮਿਸ਼ਨ ਨੇ 2024 ਤੱਕ ਫੰਕਸ਼ਨਲ ਹਾਊਸਹੋਲਡ ਟੈਪ ਕਨੈਕਸ਼ਨ () ਰਾਹੀਂ ਹਰੇਕ ਪੇਂਡੂ ਪਰਿਵਾਰ ਨੂੰ ਪ੍ਰਤੀ ਵਿਅਕਤੀ 55 ਲੀਟਰ ਪਾਣੀ ਦੀ ਸਪਲਾਈ ਦੀ ਕਲਪਨਾ ਕੀਤੀ ਹੈ। ਇਹ ਜਲ ਸ਼ਕਤੀ ਮੰਤਰਾਲੇ ਦੇ ਅਧੀਨ ਹੈ। ਇਸਨੂੰ 2019 ਵਿੱਚ ਲਾਂਚ ਕੀਤਾ ਗਿਆ ਸੀ। ਇਹ 2024 ਤੱਕ ਹਰ ਪੇਂਡੂ ਘਰ ਵਿੱਚ ਪੀਣ ਵਾਲਾ ਪਾਣੀ ਮੁਹੱਈਆ ਕਰਵਾਉਣਾ ਸਰਕਾਰ ਦੇ ਜਲ ਜੀਵਨ ਮਿਸ਼ਨ ਦਾ ਇੱਕ ਹਿੱਸਾ ਹੈ। ਇਹ ਸਕੀਮ ਇੱਕ ਵਿਲੱਖਣ ਮਾਡਲ 'ਤੇ ਅਧਾਰਤ ਹੈ, ਜਿੱਥੇ ਪਿੰਡ ਵਾਸੀਆਂ ਦੀਆਂ ਜਲ ਕਮੇਟੀਆਂ (ਜਲ ਸੰਮਤੀ) ਇਹ ਫੈਸਲਾ ਕਰਨਗੀਆਂ ਕਿ ਉਹ ਆਪਣੇ ਖਪਤ ਵਾਲੇ ਪਾਣੀ ਲਈ ਕੀ ਭੁਗਤਾਨ ਕਰਨਗੇ। ,

ਇਸ ਪਹਿਲਕਦਮੀ ਦਾ ਭਾਰਤ ਵਿੱਚ ਪੇਂਡੂ ਅਤੇ ਸ਼ਹਿਰੀ ਭਾਈਚਾਰਿਆਂ ਉੱਤੇ ਇੱਕ ਮਹੱਤਵਪੂਰਨ ਸਮਾਜਿਕ-ਆਰਥਿਕ ਪ੍ਰਭਾਵ ਹੈ ਕਿਉਂਕਿ ਬਿਹਤਰ ਸਿਹਤ ਲਈ ਸਾਫ਼ ਅਤੇ ਸੁਰੱਖਿਅਤ ਪੀਣ ਵਾਲੇ ਪਾਣੀ ਤੱਕ ਪਹੁੰਚ ਲੋਕਾਂ ਦੀ ਸਿਹਤ ਵਿੱਚ ਮਹੱਤਵਪੂਰਨ ਸੁਧਾਰ ਕਰ ਸਕਦੀ ਹੈ। ਸਹੀ ਸਫ਼ਾਈ ਅਤੇ ਸਾਫ਼ ਪਾਣੀ ਦੀ ਸਪਲਾਈ ਦੀ ਅਣਹੋਂਦ ਵਿੱਚ ਪਾਣੀ ਤੋਂ ਹੋਣ ਵਾਲੀਆਂ ਬਿਮਾਰੀਆਂ ਫੈਲ ਸਕਦੀਆਂ ਹਨ। ਟੂਟੀ ਦੇ ਪਾਣੀ ਦੀ ਪਹਿਲਕਦਮੀ ਨਾਲ ਪੀਣ ਵਾਲੇ ਸੁਰੱਖਿਅਤ ਪਾਣੀ ਤੱਕ ਪਹੁੰਚ ਵਿੱਚ ਸੁਧਾਰ ਹੋਵੇਗਾ, ਜਿਸ ਨਾਲ ਪਾਣੀ ਤੋਂ ਹੋਣ ਵਾਲੀਆਂ ਬਿਮਾਰੀਆਂ ਦੀਆਂ ਘਟਨਾਵਾਂ ਨੂੰ ਘੱਟ ਕੀਤਾ ਜਾ ਸਕਦਾ ਹੈ। ਸੁਰੱਖਿਅਤ ਪੀਣ ਵਾਲੇ ਪਾਣੀ ਦੀ ਪਹੁੰਚ ਨਾਲ, ਲੋਕ ਉਤਪਾਦਕ ਗਤੀਵਿਧੀਆਂ 'ਤੇ ਜ਼ਿਆਦਾ ਸਮਾਂ ਬਿਤਾ ਸਕਦੇ ਹਨ, ਜਿਵੇਂ ਕਿ ਖੇਤੀ, ਜੋ ਕਿ ਪੇਂਡੂ ਖੇਤਰਾਂ ਦੇ ਬਹੁਤ ਸਾਰੇ ਲੋਕਾਂ ਲਈ ਰੋਜ਼ੀ-ਰੋਟੀ ਦਾ ਮੁੱਖ ਸਰੋਤ ਹੈ। ਇਸ ਨਾਲ ਉਤਪਾਦਕਤਾ ਅਤੇ ਆਰਥਿਕ ਵਿਕਾਸ ਵਿੱਚ ਵਾਧਾ ਹੋ ਸਕਦਾ ਹੈ। ਇਸ ਪਹਿਲਕਦਮੀ ਨਾਲ ਸੁਰੱਖਿਅਤ ਅਤੇ ਸਾਫ਼ ਪੀਣ ਵਾਲਾ ਪਾਣੀ ਮੁਹੱਈਆ ਕਰਵਾ ਕੇ ਪੇਂਡੂ ਘਰਾਂ ਦੀ ਸਿਹਤ ਅਤੇ ਸਫਾਈ ਵਿੱਚ ਸੁਧਾਰ ਦੀ ਉਮੀਦ ਕੀਤੀ ਜਾਂਦੀ ਹੈ, ਜਿਸ ਨਾਲ ਪਾਣੀ ਤੋਂ ਹੋਣ ਵਾਲੀਆਂ ਬਿਮਾਰੀਆਂ ਦੀਆਂ ਘਟਨਾਵਾਂ ਨੂੰ ਘਟਾਇਆ ਜਾ ਸਕਦਾ ਹੈ।

ਪਾਈਪ ਰਾਹੀਂ ਪਾਣੀ ਦੀ ਸਪਲਾਈ ਤੱਕ ਪਹੁੰਚ ਪੇਂਡੂ ਪਰਿਵਾਰਾਂ, ਖਾਸ ਕਰਕੇ ਔਰਤਾਂ ਲਈ ਸਮਾਂ ਅਤੇ ਮਿਹਨਤ ਦੀ ਬਚਤ ਕਰੇਗੀ, ਜੋ ਰਵਾਇਤੀ ਤੌਰ 'ਤੇ ਦੂਰ-ਦੁਰਾਡੇ ਸਰੋਤਾਂ ਤੋਂ ਪਾਣੀ ਇਕੱਠਾ ਕਰਨ ਲਈ ਜ਼ੁੰਮੇਵਾਰ ਹਨ। ਸਵੱਛਤਾ ਤੱਕ ਪਹੁੰਚ ਵਿੱਚ ਵਾਧਾ: ਪਹਿਲਕਦਮੀ ਸਵੱਛਤਾ ਸਹੂਲਤਾਂ ਤੱਕ ਪਹੁੰਚ ਨੂੰ ਵੀ ਵਧਾਏਗੀ, ਕਿਉਂਕਿ ਪਾਈਪ ਰਾਹੀਂ ਪਾਣੀ ਦੀ ਸਪਲਾਈ ਘਰੇਲੂ ਪਖਾਨਿਆਂ ਲਈ ਵਰਤੀ ਜਾ ਸਕਦੀ ਹੈ। ਪਹਿਲਕਦਮੀ ਜ਼ਮੀਨੀ ਪਾਣੀ ਦੇ ਸਰੋਤਾਂ 'ਤੇ ਨਿਰਭਰਤਾ ਨੂੰ ਘਟਾਏਗੀ, ਜੋ ਧਰਤੀ ਹੇਠਲੇ ਪਾਣੀ ਦੇ ਸਰੋਤਾਂ ਨੂੰ ਬਚਾਉਣ ਵਿੱਚ ਮਦਦ ਕਰੇਗੀ ਅਤੇ ਸਮੁੱਚੀ ਵਾਤਾਵਰਣ ਸਥਿਰਤਾ ਵਿੱਚ ਯੋਗਦਾਨ ਪਾਵੇਗੀ।

ਤਨਲ ਸੇ ਜਲ ਪਹਿਲਕਦਮੀ, ਜਿਸਦਾ ਉਦੇਸ਼ 2024 ਤੱਕ ਹਰ ਘਰ ਨੂੰ ਪਾਈਪ ਰਾਹੀਂ ਪਾਣੀ ਸਪਲਾਈ ਕਰਨਾ ਹੈ, ਨੂੰ ਕਈ ਚੁਣੌਤੀਆਂ ਦਾ



ਸਾਹਮਣਾ ਕਰਨਾ ਪੈਂਦਾ ਹੈ। ਟੂਟੀ ਦੇ ਪਾਣੀ ਦੀ ਪਹਿਲ ਨੂੰ ਲਾਗੂ ਕਰਨ ਵਿੱਚ ਸਭ ਤੋਂ ਵੱਡੀ ਚੁਣੌਤੀ ਬਹੁਤ ਸਾਰੇ ਖੇਤਰਾਂ ਵਿੱਚ ਬੁਨਿਆਦੀ ਢਾਂਚੇ ਦੀ ਘਾਟ ਹੈ, ਖਾਸ ਕਰਕੇ ਪੇਂਡੂ ਖੇਤਰਾਂ ਵਿੱਚ। ਪਾਈਪ ਵਾਲੇ ਪਾਣੀ ਦੀ ਸਪਲਾਈ ਪ੍ਰਣਾਲੀ ਨੂੰ ਬਣਾਉਣ ਲਈ ਬੁਨਿਆਦੀ ਢਾਂਚੇ ਵਿੱਚ ਮਹੱਤਵਪੂਰਨ ਨਿਵੇਸ਼ ਦੀ ਲੋੜ ਹੁੰਦੀ ਹੈ, ਜਿਸ ਵਿੱਚ ਪਾਈਪ, ਪੰਪ ਅਤੇ ਟ੍ਰੀਟਮੈਂਟ ਪਲਾਂਟ ਸ਼ਾਮਲ ਹੁੰਦੇ ਹਨ। ਪਹਿਲਕਦਮੀ ਲਈ ਲੋੜੀਂਦੇ ਬੁਨਿਆਦੀ ਢਾਂਚੇ ਨੂੰ ਬਣਾਉਣ ਲਈ ਮਹੱਤਵਪੂਰਨ ਫੰਡਿੰਗ ਦੀ ਲੋੜ ਹੁੰਦੀ ਹੈ, ਅਤੇ ਸਰਕਾਰ ਨੂੰ ਪਹਿਲਕਦਮੀ ਲਈ ਲੋੜੀਂਦੇ ਫੰਡ ਪ੍ਰਾਪਤ ਕਰਨ ਵਿੱਚ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਪਹਿਲਕਦਮੀ ਦੀ ਸਫਲਤਾ ਸਥਾਨਕ ਪੱਧਰ 'ਤੇ ਯੋਜਨਾ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਲਈ ਰਾਜਨੀਤਿਕ ਇੱਛਾ ਸ਼ਕਤੀ ਅਤੇ ਪ੍ਰਸ਼ਾਸਨਿਕ ਸਮਰੱਥਾ 'ਤੇ ਵੀ ਨਿਰਭਰ ਕਰਦੀ ਹੈ। ਪਾਣੀ ਦੀ ਸਪਲਾਈ ਦੀ ਗੁਣਵੱਤਾ ਨੂੰ ਯਕੀਨੀ ਬਣਾਉਣਾ ਇੱਕ ਮਹੱਤਵਪੂਰਨ ਚੁਣੌਤੀ ਹੈ, ਕਿਉਂਕਿ ਪਾਣੀ ਦੇ ਸਰੋਤਾਂ ਦੀ ਗੰਦਗੀ ਅਤੇ ਪ੍ਰਦੂਸ਼ਣ ਸਿਹਤ ਲਈ ਜੋਖਮ ਪੈਦਾ ਕਰ ਸਕਦਾ ਹੈ ਅਤੇ ਪਹਿਲਕਦਮੀਆਂ ਦੀ ਪ੍ਰਭਾਵਸ਼ੀਲਤਾ ਨੂੰ ਘਟਾ ਸਕਦਾ ਹੈ। ਪਹਿਲਕਦਮੀ ਦੀ ਸਫਲਤਾ ਪਾਣੀ ਦੀ ਵਰਤੋਂ, ਸੰਭਾਲ ਅਤੇ ਸਵੱਛਤਾ ਅਭਿਆਸਾਂ ਦੇ ਰੂਪ ਵਿੱਚ ਲੋਕਾਂ ਦੇ ਵਿਹਾਰ ਨੂੰ ਬਦਲਣ 'ਤੇ ਵੀ ਨਿਰਭਰ ਕਰਦੀ ਹੈ। ਕੁਝ ਰਾਜਾਂ ਵਿੱਚ ਜਲ ਸਰੋਤਾਂ ਦੀ ਵੰਡ ਨੂੰ ਲੈ ਕੇ ਅੰਤਰ-ਰਾਜੀ ਵਿਵਾਦ ਹੋ ਸਕਦੇ ਹਨ, ਜੋ ਪਹਿਲਕਦਮੀ ਦੀ ਪ੍ਰਗਤੀ ਵਿੱਚ ਰੁਕਾਵਟ ਪਾ ਸਕਦੇ ਹਨ।

ਜਲਵਾਯੂ ਪਰਿਵਰਤਨ ਪਾਣੀ ਦੇ ਸਰੋਤਾਂ ਦੀ ਉਪਲਬਧਤਾ ਨੂੰ ਪ੍ਰਭਾਵਿਤ ਕਰ ਸਕਦਾ ਹੈ, ਅਤੇ ਇਸਲਈ, ਪਹਿਲਕਦਮੀ ਦੀ ਸਥਿਰਤਾ। ਮਿਸ਼ਨ ਪਾਣੀ ਲਈ ਇੱਕ ਭਾਈਚਾਰਕ ਪਹੁੰਚ 'ਤੇ ਅਧਾਰਤ ਹੈ ਅਤੇ ਇਸ ਵਿੱਚ ਮਿਸ਼ਨ ਦੇ ਇੱਕ ਮੁੱਖ ਹਿੱਸੇ ਵਜੋਂ ਵਿਆਪਕ ਜਾਣਕਾਰੀ, ਸਿੱਖਿਆ ਅਤੇ ਸੰਚਾਰ ਸ਼ਾਮਲ ਹਨ। ਜੇਜੇਐਮ ਪਾਣੀ ਲਈ ਇੱਕ ਜਨ ਅੰਦੋਲਨ ਬਣਾਉਣਾ ਚਾਹੁੰਦੀ ਹੈ, ਇਸ ਨੂੰ ਹਰ ਇੱਕ ਦੀ ਪਹਿਲ ਬਣਾਉਂਦੀ ਹੈ। ਕੇਂਦਰ ਅਤੇ ਰਾਜਾਂ ਵਿਚਕਾਰ ਫੰਡ ਸ਼ੇਅਰਿੰਗ ਪੈਟਰਨ ਹਿਮਾਲਿਆ ਅਤੇ ਉੱਤਰ ਪੂਰਬੀ ਰਾਜਾਂ ਲਈ 90:10, ਦੂਜੇ ਰਾਜਾਂ ਲਈ 50:50 ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਲਈ 100% ਹੈ।

ਆਜ਼ਾਦੀ ਦੇ 70 ਸਾਲਾਂ ਬਾਅਦ ਵੀ ਭਾਰਤ ਦੇ ਲਗਭਗ 50% ਲੋਕਾਂ ਕੋਲ ਪੀਣ ਵਾਲਾ ਪਾਣੀ ਨਹੀਂ ਹੈ। ਕੇਂਦਰ ਅਤੇ ਸੂਬਾ ਪੱਧਰ 'ਤੇ ਵੱਖ-ਵੱਖ ਸਰਕਾਰਾਂ ਨੇ ਇਸ ਲਈ ਕੰਮ ਕੀਤਾ ਹੈ, ਪਰ ਅਸਲੀਅਤ ਇਹ ਹੈ ਕਿ ਦੇਸ਼ ਦੇ ਲੋਕਾਂ ਖਾਸ ਕਰਕੇ ਔਰਤਾਂ ਨੂੰ ਪੀਣ ਵਾਲਾ ਪਾਣੀ ਲੈਣ ਲਈ ਮੀਲਾਂ ਦੀ ਪੈਦਲ ਚੱਲਣਾ ਪੈਂਦਾ ਹੈ। ਇਸੇ ਲਈ ਪੀਐਮ ਮੋਦੀ ਨੇ ਲਾਲ ਕਿਲ੍ਹੇ ਤੋਂ ਜਲ ਜੀਵਨ ਮਿਸ਼ਨ ਦਾ ਐਲਾਨ ਕੀਤਾ ਸੀ। ਜਲ ਜੀਵਨ ਮਿਸ਼ਨ ਨੂੰ ਜਲ ਸ਼ਕਤੀ ਮੰਤਰਾਲੇ ਦੁਆਰਾ ਰਾਜਾਂ ਦੀ ਭਾਈਵਾਲੀ ਵਿੱਚ ਲਾਗੂ ਕੀਤਾ ਜਾਂਦਾ ਹੈ। ਇਸ ਦਾ ਉਦੇਸ਼ 2024 ਤੱਕ ਦੇਸ਼ ਦੇ ਹਰ ਪੇਂਡੂ ਪਰਿਵਾਰ ਨੂੰ ਨਿਯਮਤ ਅਤੇ ਲੰਬੇ ਸਮੇਂ ਦੇ ਆਧਾਰ 'ਤੇ ਨਿਰਧਾਰਤ ਗੁਣਵੱਤਾ ਦਾ ਪੀਣ ਵਾਲਾ ਪਾਣੀ ਮੁਹੱਈਆ ਕਰਵਾਉਣਾ ਹੈ।

ਕੇਂਦਰ ਸਰਕਾਰ ਨੇ ਪ੍ਰਧਾਨ ਮੰਤਰੀ ਜਲ ਜੀਵਨ ਮਿਸ਼ਨ ਤਹਿਤ 3.6 ਲੱਖ ਕਰੋੜ ਰੁਪਏ ਅਲਾਟ ਕੀਤੇ ਹਨ। ਪ੍ਰਧਾਨ ਮੰਤਰੀ ਨੇ ਭਾਰਤ ਨੂੰ ਪੂਰੀ ਤਰ੍ਹਾਂ ਖੁੱਲ੍ਹੇ ਵਿੱਚ ਸ਼ੌਚ ਮੁਕਤ () ਬਣਾਉਣ ਦਾ ਭਰੋਸਾ ਵੀ ਪ੍ਰਗਟਾਇਆ ਹੈ। ਮਿਸ਼ਨ ਸੇਵਾ ਪ੍ਰਦਾਨ ਕਰਨ 'ਤੇ ਕੇਂਦ੍ਰਤ ਕਰਦਾ ਹੈ ਨਾ ਕਿ ਬੁਨਿਆਦੀ ਢਾਂਚੇ ਦੇ ਨਿਰਮਾਣ 'ਤੇ। ਪ੍ਰਧਾਨ ਮੰਤਰੀ ਮੋਦੀ ਨੇ ਵੱਖ-ਵੱਖ ਰਾਜਾਂ, ਪਿੰਡਾਂ ਅਤੇ ਸਥਾਨਕ ਸੰਸਥਾਵਾਂ ਨੂੰ ਇਸ ਪ੍ਰਤੀ ਮਜ਼ਬੂਤ ਮੁਹਿੰਮ ਚਲਾਉਣ ਦਾ ਸਿਹਰਾ ਦਿੱਤਾ ਹੈ। ਨਲ ਸੇ ਜਲ ਪਹਿਲਕਦਮੀ ਦਾ ਟੀਚਾ 2024 ਤੱਕ ਗ੍ਰਾਮੀਣ ਭਾਰਤ ਦੇ ਹਰ ਘਰ ਵਿੱਚ ਪਾਈਪ ਰਾਹੀਂ ਪਾਣੀ ਦੀ ਸਪਲਾਈ ਕਰਨਾ ਹੈ। ਪਹਿਲਕਦਮੀ ਦਾ ਸਮਾਜਿਕ-ਆਰਥਿਕ ਪ੍ਰਭਾਵ ਹੈ, ਅਤੇ ਪਾਣੀ ਅਤੇ ਸੈਨੀਟੇਸ਼ਨ ਤੱਕ ਵਿਆਪਕ ਪਹੁੰਚ ਦੇ ਵੱਡੇ ਟੀਚੇ ਵਿੱਚ ਯੋਗਦਾਨ ਪਾਉਂਦਾ ਹੈ।

# ਵੱਧਦੇ ਜਲ ਸੰਕਟ ਨੂੰ ਰੋਕਣਾ ਸਮੇਂ ਦੀ ਵੱਡੀ ਜ਼ਰੂਰਤ

ਡਾ. ਸਤਿੰਦਰ ਸਿੰਘ (ਪੀ ਈ ਐਸ )

22 ਮਾਰਚ ਦਾ ਦਿਨ ਪੂਰੇ ਵਿਸ਼ਵ ਦੇ ਵਿੱਚ ' ਵਿਸ਼ਵ ਜਲ ਦਿਵਸ ' ਵਜੋਂ ਮਨਾਇਆ ਜਾਂਦਾ ਹੈ । ਸੰਯੁਕਤ ਰਾਸ਼ਟਰ ਦੀ ਜਨਰਲ ਅਸੈਂਬਲੀ ਵਿਚ ਮਤਾ ਪਾਸ ਕਰਕੇ ਪਾਣੀ ਦੀ ਮਹੱਤਤਾ ਨੂੰ ਸਮਝਦੇ ਹੋਏ ਅਤੇ ਪਾਣੀ ਦੀ ਪੂਰੇ ਵਿਸ਼ਵ ਵਿੱਚ ਮੌਜੂਦਾ ਸਥਿਤੀ ਉਪਰ ਚਿੰਤਾ ਪ੍ਰਗਟ ਕਰਦੇ ਹੋਏ, 22 ਮਾਰਚ 1993 ਨੂੰ ਪਹਿਲੀ ਵਾਰ ਵਿਸ਼ਵ ਜਲ ਦਿਵਸ ਮਨਾਉਣ ਮੌਕੇ ਪਾਣੀ ਦੀ ਬੱਚਤ ਅਤੇ ਪਾਣੀ ਨੂੰ ਪ੍ਰਦੂਸ਼ਣ ਮੁਕਤ ਕਰਨ ਦਾ ਸੰਦੇਸ਼ ਦਿੱਤਾ ਗਿਆ । ਸਮੁੱਚੇ ਵਿਸ਼ਵ ਨੂੰ ਜਾਗਰੂਕ ਕਰਨ ਦਾ ਉਪਰਾਲਾ ਕੀਤਾ । ਵਿਸ਼ਵ ਜਲ ਦਿਵਸ 2023 ਦਾ ਥੀਮ ਪਾਣੀ ਅਤੇ ਸੈਨੀਟੇਸ਼ਨ ਸੰਕਟ ਦੇ ਹੱਲ ਲਈ ਤੇਜ਼ੀ ਨਾਲ ਤਬਦੀਲੀ ਲਿਆਉਣਾ ਹੈ । ਇਸ ਥੀਮ ਨੂੰ ਲੈ ਕੇ ਵਿਸ਼ਵ ਪੱਧਰ ਤੇ ਆਮ ਲੋਕਾਂ ਨੂੰ ਪਾਣੀ ਦੀ ਵਰਤੋਂ, ਉਪਯੋਗ ਅਤੇ ਸੁਚੱਜੇ ਪ੍ਰਬੰਧਨ ਪ੍ਰਤੀ ਤਬਦੀਲੀ ਲਿਆਉਣ ਲਈ ਪ੍ਰੇਰਿਤ ਅਤੇ ਜਾਗਰੂਕ ਕਰਨਾ ਹੈ।

ਮਨੁੱਖ ਅਤੇ ਜੀਵ ਜੰਤੂਆਂ ਲਈ ਪਾਣੀ ਸਭ ਤੋਂ ਕੀਮਤੀ ਕੁਦਰਤੀ ਤੋਹਫ਼ਾ ਹੈ।ਪਾਣੀ ਦੀ ਕਦਰ ਸਿਰਫ਼ ਕੀਮਤ ਦੇ ਪੱਖ ਤੋਂ ਹੀ ਨਹੀਂ , ਬਲਕਿ ਵਾਤਾਵਰਨ, ਸਮਾਜਿਕ ਅਤੇ ਸੱਭਿਆਚਾਰਕ ਮਹੱਤਵ ਦੇ ਪੱਖ ਤੋਂ ਵੀ ਹੈ । ਇਸ ਲਈ ਹੀ ਤਾਂ ਵਿਸ਼ਵ ਪੱਧਰ ਤੇ ਇਹ ਟੀਚਾ ਨਿਸ਼ਚਿਤ ਕੀਤਾ ਗਿਆ ਹੈ ਕਿ ਵਿਸ਼ਵ ਦੇ 220 ਕਰੋੜ ਤੋਂ ਵੱਧ ਲੋਕ ਜਿਨ੍ਹਾਂ ਨੂੰ ਮੌਜੂਦਾ ਸਮੇਂ ਸ਼ੁੱਧ ਪਾਣੀ ਉਪਲਬਧ ਨਹੀਂ ਹੈ। ਉਨ੍ਹਾਂ ਨੂੰ 2030 ਤੱਕ ਸ਼ੁੱਧ ਪਾਣੀ ਉਪਲੱਬਧ ਕਰਵਾਉਣਾ ਹੈ । ਇਸ ਉਦੇਸ਼ ਨਾਲ ਸੋਸ਼ਲ ਮੀਡੀਆ ਰਾਹੀਂ ਡਿਜੀਟਲ ਮੁਹਿੰਮ ਪੂਰੇ ਵਿਸ਼ਵ ਵਿਚ ਚਲਾ ਕੇ ਜਾਗਰੂਕਤਾ ਫੈਲਾਉਣ ਦੇ ਯਤਨ ਕੀਤੇ ਜਾ ਰਹੇ ਹਨ ।




ਕੁਦਰਤ ਵੱਲੋਂ ਦਿੱਤੇ ਤੋਹਫ਼ਿਆਂ ਵਿੱਚੋਂ ਪਾਣੀ ਇੱਕ ਅਨਮੋਲ ਤੋਹਫ਼ਾ ਹੈ ,ਜੋ ਪੂਰੀ ਸ੍ਰਿਸ਼ਟੀ ਲਈ ਕੁਦਰਤ ਦਾ ਇੱਕ ਅਜਿਹਾ ਵਰਦਾਨ ਹੈ ਜਿਸ ਬਿਨਾਂ ਜੀਵ ਅਤੇ ਬਨਸਪਤੀ ਦਾ ਜ਼ਿੰਦਾ ਰਹਿਣਾ ਅਸੰਭਵ ਹੈ । ਅੱਜ ਤੋਂ ਸੈਂਕੜੇ ਸਾਲ ਪਹਿਲਾਂ ਵਿਗਿਆਨਿਕ ਸੋਚ ਵਾਲੇ ਮਹਾਨ ਗੁਰੂ ਨਾਨਕ ਦੇਵ ਜੀ ਨੇ ਕੁਦਰਤ ਦੇ ਇਸ ਅਨਮੋਲ ਤੋਹਫੇ ਦੀ ਅਹਿਮੀਅਤ ਬਾਰੇ ਸਾਨੂੰ ਜਾਗਰੂਕ ਕਰ ਦਿੱਤਾ ਸੀ । ਉਨ੍ਹਾਂ ਨੇ

ਪਵਨੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹੱਤ ।

ਦਾ ਸੰਦੇਸ਼ ਦੇ ਕੇ ਪਾਣੀ ਨੂੰ ਪਿਤਾ ਦਾ ਦਰਜਾ ਦਿੱਤਾ ਹੈ , ਅਰਥਾਤ ਪੂਰੀ ਸ੍ਰਿਸ਼ਟੀ ਦਾ ਜਨਮਦਾਤਾ । ਇਹ ਗੱਲ ਸੱਚ ਹੈ ਕਿ ਜੇਕਰ ਜੀਵਨ ਦੀ ਉਤਪਤੀ ਦੀ ਗੱਲ ਕਰੀਏ ਤਾਂ ਪਤਾ ਲੱਗਦਾ ਹੈ ਕਿ ਇਸ ਦੀ ਸ਼ੁਰੂਆਤ ਪਾਣੀ ਵਿਚ ਹੀ ਹੋਈ ਮੰਨੀ ਜਾਂਦੀ ਹੈ । ਸਭ ਤੋਂ ਪਹਿਲਾਂ ਜੀਵਤ ਸੈੱਲ ਪਾਣੀ ਵਿੱਚ ਹੀ ਬਣਿਆ ਅਤੇ ਫਿਰ ਹੌਲੀ ਹੌਲੀ ਇਹ ਜੀਵਨ ਪਾਣੀ ਤੋਂ ਰੀਂਗ ਕੇ ਧਰਾਤਲ ਉੱਪਰ ਆ ਗਿਆ। ਅੱਜ ਵੀ ਮਨੁੱਖੀ ਸਰੀਰ ਦਾ 70 ਪ੍ਰਤੀਸ਼ਤ ਭਾਗ ਪਾਣੀ ਹੀ ਹੈ । ਪਾਣੀ ਤੋਂ ਬਿਨਾਂ ਜੀਵਨ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ ਪਾਣੀ ਸਾਡੇ ਜੀਵਨ ਦੀ ਮੁਢਲੀ ਜਰੂਰਤ ਹੈ।

ਜਲੁ ਬਿਨੁ ਸਾਖ ਕੁਮਲਾਵਤੀ,
ਉਪਜਹਿ ਨਾਹੀ ਦਾਮ ॥

ਪਾਣੀ ਸਮਾਜਿਕ ਅਤੇ ਸਭਿਆਚਾਰਕ ਤਰੱਕੀ , ਵਾਤਾਵਰਣ ਅਤੇ ਕੁਦਰਤ ਦਾ ਸੰਤੁਲਨ , ਦੇਸ਼ ਦੀ ਆਰਥਿਕਤਾ ਦੀ ਮਜ਼ਬੂਤੀ ਅਤੇ ਤੰਦਰੁਸਤ ਮਾਨਸਿਕਤਾ ਦਾ ਆਧਾਰ ਹੈ।

ਪਾਣੀ ਦੀ ਇੰਨੀ ਵੱਡੀ ਮਹੱਤਤਾ ਹੋਣ ਦੇ ਬਾਵਜੂਦ ਇਸ ਕੀਮਤੀ ਕੁਦਰਤੀ ਤੋਹਫ਼ੇ ਦੀ ਬੇਸਮਝੀ ਅਤੇ ਬੇਕਦਰੀ ਨਾਲ ਕੀਤੀ ਜਾ ਰਹੀ ਵਰਤੋਂ ਨਾਲ ਜਿੱਥੇ ਪਾਣੀ ਦੀ ਭਾਰੀ ਕਮੀ ਮਹਿਸੂਸ ਹੋ ਰਹੀ ਹੈ, ਉੱਥੇ ਗੁਣਵੱਤਾ ਦੀ ਘਾਟ ਅੱਜ ਚਿੰਤਾ ਦਾ ਬਹੁਤ ਵੱਡਾ ਵਿਸ਼ਾ ਬਣ ਚੁੱਕੀ ਹੈ। ਪਾਣੀ ਸੰਬੰਧੀ ਚਾਹੇ ਸੰਕਟ ਵਿਸ਼ਵ ਵਿਆਪੀ ਹੈ ,ਪ੍ਰੰਤੂ ਸਾਡੇ ਦੇਸ਼ ਵਿੱਚ ਕਮਜ਼ੋਰ ਜਲ ਨੀਤੀ ਅਤੇ ਵਰਤੋਂ ਦੇ ਗਲਤ ਤੌਰ ਤਰੀਕੇ ਤੇ ਕਾਰਨ ਪਾਣੀ ਦੀ ਸਥਿਤੀ ਬਦਤਰ ਹੋ ਚੁੱਕੀ ਹੈ । ਸਾਡੇ ਦੇਸ਼ ਦੇ ਮਹਾਨ ਲੋਕਾਂ ਨੇ ਸੈਂਕੜੇ ਸਾਲ ਪਹਿਲਾਂ ਹੀ ਪਾਣੀ ਦੀ ਸੁਚੱਜੀ ਵਰਤੋਂ ਦੀ ਗੱਲ ਕੀਤੀ ਸੀ। ਰਹੀਮ ਜੀ ਨੇ

ਰਹਿਮਨ ਪਾਣੀ ਰਾਖੀਏ, ਬਿਨ ਪਾਣੀ ਸਭ ਸੂਨ॥

ਦੀ ਗੱਲ ਕੀਤੀ ਹੈ ਅਤੇ ਗੁਰਬਾਣੀ ਵਿੱਚ

ਪਹਿਲਾਂ ਪਾਣੀ ਜੀਉ ਹੈ ,ਜਿਤੁ ਹਰਿਆ ਸਭ ਕੋਇ ॥

ਪ੍ਰੰਤੂ ਸਾਡੇ ਪਾਣੀ ਦੇ ਸੋਮੇ ਤੇਜ਼ੀ ਨਾਲ ਖ਼ਤਮ ਹੋ ਰਹੇ ਹਨ। ਆਜ਼ਾਦੀ ਦੇ 75 ਸਾਲਾ'ਚ ਖੇਤੀ ਸਿੰਚਾਈ ਅਤੇ ਪੀਣ ਵਾਲੇ ਪਾਣੀ ਦਾ ਸੰਕਟ 10 ਗੁਣਾ ਵਧ ਚੁੱਕਿਆ ਹੈ । ਕੁਦਰਤੀ ਸਾਧਨਾਂ ਦੀ ਸੰਭਾਲ ਕਰਨ ਦੀ ਥਾਂ ਪਦਾਰਥਵਾਦੀ ਸੋਚ ਦੇ ਕਾਰਨ ਲਾਲਚੀ ਬਣ ਕੇ ਲਾਭ ਕਮਾਉਣ ਵਾਲੇ ਪਾਸੇ ਤੁਰ ਪਏ। ਜਿਸ ਦੇ ਕਾਰਨ ਦੇਸ਼ ਦੇ ਦੋ ਤਿਹਾਈ ਤੋਂ ਅਧਿਕ ਪਾਣੀ ਦੇ ਸੋਮਿਆਂ ਦੇ ਭੰਡਾਰ ਖਤਮ ਕਰ ਚੁੱਕੇ ਹਾ।

ਜੇ ਗੱਲ ਕਰੀਏ ਸਾਡੇ ਖੇਤੀ ਪ੍ਰਧਾਨ ਸੂਬੇ ਪੰਜਾਬ ਦੀ ਜਿਸ ਦਾ ਨਾਮ ਹੀ ਪੰਜ ਦਰਿਆਵਾਂ ਤੋਂ ਪਿਆ ,ਜਿਸ ਦੀ ਖੁਸ਼ਹਾਲੀ ਦਾ ਮੁੱਖ ਕਾਰਨ ਵੀ ਇਹ ਪਾਣੀ ਹੀ ਹੈ । ਪਰ ਪਿਛਲੇ ਕੁਝ ਸਮੇਂ ਤੋਂ ਪੰਜਾਬ ਵਿੱਚ ਪਾਣੀ ਦਾ ਅਜਿਹਾ ਗੰਭੀਰ ਸੰਕਟ ਦੇਖ ਕੇ ਲੱਗਦਾ ਹੈ ,ਜੇ ਹੁਣ ਵੀ ਨਾ ਸੰਭਲੇ ਤਾਂ ਪੰਜਾਬ ਜਲਦ ਹੀ ਰੇਗਿਸਤਾਨ ਬਣ ਜਾਵੇਗਾ। ਪੰਜਾਬ ਵਿੱਚ ਪਾਣੀ ਦੇ ਸੋਮਿਆਂ ਨੂੰ ਅੱਜ ਦੂਹਰੀ ਮਾਰ ਪੈ ਰਹੀ ਹੈ ।ਪਹਿਲਾਂ ਧਰਤੀ ਹੇਠਲੇ ਪਾਣੀ ਦਾ ਪੱਧਰ ਲਗਾਤਾਰ ਬਹੁਤ ਤੇਜ਼ੀ ਨਾਲ ਨੀਵਾਂ ਜਾਣਾ ਅਤੇ ਦੂਸਰਾ ਮੌਜੂਦਾ ਪਾਣੀ ਵਿੱਚ ਵਧਦਾ ਪ੍ਰਦੂਸ਼ਣ । ਖੇਤੀ ਪ੍ਰਧਾਨ ਸੂਬੇ ਚ ਪਾਣੀ ਦਾ ਪੱਧਰ ਜਿਸ ਤੇਜ਼ੀ ਨਾਲ ਹੇਠਾਂ ਜਾ ਰਿਹਾ ਹੈ ਇਸ ਦਾ ਸਭ ਤੋਂ ਵੱਧ ਨੁਕਸਾਨ ਕਿਸਾਨਾਂ ਨੂੰ ਹੀ ਹੋ ਰਿਹਾ ਹੈ। ਇਹ ਮੁਸੀਬਤ ਵੀ ਅਸੀਂ ਖ਼ੁਦ ਹੀ ਪੈਦਾ ਕੀਤੀ ਹੈ ,ਖੇਤੀ ਸਾਡੀ ਸੰਸਕ੍ਰਿਤੀ ਸੀ, ਪ੍ਰੰਤੂ ਹੁਣ ਬਾਜ਼ਾਰੀਕਰਨ ਦੇ ਦੌਰ ਵਿੱਚ ਦਾਖ਼ਲ ਹੋ ਗਏ ਅਤੇ ਬਾਜ਼ਾਰੀ ਫ਼ਸਲਾਂ ਬੀਜਣ ਲੱਗੇ ।

90 ਪ੍ਰਤੀਸ਼ਤ ਤਕ ਭੂ ਜਲ ਖੇਤੀ ਦੇ ਕੰਮ ਆ ਰਿਹਾ ਹੈ। ਜਿਸ ਦੀ ਬਦੌਲਤ ਅੱਜ ਤੋਂ 25 ਸਾਲ ਪਹਿਲਾਂ ਮਾਲਵਾ ਖੇਤਰ ਦਾ ਕਿਸਾਨ 35 ਤੋਂ 40 ਫੁੱਟ ਤੱਕ ਦੇ ਬੋਰ ਤੋਂ ਪਾਣੀ ਲੈ ਕੇ ਖੇਤੀ ਕਰਦੇ ਸਨ ਅਤੇ ਬੋਰ ਦੀ ਲਾਗਤ ਸਿਰਫ਼ 3000 ਤੋਂ 3500 ਰੁਪਏ ਆਉਂਦੀ ਸੀ। ਅੱਜ ਸਧਾਰਨ ਬੋਰ ਦਾ ਪਾਣੀ ਮਿਲਣਾ ਤਾਂ ਇੱਕ ਸੁਪਨਾ ਹੋ ਗਿਆ ਹੈ । ਹੁਣ ਹਰ ਜ਼ਿਮੀਂਦਾਰ 350 ਤੋਂ 450 ਫੁੱਟ ਦੇ ਸਬਮਰਸੀਬਲ ਪੰਪ ਲਗਵਾ ਕੇ ਖੇਤੀ ਕਰ ਰਿਹਾ ਹੈ । ਜਿਸ ਉੱਪਰ 1.50 ਲੱਖ ਰੁਪਏ ਤੱਕ ਦਾ ਖਰਚ ਆਉਂਦਾ ਹੈ। ਜਿਸ ਨਾਲ ਕਿਸਾਨਾਂ ਦੀ ਆਰਥਿਕਤਾ ਤਰਸਯੋਗ ਹੁੰਦੀ ਜਾ ਰਹੀ ਹੈ। ਕਰਜ਼ੇ ਹੇਠ ਦੱਬਿਆ ਕਿਸਾਨ ਖੁਦਕਸ਼ੀਆਂ ਕਰ ਕੇ ਜੀਵਨ ਲੀਲਾ ਸਮਾਪਤ ਕਰ ਰਿਹਾ ਹੈ ।



ਪੰਜਾਬ ਵਿੱਚ 100 ਪ੍ਰਤੀਸ਼ਤ ਹੀ ਭੂਮੀ ਦੀ ਸਿੰਚਾਈ ਹੁੰਦੀ ਹੈ । ਪ੍ਰੰਤੂ ਦਰਿਆ ਅਤੇ ਨਹਿਰਾਂ ਮੌਜੂਦ ਹੋਣ ਦੇ ਬਾਵਜੂਦ 70 ਪ੍ਰਤੀਸ਼ਤ ਤੋਂ ਵੱਧ ਸਿੰਜਾਈ ਭੂਜ਼ਲ ਰਾਹੀਂ ਹੀ ਕੀਤੀ ਜਾਂਦੀ ਹੈ । ਪੰਜਾਬ ਅੰਦਰ 30 ਲੱਖ ਹੈਕਟੇਅਰ ਭੂਮੀ ਦਾ ਰਕਬਾ ਝੋਨੇ ਹੇਠ ਹੈ ,ਜਿਸ ਦੀ ਸਿੰਚਾਈ 11.68 ਲੱਖ ਟਿਊਬਵੈੱਲਾਂ ਰਾਹੀਂ ਹੀ ਕੀਤੀ ਜਾਦੀ ਹੈ। ਸੁਬੇ ਅੰਦਰ ਜਮੀਨ ਦੋਜ ਪਾਣੀ 145 ਫੀਸਦੀ ਦੀ ਦਰ ਨਾਲ ਕੱਢਿਆ ਜਾ ਰਿਹਾ ਹੈ ਜੋ ਕਿ ਬੇਹੱਦ ਚਿੰਤਾ ਦਾ ਵਿਸ਼ਾ ਹੈ । ਸੂਬੇ ਦੇ ਕੁੱਲ 138 ਬਲਾਕਾਂ ਵਿੱਚੋਂ 110 ਬਲਾਕ ਅਜਿਹੇ ਹਨ, ਜਿੱਥੇ ਖ਼ਤਰੇ ਦੀ ਹੱਦ ਤੋਂ ਵੱਧ ਪਾਣੀ ਕੱਢਿਆ ਜਾ ਰਿਹਾ ਹੈ ।

ਖੇਤੀਬਾੜੀ ਵਿੱਚ ਕੀਟਨਾਸ਼ਕਾਂ ਅਤੇ ਹੋਰ ਰਸਾਇਣਕ ਖਾਦਾਂ ਦੀ ਲੋੜ ਤੋਂ ਵੱਧ ਹੁੰਦੀ ਵਰਤੋਂ ਕਾਰਨ ,ਇਹ ਜ਼ਹਿਰੀਲੇ ਤੱਤ ਧਰਤੀ ਹੇਠਲੇ ਪਾਣੀ ਵਿਚ ਪਹੁੰਚ ਚੁੱਕੇ ਹਨ। ਇਸ ਪ੍ਰਦੂਸ਼ਿਤ ਪਾਣੀ ਦੀ ਵਰਤੋਂ ਨੇ ਮਾਲਵਾ ਖੇਤਰ ਵਿੱਚ ਕੈਂਸਰ ਵਰਗੀਆਂ ਗੰਭੀਰ ਬਿਮਾਰੀਆਂ ਨੂੰ ਜਨਮ ਦਿੱਤਾ ਹੈ ।

ਸਨਅਤੀ ਅਦਾਰੇ ਗੰਧਲਾ ਅਤੇ ਜ਼ਹਿਰੀਲਾ ਪਾਣੀ ਨਜ਼ਦੀਕ ਲੱਗਦੇ ਪਾਣੀ ਦੇ ਸੋਮਿਆਂ ਵਿੱਚ ਮਿਲਾ ਕੇ ਵਾਤਾਵਰਨ ਸੰਤੁਲਨ ਵਿਗਾੜ ਰਹੇ ਹਨ। ਅਜੋਕੇ ਉਦਯੋਗੀਕਰਨ ਦੇ ਦੌਰ ਵਿੱਚ ਪਾਣੀ ਪ੍ਰਦੂਸ਼ਣ ਲਈ ਸਭ ਤੋਂ ਵੱਧ ਜ਼ਿੰਮੇਵਾਰ ਸਾਡੇ ਕਾਰਖਾਨੇ ਅਤੇ ਫੈਕਟਰੀਆਂ ਹਨ। ਜਦੋਂ ਇਹ ਜ਼ਹਿਰੀਲੇ ਪਦਾਰਥ ਸਾਡੇ ਦਰਿਆਵਾਂ, ਝੀਲਾਂ ਅਤੇ ਹੋਰ ਪਾਣੀ ਦੇ ਸੋਮਿਆਂ ਵਿੱਚ ਮਿਲਦੇ ਹਨ, ਤਾਂ ਸਭ ਤੋਂ ਵੱਧ ਮਨੁੱਖੀ ਸਿਹਤ ਲਈ ਨੁਕਸਾਨਦੇਹ ਸਾਬਤ ਹੁੰਦੇ ਹਨ । ਜਿਸ ਦੇ ਨਤੀਜੇ ਵਜੋਂ ਪੀਲੀਆ, ਟਾਈਫਾਇਡ ,ਹੈਜ਼ਾ, ਹੈਪੇਟਾਈਟਸ ,ਅੰਤੜੀ ਰੋਗ, ਹੱਡੀਆਂ ਦੇ ਰੋਗ ਤੇ ਅਨੇਕਾਂ ਹੋਰ ਭਿਅੰਕਰ ਬੀਮਾਰੀਆਂ ਮਹਾਮਾਰੀ ਦੇ ਰੂਪ ਵਿੱਚ ਫੈਲਦੀਆਂ ਹਨ ।

ਵਧਦੀ ਆਬਾਦੀ ਅਤੇ ਸ਼ਹਿਰੀਕਰਨ ਨੇ ਵੀ ਪਾਣੀ ਦੇ ਸੋਮਿਆਂ ਚ ਪ੍ਰਦੂਸ਼ਣ ਵਿੱਚ ਬਹੁਤ ਵੱਡਾ ਵਾਧਾ ਕੀਤਾ ਹੈ । ਪਲਾਸਟਿਕ ਦੇ ਲਿਫਾਫਿਆਂ ਦੀ ਵਧਦੀ ਵਰਤੋਂ ਨੇ ਸੀਵਰੇਜ ਵਿਵਸਥਾ ਤੋਂ ਲੈ ਕੇ ਸਮੁੰਦਰ ਤਕ ਤਬਾਹੀ ਮਚਾਈ ਹੋਈ ਹੈ। ਮਨੁੱਖ ਦਾ ਮਲ ਮੂਤਰ, ਸਾਬਣ ਵਾਲਾ ਪਾਣੀ ਅਤੇ ਹੋਰ ਘਰੇਲੂ ਰਹਿੰਦ ਖੂੰਹਦ ਭਰਪੂਰ ਸੀਵਰੇਜ ਨੂੰ ਸ਼ਹਿਰ ਤੋਂ ਬਾਹਰ ਲਿਜਾ ਕੇ ,ਕਿਸੇ ਪਾਣੀ ਦੇ ਸੋਮਿਆਂ ਵਿੱਚ ਮਿਲਾਉਣਾ ਪ੍ਰਚੱਲਿਤ ਸੀਵਰੇਜ ਵਿਵਸਥਾ ਬਣ ਚੁੱਕੀ ਹੈ । ਜੋ ਮਨੁੱਖੀ ਸਿਹਤ ਲਈ ਗੰਭੀਰ ਸੰਕਟ ਦਾ ਕਾਰਨ ਬਣ ਰਹੀ ਹੈ ।

ਘਰਾਂ ਦੇ ਵਿੱਚ ਪਾਣੀ ਦੀ ਬੱਚਤ ਲਈ ਬਹੁਤ ਘੱਟ ਯਤਨ ਕੀਤੇ ਜਾ ਰਹੇ ਹਨ । ਸਵੇਰੇ ਉੱਠਦੇ ਸਮੇਂ ਦੰਦ ਸਾਫ ਕਰਨ ਤੋਂ ਲੈ ਕੇ ਨਹਾਉਣ ਸਮੇਂ, ਕੱਪੜੇ ਧੋਣ ,ਕਾਰ ਸਾਫ ਕਰਨ ਅਤੇ ਪਾਣੀ ਸ਼ੁੱਧ ਕਰਨ ਲਈ ਆਰ .ਓ . ਦੀ ਹੁੰਦੀ ਵਰਤੋਂ ਨਾਲ ਸੈਂਕੜੇ ਲੀਟਰ ਪਾਣੀ ਹਰ ਘਰ ਵਿੱਚ ਵਿਅਰਥ ਜਾ ਰਿਹਾ ਹੈ। ਪਾਣੀ ਨੂੰ ਸੋਧਣ ਅਤੇ ਰੀਸਾਈਕਲ ਕਰਕੇ ਦੁਬਾਰਾ ਵਰਤੋਂ ਦੇ ਮਾਮਲੇ ਵਿੱਚ ਦੇਸ਼ ਦੀ ਤਸਵੀਰ ਧੁੰਦਲੀ ਹੈ। ਘਰਾਂ ਵਿੱਚ ਪਹੁੰਚੇ ਪਾਣੀ ਦਾ 80 ਪ੍ਰਤੀਸ਼ਤ ਭਾਗ ਸੀਵਰ ਵਿਚ ਚਲਾ ਜਾਂਦਾ ਹੈ ।ਜਦਕਿ ਇਜਰਾਈਲ ਵਰਗੇ ਦੇਸ਼ ਵਿੱਚ 100 ਪ੍ਰਤੀਸ਼ਤ ਪਾਣੀ ਦਾ ਸ਼ੋਧਣ ਕਰਕੇ 94 ਪ੍ਰਤੀਸ਼ਤ ਦੁਬਾਰਾ ਘਰੇਲੂ ਵਰਤੋਂ ਲਈ ਵਰਤਿਆ ਜਾਦਾ ਹੈ।

ਮਨੁੱਖੀ ਸਰੀਰ ਵਿੱਚ 70 ਪ੍ਰਤੀਸ਼ਤ ਹਿੱਸਾ ਪਾਣੀ ਹੈ ,ਸਾਡੇ ਖ਼ੂਨ ਦਾ 90 ਪ੍ਰਤੀਸ਼ਤ ਹਿੱਸਾ ਪਾਣੀ ਹੈ ,ਜੇ ਸਰੀਰ ਵਿੱਚ ਥੋੜ੍ਹੀ ਜਿਹੀ ਪਾਣੀ ਦੀ ਕਮੀ ਹੋ ਜਾਵੇ ਤਾਂ ਸਾਡੀ ਮੌਤ ਤੱਕ ਹੋ ਸਕਦੀ ਹੈ। ਇਸ ਲਈ ਅਸੀਂ ਤੁਰੰਤ ਇਲਾਜ ਕਰਵਾਉਂਦੇ ਹਾਂ ।

ਪ੍ਰੰਤੂ ਸਾਡੀ ਧਰਤੀ ਮਾਂ ਦੇ ਪਾਣੀ ਦੀ ਕਮੀ ਨੂੰ ਰੋਕਣ ਲਈ ਅਸੀਂ ਕੀ ਯਤਨ ਕਰ ਰਹੇ ਹਾਂ।

ਪਾਣੀ ਦੇ ਸੋਮਿਆਂ ਵਿੱਚ ਵਧਦੇ ਪ੍ਰਦੂਸ਼ਣ ਨੂੰ ਰੋਕਣ ਲਈ ਅਤੇ ਪਾਣੀ ਦੇ ਪੱਧਰ ਨੂੰ ਹੋਰ ਨੀਵਾਂ ਜਾਣ ਤੋਂ ਰੋਕਣ ਲਈ ਬਿਨਾਂ ਕਿਸੇ ਦੇਰੀ ਦੇ ਵਿਸ਼ੇਸ਼ ਯਤਨ ਕੀਤੇ ਜਾਣ ਦੀ ਸਖਤ ਜਰੂਰਤ ਹੈ।ਇਸ ਸੰਕਟ ਦੇ ਹੱਲ ਲਈ ਸਮਾਜ ਅਤੇ ਸਰਕਾਰ ਦੋਵਾਂ ਨੂੰ ਮਿਲ ਕੇ ਕੰਮ ਕਰਨਾ ਪਵੇਗਾ। ਪਾਣੀ ਦੀ ਬੱਚਤ ਅਤੇ ਉਪਯੋਗ ਸਬੰਧੀ ਵਿਸ਼ੇਸ਼ ਸਿੱਖਿਆ ਅਤੇ ਟ੍ਰੇਨਿੰਗ ਦਾ ਪ੍ਰਬੰਧ ਕਰਨਾ ਜ਼ਰੂਰੀ ਹੈ ।

ਇਸ ਦੇ ਨਾਲ ਡਾਰਕ ਜ਼ੋਨ ਖੇਤਰਾਂ ਵਿੱਚ ਵਿਸ਼ੇਸ਼ ਲਾਕਡਾਊਨ ਅਤੇ ਐਮਰਜੈਂਸੀ ਦੀ ਤੁਰੰਤ ਜ਼ਰੂਰਤ ਹੈ, ਤਾਂ ਹੀ ਸਾਡੀਆਂ ਆਉਣ ਵਾਲੀਆਂ ਨਸਲਾਂ ਇਸ ਕੁਦਰਤੀ ਤੋਹਫ਼ੇ ਦਾ ਅਨੰਦ ਮਾਣ ਸਕਣਗੀਆਂ ।

# ਮੁੱਖ ਮੰਤਰੀ ਦੀ ਅਗਵਾਈ ਹੇਠ ਵਿਧਾਨ ਸਭਾ ਵੱਲੋਂ ਹਿਮਾਚਲ ਪ੍ਰਦੇਸ਼ ਸਰਕਾਰ ਦੇ ਪਣ ਬਿਜਲੀ ਪ੍ਰਾਜੈਕਟਾਂ ਉਤੇ ਵਾਟਰ ਸੈੱਸ ਲਾਉਣ ਦੇ ਫੈਸਲੇ ਦੀ ਨਿਖੇਧੀ

## ਇਹ ਕਦਮ ਪੰਜਾਬ ਤੇ ਇਸ ਦੇ ਲੋਕਾਂ ਦੇ ਹਿੱਤਾਂ ਨਾਲ ਵੱਡਾ ਧੱਕਾ : ਭਗਵੰਤ ਮਾਨ

ਚੰਡੀਗੜ੍ਹ, 23 ਮਾਰਚ (ਪੋਸਟ ਬਿਊਰੋ): ਰਿਪੇਰੀਅਨ ਸਿਧਾਂਤ ਮੁਤਾਬਕ ਪਾਣੀ ਉਤੇ ਆਪਣਾ ਕਾਨੂੰਨੀ ਹੱਕ ਜਤਾਉਂਦਿਆਂ ਪੰਜਾਬ ਵਿਧਾਨ ਸਭਾ ਨੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪਣ ਬਿਜਲੀ ਪ੍ਰਾਜੈਕਟਾਂ ਉਤੇ ਵਾਟਰ ਸੈੱਸ ਲਾਉਣ ਦੇ ਹਿਮਾਚਲ ਪ੍ਰਦੇਸ਼ ਸਰਕਾਰ ਦੇ ਫੈਸਲੇ ਦੀ ਨਿਖੇਧੀ ਕੀਤੀ।

ਹਿਮਾਚਲ ਪ੍ਰਦੇਸ਼ ਸਰਕਾਰ ਦੇ ਇਸ ਕਦਮ ਦੀ ਨਿਖੇਧੀ ਕਰਨ ਲਈ ਜਲ ਸਰੋਤ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਵੱਲੋਂ ਪੇਸ਼ ਮਤੇ ਦੀ ਪ੍ਰੋੜ੍ਹਤਾ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਹ ਪੰਜਾਬ ਦੇ ਹਿੱਤਾਂ ਅਤੇ ਇਸ ਦੇ ਲੋਕਾਂ ਨਾਲ ਵੱਡਾ ਧੱਕਾ ਹੈ। ਉਨ੍ਹਾਂ ਕਿਹਾ ਕਿ ਇਸ ਦੇ ਉਲਟ ਪੰਜਾਬ (ਪੰਜ ਦਰਿਆਵਾਂ ਦੀ ਧਰਤੀ) ਅੱਜ ਪੀਣ ਵਾਲੇ ਪਾਣੀ ਦੀ ਗੰਭੀਰ ਕਿੱਲਤ ਦਾ ਸਾਹਮਣਾ ਕਰ ਰਿਹਾ ਹੈ। ਭਗਵੰਤ ਮਾਨ ਨੇ ਕਿਹਾ ਕਿ ਸੂਬੇ ਦੇ ਪਾਣੀਆਂ ਉਤੇ ਹਿਮਾਚਲ ਪ੍ਰਦੇਸ਼ ਸਰਕਾਰ ਦਾ ਇਹ ਕੋਝਾ ਹਮਲਾ ਹੈ, ਜਿਸ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

ਹਿਮਾਚਲ ਪ੍ਰਦੇਸ਼ ਦੀ ਕਾਂਗਰਸ ਸਰਕਾਰ ਨੂੰ ਕਰੜੇ ਹੱਥੀਂ ਲੈਂਦਿਆਂ ਮੁੱਖ ਮੰਤਰੀ ਨੇ ਸਪੱਸ਼ਟ ਕੀਤਾ ਕਿ ਸੁੱਖੂ ਸਰਕਾਰ ਦਾ ਇਹ ਕਦਮ ਗ਼ੈਰ-ਕਾਨੂੰਨੀ ਅਤੇ ਤਰਕਹੀਣ ਹੈ। ਉਨ੍ਹਾਂ ਕਿਹਾ ਕਿ ਦਰਿਆਈ ਪਾਣੀਆਂ ਉਤੇ ਪੰਜਾਬ ਦਾ ਕਾਨੂੰਨੀ ਹੱਕ ਹੈ ਅਤੇ ਕੋਈ ਵੀ ਸੂਬੇ ਦਾ ਇਹ ਹੱਕ ਨਹੀਂ ਖੋਹ ਸਕਦਾ। ਭਗਵੰਤ ਮਾਨ ਨੇ ਕਿਹਾ ਕਿ ਆਪਣੀ ਜ਼ਮੀਨ ਰਾਹੀਂ ਵਹਿ ਰਹੇ ਪਾਣੀ ਉਤੇ ਪੰਜਾਬ ਇਕ ਦੁਆਨੀ ਵੀ ਕਿਸੇ ਨੂੰ ਨਹੀਂ ਦੇਵੇਗਾ।

ਮੁੱਖ ਮੰਤਰੀ ਨੇ ਕਿਹਾ ਕਿ ਕਾਂਗਰਸ ਸਰਕਾਰ ਦਾ ਇਹ ਕਦਮ ਦੇਸ਼ ਨੂੰ ਵੰਡਣ ਦੇ ਉਦੇਸ਼ ਨਾਲ ਚੁੱਕਿਆ ਗਿਆ ਹੈ। ਉਨ੍ਹਾਂ ਕਿਹਾ ਕਿ ਇਹ 'ਭਾਰਤ ਜੋੜੋ' ਨਹੀਂ, ਸਗੋਂ 'ਭਾਰਤ ਤੋੜੋ' ਮੁਹਿੰਮ ਹੈ। ਉਨ੍ਹਾਂ ਪੰਜਾਬ ਦੇ ਕਾਂਗਰਸ ਆਗੂਆਂ ਦੀ ਵਿਧਾਨ ਸਭਾ ਵਿੱਚੋਂ ਗ਼ੈਰਹਾਜ਼ਰੀ ਉਤੇ ਸਵਾਲ ਚੁੱਕਦਿਆਂ ਆਖਿਆ ਕਿ ਜਦੋਂ ਸੂਬਾ ਪਾਣੀਆਂ ਬਾਰੇ ਗੰਭੀਰ ਮਸਲਿਆਂ ਉਤੇ ਵਿਚਾਰ ਕਰ ਰਿਹਾ ਹੈ ਤਾਂ ਉਹ ਸਦਨ ਵਿੱਚ ਹਾਜ਼ਰ ਹੀ ਨਹੀਂ ਹਨ। ਭਗਵੰਤ ਮਾਨ ਨੇ ਕਿਹਾ ਕਿ ਇਨ੍ਹਾਂ ਆਗੂਆਂ ਨੇ ਹਮੇਸ਼ਾ ਪੰਜਾਬ ਦੀ ਪਿੱਠ ਵਿੱਚ ਛੁਰਾ ਮਾਰਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਦਰਪੇਸ਼ ਸਾਰੇ ਮਸਲਿਆਂ ਦੇ ਹੱਲ ਲਈ ਸੂਬਾ ਸਰਕਾਰ ਕੋਈ ਕਸਰ ਬਾਕੀ ਨਹੀਂ ਛੱਡੇਗੀ।

ਮੁੱਖ ਮੰਤਰੀ ਨੇ ਕਿਹਾ ਕਿ ਹਿਮਾਚਲ ਪ੍ਰਦੇਸ਼ ਸਰਕਾਰ ਦੇ ਇਸ ਸ਼ਰਮਨਾਕ ਕਾਰੇ ਨੇ ਸਾਬਤ ਕਰ ਦਿੱਤਾ ਹੈ ਕਿ ਕਾਂਗਰਸ ਦੇ ਕਈ ਚਿਹਰੇ ਹਨ ਅਤੇ ਉਹ ਹਮੇਸ਼ਾ ਸਿਆਸੀ ਸਹੂਲਤ ਲਈ ਆਪਣੇ ਇਨ੍ਹਾਂ ਚਿਹਰਿਆਂ ਨੂੰ ਵਰਤਦੀ ਰਹੀ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਆਗੂ ਸੰਘੀ ਢਾਂਚੇ ਬਾਰੇ ਵੱਡੇ-ਵੱਡੇ ਦਾਅਵੇ ਕਰਦੇ ਹਨ ਪਰ ਅਸਲ ਵਿੱਚ ਉਹ ਚੱਲਦੇ ਆਪਣੇ ਸਿਆਸੀ ਮੁਫ਼ਾਦ ਮੁਤਾਬਕ ਹੀ ਹਨ। ਭਗਵੰਤ ਮਾਨ



ਨੇ ਕਿਹਾ ਕਿ ਇਸ ਵਾਰ ਫਿਰ ਕਾਂਗਰਸ ਨੇ ਪੰਜਾਬ ਖ਼ਿਲਾਫ਼ ਸਾਜ਼ਿਸ਼ ਘੜੀ ਹੈ ਪਰ ਇਸ ਨੂੰ ਕਿਸੇ ਵੀ ਕੀਮਤ ਉਤੇ ਕਾਮਯਾਬ ਨਹੀਂ ਹੋਣ ਦਿੱਤਾ ਜਾਵੇਗਾ।

ਮੁੱਖ ਮੰਤਰੀ ਨੇ ਹਿਮਾਚਲ ਪ੍ਰਦੇਸ਼ ਸਰਕਾਰ ਨੂੰ ਸਲਾਹ ਦਿੱਤੀ ਕਿ ਉਹ ਸੂਬਿਆਂ ਦੀਆਂ ਤਾਕਤਾਂ ਘਟਾਉਣ ਵਾਲੇ ਅਜਿਹੇ ਕਦਮ ਚੁੱਕਣ ਤੋਂ ਸੰਕੋਚ ਕਰਨ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਹਮੇਸ਼ਾ ਸੂਬਿਆਂ ਦੀ ਆਵਾਜ਼ ਦਬਾਉਣਾ ਚਾਹੁੰਦੀ ਹੈ ਅਤੇ ਹਿਮਾਚਲ ਪ੍ਰਦੇਸ਼ ਸਰਕਾਰ ਵੱਲੋਂ ਅਜਿਹੇ ਮਸਲੇ ਚੁੱਕਣ ਨਾਲ ਕੇਂਦਰ ਸਰਕਾਰ ਨੂੰ ਸੂਬੇ ਨਾਲ ਸਬੰਧਤ ਮਸਲਿਆਂ ਵਿੱਚ ਬੇਲੋੜੀ ਦਖ਼ਲਅੰਦਾਜ਼ੀ ਦਾ ਮੌਕਾ ਮਿਲਿਆ ਹੈ। ਭਗਵੰਤ ਮਾਨ ਨੇ ਇਹ ਵੀ ਕਿਹਾ ਕਿ ਜੇ ਕਾਂਗਰਸ ਸਰਕਾਰ ਆਪਣੇ ਮਨਸੂਬੇ ਨੂੰ ਅੱਗੇ ਵਧਾਉਂਦੀ ਹੈ ਤਾਂ ਉਹ ਕਿਹੜੇ ਮੂੰਹ ਨਾਲ ਦੇਸ਼ ਵਿੱਚ ਸੰਘੀ ਢਾਂਚੇ ਬਾਰੇ ਦਾਅਵੇ ਕਰੇਗੀ।

ਸੂਬੇ ਵਿੱਚ ਪਾਣੀ ਦੀ ਕਿੱਲਤ ਦੀ ਸਮੱਸਿਆ ਬਾਰੇ ਗੱਲ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਧਰਤੀ ਹੇਠਲੇ ਪਾਣੀ ਦੀ ਬੇਤਰਸੀ ਨਾਲ ਵਰਤੋਂ ਕਾਰਨ ਸੂਬੇ ਦਾ ਬਹੁਤਾ ਇਲਾਕਾ 'ਡਾਰਕ ਜ਼ੋਨ' ਵਿੱਚ ਹੈ। ਉਨ੍ਹਾਂ ਕਿਹਾ ਕਿ ਸੂਬੇ ਦੇ ਮਿਹਨਤੀ ਕਿਸਾਨਾਂ ਨੇ ਸੂਬੇ ਦੇ ਇਕੋ-ਇਕ ਕੁਦਰਤੀ ਸਰੋਤ ਪਾਣੀ ਦੀ ਬੇਦਰਦੀ ਨਾਲ ਵਰਤੋਂ ਕਰਕੇ ਦੇਸ਼ ਲਈ ਝੋਨਾ ਪੈਦਾ ਕੀਤਾ। ਭਗਵੰਤ ਮਾਨ ਨੇ ਕਿਹਾ ਕਿ ਪੰਜਾਬ ਦੇ ਇਸ ਵਡੇਰੇ ਯੋਗਦਾਨ ਨੂੰ ਮਾਨਤਾ ਦੇਣ ਦੀ ਥਾਂ ਸੂਬੇ ਦੇ ਹਿੱਤਾਂ ਨਾਲ ਖਿਲਵਾੜ ਕਰਨ ਲਈ ਅਜਿਹੀਆਂ ਯੋਜਨਾਵਾਂ ਬਣਾਈਆਂ ਜਾ ਰਹੀਆਂ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਇਹ ਬਹੁਤਾ ਵੱਡਾ ਦੁਖਾਂਤ ਹੈ ਕਿ ਸੂਬੇ ਦੇ ਬਿਲਕੁੱਲ ਵਿਚਕਾਰ ਪੈਂਦਾ ਜ਼ਿਲ੍ਹਾ ਵੀ ਹੁਣ ਨਹਿਰੀ ਪਾਣੀ ਦੇ ਟੇਲਾਂ ਉਤੇ ਹੈ। ਉਨ੍ਹਾਂ ਕਿਹਾ ਕਿ ਇਕ ਪਾਸੇ ਸੂਬਾ ਸਰਕਾਰ ਪੰਜਾਬ ਦੇ ਵਿਕਾਸ ਲਈ ਅਣਥੱਕ ਕੋਸ਼ਿਸ਼ਾਂ ਕਰ ਰਹੀ ਹੈ, ਦੂਜੇ ਪਾਸੇ ਸੂਬੇ ਨਾਲ ਖਿਲਵਾੜ ਕਰਨ ਵਾਲੀਆਂ ਤਾਕਤਾਂ ਅਜਿਹੇ ਕਦਮ ਚੁੱਕ ਰਹੀਆਂ ਹਨ। ਭਗਵੰਤ ਮਾਨ ਨੇ ਸਦਨ ਨੂੰ ਭਰੋਸਾ ਦਿੱਤਾ ਕਿ ਪੰਜਾਬ ਸਰਕਾਰ ਹਰ ਕੀਮਤ ਉਤੇ ਸੂਬੇ ਦੇ ਹਿੱਤਾਂ ਦੀ ਰਾਖੀ ਕਰੇਗੀ।


Tri-City Professional Realty Inc., Brokerage. The Future of Real Estate

www.TriCityPro.com

Number 1. Tri-City agent in Canada on basis of sales volume 2021

ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 36 ਸਾਲਾ ਤਜਰਬੇ ਵਾਲੇ

ਅਵਤਾਰ ਸਿੰਘ ਟਿਵਾਣਾ

NEED MORE LISTINGS

- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

Avtar Singh Tiwana
Sales Representative

Tel: 905.793.5777

416.802.5866

31 Melanie Dr. Unit #4 Brampton, ON L6T 5H8

SOLD $1,399,999 CASTLEMORE/GOREWAY

SOLD $1,749,900 8337 ਗਲਫ ਲਾਈਨ

SOLD $1,950,000 26 Yellow RomeRd


## ਕੁਈਨਜ਼ਵੁੱਡ ਕਾਲਜ ਆਫ਼ ਬਿਜ਼ਨਸ ਹੈਲਥ ਐਂਡ ਟੈਕਨਾਲੋਜੀ ਡਿਪਲੋਮਾ ਅਤੇ ਛੋਟੇ ਕੋਰਸ ਪੇਸ਼ ਕਰਦਾ ਹੈ

ਡਿਪਲੋਮਾ ਪ੍ਰੋਗਰਾਮਾਂ ਵਿੱਚ ਅਸੀਂ **Medical Office Assistant** ਪ੍ਰੋਗਰਾਮ ਪੇਸ਼ ਕਰ ਰਹੇ ਹਾਂ । ਇਹ ਪ੍ਰੋਗਰਾਮ ਉਹਨਾਂ ਸਾਰਿਆਂ ਲਈ ਢੁਕਵਾਂ ਹੈ ਜੋ ਡਾਕਟਰ ਦੇ ਦਫ਼ਤਰ ਵਿੱਚ ਕੰਮ ਕਰਨਾ ਚਾਹੁੰਦੇ ਹਨ। ਤੁਸੀਂ ਇਸ ਕੋਰਸ ਨੂੰ ਪੂਰਾ ਕਰਨ ਤੋਂ ਬਾਅਦ ਡਾਕਟਰ ਦੇ ਦਫਤਰ ਵਿੱਚ ਇੱਕ ਚੰਗੀ ਸਫੈਦ ਕਾਲਰ ਦੀ ਨੌਕਰੀ ਪ੍ਰਾਪਤ ਕਰ ਸਕਦੇ ਹੋ। ਇਹ ਪ੍ਰੋਗਰਾਮ 47 ਹਫ਼ਤਿਆਂ ਦਾ ਹੈ। ਇਸ ਪ੍ਰੋਗਰਾਮ ਵਿੱਚ ਡਾਕਟਰ ਦੇ ਦਫ਼ਤਰ ਵਿੱਚ 240 **Hours** ਦੀ ਵਿਹਾਰਕ ਸਿਖਲਾਈ ਸ਼ਾਮਲ ਹੈ ਜੋ ਕਿ ਗਿਆਨ ਪ੍ਰਾਪਤ ਕਰਨ ਵਿੱਚ ਮਦਦਗਾਰ ਹੈ।

ਇਹ ਪ੍ਰੋਗਰਾਮ ਕਿਸੇ ਵੀ ਕੰਪਨੀ ਦੇ ਪ੍ਰਸ਼ਾਸਕੀ ਖੇਤਰ, ਫਰੰਟ ਡੈਸਕ ਨੌਕਰੀਆਂ, ਰਿਸੈਪਸ਼ਨਿਸਟ, ਆਫਿਸ ਐਡਮਿਨਿਸਟ੍ਰੇਟੋ ਵਿੱਚ ਨੌਕਰੀ ਪ੍ਰਾਪਤ ਕਰਨ ਵਿੱਚ ਮਦਦ ਕਰਦਾ ਹੈ।

ਇਸ ਕੋਰਸ ਲਈ ਪੂਰਵ ਸ਼ਰਤ ਹੈ, ਪ੍ਰੋਗਰਾਮ ਵਿੱਚ ਦਾਖਲਾ ਲੈਣ ਲਈ ਕਿਸੇ ਵੀ ਦੇਸ਼ ਤੋਂ ਘੱਟੋ-ਘੱਟ ਬਾਰ੍ਹਵੀਂ ਜਮਾਤ ਜਾਂ ਤੁਹਾਡੀ ਉਮਰ 18 ਸਾਲ ਤੋਂ ਵੱਧ ਹੋਣੀ ਚਾਹੀਦੀ ਹੈ।

ਇਸ ਤੋਂ ਇਲਾਵਾ, Office Administration ਡਿਪਲੋਮਾ ਪ੍ਰੋਗਰਾਮ ਅਤੇ Personal Support Worker, Food Service Worker, ਪ੍ਰੋਗਰਾਮ ਵੀ ਪੇਸ਼ ਕੀਤੇ ਜਾਂਦੇ ਹਨ। ਛੋਟੇ ਕੋਰਸਾਂ ਵਿੱਚ, ਬੇਸਿਕ ਤੋਂ ਐਡਵਾਂਸ ਕੰਪਿਊਟਰ ਕੋਰਸ, ਅੰਗਰੇਜ਼ੀ ਭਾਸ਼ਾ ਦੇ ਕੋਰਸ, Accounting, ਆਈਲੈਟਸ, ਸੇਲਪਪ, ਡੇਟਾ ਐਂਟਰੀ ਅਤੇ ਫਰੈਂਚ ਕਲਾਸਾਂ ਵੀ ਇੱਥੇ ਦਿੱਤੀਆਂ ਜਾ ਰਹੀਆਂ ਹਨ। ਕਲਾਸਾਂ ਹਫ਼ਤੇ ਦੇ ਦਿਨ ਅਤੇ ਸ਼ਨੀਵਾਰ ਲਈ ਉਪਲਬਧ ਹਨ। Flexible schedule.

ਵਧੇਰੇ ਜਾਣਕਾਰੀ ਲਈ, ਤੁਸੀਂ 905-872-0088 ਤੇ ਕਾਲ ਕਰ ਸਕਦੇ ਹੋ।

Website: www.queenswood.com

Address: 2023 William, Pkwy, Unit 3, Brampton, ON, L6S 5N1


ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

# Matrimonial
ਰਿਸ਼ਤੇ ਹੀ ਰਿਸ਼ਤੇ

Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202


## ਲੜਕੀ ਦੀ ਲੋੜ

ਲੁਬਾਣਾ ਸਿੱਖ ਲੜਕਾ ਕੈਨੇਡੀਅਨ ਸਿਟੀਜ਼ਨ, ਉਮਰ 29, ਹਾਈਟ 5 ਫੁੱਟ 8 ਇੰਚ, ਸੈਲਫ ਇੰਪਲਾਇਡ ਲਈ ਬੀਐੱਸਸੀ ਨਰਸਿੰਗ ਜਾਂ ਵਰਕ ਪਰਮਿਟ 'ਤੇ ਆਈ ਲੜਕੀ ਦੀ ਜ਼ਰੂਰਤ ਹੈ।ਲੁਬਾਣਾ ਬਰਾਦਰੀ ਨੂੰ ਪਹਿਲ ਦਿੱਤੀ ਜਾਵੇਗੀ।ਸੰਪਰਕ: 7093510275

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877 Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.


# ਸੈਲ ਐਂਡ ਫਿਕਸ

ਟ੍ਰਕ ਡਰਾਇਵਰਾਂ ਤੇ ਸਟੂਡੈਂਟਾਂ ਲਈ ਧਮਾਕੇਦਾਰ ਤੇ ਸਸਤੇ ਫੋਨ ਪਲੈਨ।

ਫੋਨ: 905-790-9999

2565 Steeles Ave E unit 3, Brampton, ON L6T 4L6

A-One Drivers TRAINING SCHOOL

G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ

ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ

ਫਰੀ ਪਿਕਅਪ

Best Rates For Lessons

- ਮੁਫਤ ਪਿਕਅਪ ਅਤੇ ਡਰਾਪ ਆਫ
- ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਉਂਟ ਸਰਟੀਫਿਕੇਟ
- ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
- ਵਾਜਿਬ ਕੀਮਤ

ਲੇਡੀਜ਼ ਇੰਸਟ੍ਰਕਟਰ

647-998-7500 ਬਲਵਿੰਦਰ


## ਲੜਕੀ ਦੀ ਲੋੜ

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9", ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11" ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ।ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ।ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661


Visions of Punjab

VISION ZOOMERTV

Airs Across Canada
Every Saturday
1:00 pm to 1:30 pm EST
10:00 am to 10:30 am PST

Mahal Entertainment Inc.
Cell:416-587-5520
Email: iqbalmahal46@gmail.com

Natasha Mahal, Co-Host
Iqbal Mahal, Producer & Host

Serving the South Asian Community Since 1976


## ਲੜਕੇ ਦੀ ਲੋੜ

ਰਮਦਾਸੀਆ ਸਿੱਖ ਸੋਹਣੀ ਸੁਨੱਖੀ ਲੜਕੀ, ਕੱਦ 5 ਫੁੱਟ 7 ਇੰਚ, ਜਨਮ 1993, ਐਮ.ਟੈਕ, ਕੈਨੇਡਾ ਦੀ ਪੀ.ਆਰ., ਲਈ ਪ੍ਰੋਫੈਸ਼ਨਲੀ ਕੁਆਲੀਫਾਈਡ ਸਿੱਖ ਲੜਕੇ ਦੀ ਲੋੜ ਹੈ। ਲੜਕਾ ਪੀ.ਆਰ. ਹੋਣਾ ਚਾਹੀਦਾ ਹੈ ਅਤੇ ਕੈਨੇਡਾ ਵਿਚ ਕੰਮ ਕਰਦੇ ਲੜਕੇ ਨੂੰ ਪਹਿਲ ਦਿੱਤੀ ਜਾਵੇਗੀ। ਫੋਟੋ/ਬਾਇਓਡਾਟਾ sukhik0113@gmail.com ਉਤੇ ਭੇਜ ਸਕਦੇ ਹੋ। ਸੰਪਰਕ: +91 9868560322 ਜਾਂ 437 261 4061

Need suitable match for 58 years old Hindu (Khatri) lady (Non Manglik), Height 5'3". Seeking a trustworthy man upto 65 years. Contact :- 647-323-5428.

Qualified match for beautiful never married Punjabi Khatri girl 5'7" 35 years Software Engineer at Toronto .Canada PR. Well settled in IT job . Good family.call +16475649350 email marti.mail.20@gmail.com

Saini Sikh family seeks a suitable match for their beautiful daughter, born and raised in Canada, 36 years old, slim, 5'4" tall, has a bachelor's degree, has a good job, divorced after short marriage. The boy should be educated, well settled, handsome, Canadian born. Please send bio-data and pictures on whatsapp. Phone :- 437-288-6010. Caste no bar.

'Qualified match for beautiful never married 81 born girl, Canada PR, well settled in job with Pharma co at Toronto. Call: +16475649350, Email: skvmatri49@gmail.com

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com


STARLANE PAINTING

Residential • Commercial • Industrial

- Hotel • Motel • Exterior
- Interior • Spray Painting
- Office Painting • Drywall Fixing

ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ

7 Days A Week

Call For FREE Estimate

ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ

416.230.4000 • 647.409.1092

www.STARLANEPAINTING.com

ਹਰਜੀਤ ਧਨੋਆ


## ਲੜਕੇ ਦੀ ਲੋੜ

Saini Sikh family living in Ontario seeks suitable match for their beautiful daughter born in India and raised in Canada since 2005, 27-year-old, slim 5'3" tall has a bachelor degree and a good job. Boy should be Sikh, educated, living and working in Canada. Please contact on +1 (289) 707- 4366.

ਕੈਨੇਡਾ ਪੀ ਆਰ ਲੜਕੀ ਲਈ ਵਰ ਦੀ ਲੋੜ, 1991/5'3", ਲਈ ਸ਼ੁਧ ਵੈਸ਼ਨੂੰ ਲੜਕੇ ਦੀ ਲੋੜ। ਕੈਨੇਡਾ ਨੂੰ ਪਹਿਲ। ਸੰਪਰਕ: 9855238175

ਜੱਟ ਸਿੱਖ 1996/5'-3", ਇੰਟਰਨੈਸ਼ਨਲ ਬਿਜ਼ਨੈੱਸ ਮੈਨੇਜਮੈਂਟ (ਕੈਨੇਡਾ ਪੀ-ਆਰ) ਲੜਕੀ ਲਈ ਕੈਨੇਡਾ ਪੀਆਰ/ਨਾਨ-ਪੀਆਰ ਲੜਕਾ ਚਾਹੀਦਾ ਹੈ। ਮਾਲਵੇ ਨੂੰ ਤਰਜੀਹ। ਸੰਪਰਕ:9478403300

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2" ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

# ਰਾਸ਼ਟਰਪਤੀ ਵਲੋਂ ਉਘੇ ਸਿੱਖ ਵਿਦਵਾਨ ਡਾ.ਰਤਨ ਸਿੰਘ ਜੱਗੀ ਦਾ ਪਦਮਸ੍ਰੀ ਪੁਰਸ਼ਕਾਰ ਨਾਲ ਸਨਮਾਨ



ਨਵੀ ਦਿੱਲੀ, 23 ਮਾਰਚ (ਪੋਸਟ ਬਿਊਰੋ): ਭਾਰਤ ਦੇ ਰਾਸ਼ਟਰਪਤੀ ਸ੍ਰੀਮਤੀ ਦਰੋਪਦੀ ਮਰਮੂ ਨੇ ਰਾਸ਼ਟਰਪਤੀ ਭਵਨ ਵਿਖੇ ਕਰਵਾਏ ਇੱਕ ਵਿਸ਼ੇਸ ਸਨਮਾਨ ਸਮਾਰੋਹ ਦੌਰਾਨ ਉਘੇ ਸਿੱਖਿਆ ਮਾਹਰ ਤੇ ਸਿੱਖ ਵਿਦਵਾਨ ਡਾ. ਰਤਨ ਸਿੰਘ ਜੱਗੀ ਨੂੰ ਵੱਕਾਰੀ ਪੁਰਸਕਾਰ ਪਦਮਸ੍ਰੀ ਨਾਲ ਸਨਮਾਨਿਤ ਕੀਤਾ।

ਉਘੇ ਸਿੱਖ ਵਿਦਵਾਨ ਡਾ. ਰਤਨ ਸਿੰਘ ਜੱਗੀ ਨੂੰ ਰਾਸ਼ਟਰਪਤੀ ਵਲੋਂ ਇਹ ਪੁਰਸ਼ਕਾਰ ਭਾਰਤ ਦੇ ਉਪ ਰਾਸ਼ਟਰਪਤੀ ਸ੍ਰੀ ਜਗਦੀਪ ਧਨਖੜ ਅਤੇ ਪ੍ਰਧਾਨ ਮੰਤਰੀ ਸ੍ਰੀ ਨਰਿੰ-ਦਰ ਮੋਦੀ ਤੋਂ ਇਲਾਵਾ ਕਈ ਕੇਂਦਰੀ ਮੰਤਰੀਆਂ ਦੀ ਹਾਜਰੀ ਵਿੱਚ ਦਿੱਤਾ ਗਿਆ। ਇਹ ਵੱਕਾਰੀ ਪੁਰਸ਼ਕਾਰ ਡਾ. ਰਤਨ ਸਿੰਘ ਜੱਗੀ ਨੂੰ ਸਾਹਿਤ ਤੇ ਸਿੱਖਿਆ ਦੇ ਖੇਤਰ ਵਿੱਚ ਪਾਏ ਵੱਡਮੁਲੇ ਯੋਗਦਾਨ ਲਈ ਦਿੱਤਾ ਗਿਆ। 90 ਸਾਲ ਤੋਂ ਵੀ ਵੱਧ ਉਮਰ ਦੇ ਡਾ. ਜੱਗੀ ਪੰਜਾਬੀ ਤੇ ਹਿੰਦੀ ਦੇ ਵਿਦਵਾਨ ਹਨ ਉਹਨਾਂ ਕੋਲ ਗੁਰਮਿਤ ਅਤੇ ਭਗਤੀ ਲਹਿਰ ਸਾਹਿਤ ਦੀ ਵਿਸ਼ੇਸ਼ ਮੁਹਾਰਤ ਹੈ।

# ਮੁੱਖ ਮੰਤਰੀ ਨੇ 6 ਨੌਜਵਾਨਾਂ ਨੂੰ ਸ਼ਹੀਦ ਭਗਤ ਸਿੰਘ ਯੂਥ ਐਵਾਰਡ ਨਾਲ ਸਨਮਾਨਿਆ

***ਸਮਾਜ ਪ੍ਰਤੀ ਨੌਜਵਾਨਾਂ ਦੇ ਨਿਰਸਵਾਰਥ ਸੇਵਾ ਵਾਲੇ ਜਜ਼ਬੇ ਲਈ ਐਵਾਰਡ ਇਕ ਪਛਾਣ *'ਖੇਡ ਮੈਦਾਨ, ਹਰ ਪਿੰਡ ਦੀ ਪਛਾਣ' ਮੁਹਿੰਮ ਦੀ ਸ਼ੁਰੂਆਤ**



ਹੁਸੈਨੀਵਾਲਾ (ਫ਼ਿਰੋਜ਼ਪੁਰ), 23 ਮਾਰਚ (ਗਿਆਨ ਸਿੰਘ): ਨੌਜਵਾਨਾਂ ਨੂੰ ਸਮਾਜ ਦੀ ਨਿਰਸਵਾਰਥ ਸੇਵਾ ਲਈ ਉਤਸ਼ਾਹਤ ਕਰਨ ਦੇ ਉਦੇਸ਼ ਨਾਲ ਇਕ ਮਿਸਾਲੀ ਪਹਿਲਕਦਮੀ ਕਰਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਛੇ ਨੌਜਵਾਨਾਂ ਨੂੰ ਸ਼ਹੀਦ ਭਗਤ ਸਿੰਘ ਯੂਥ ਐਵਾਰਡ ਪ੍ਰਦਾਨ ਕੀਤੇ।

ਮੁੱਖ ਮੰਤਰੀ ਨੇ ਨਵਜੋਤ ਕੌਰ (ਬਰਨ-ਾਲਾ), ਮਨੋਜ ਕੁਮਾਰ (ਮਾਨਸਾ), ਬੇਅੰਤ ਕੌਰ (ਬਠਿੰਡਾ), ਓਮਕਾਰ ਮੋਹਨ ਸਿੰਘ (ਰੂਪਨਗਰ), ਗੁਰਜੋਤ ਸਿੰਘ ਕਲੇਰ (ਮੋਹਾਲੀ) ਅਤੇ ਸੁਖਦੀਪ ਕੌਰ (ਬਠਿੰਡਾ) ਸਣੇ ਛੇ ਨੌਜਵਾਨਾਂ ਨੂੰ ਇਹ ਐਵਾਰਡ ਦਿੱਤਾ। ਇਨ੍ਹਾਂ ਨੌਜਵਾਨਾਂ ਦੀ ਸ਼ਲਾਘਾ ਕਰਦਿਆਂ ਭਗਵੰਤ ਮਾਨ ਨੇ ਉਮੀਦ ਜਤਾਈ ਕਿ ਇਹ ਨੌਜਵਾਨ ਸਮਾਜ ਦੀ ਭਲਾਈ ਲਈ ਅਗਾਂਹ ਵੀ ਉਸਾਰੂ ਭੂਮਿਕਾ ਨਿਭਾਉਣਗੇ। ਉਨ੍ਹਾਂ ਕਿਹਾ ਕਿ ਇਨ੍ਹਾਂ ਐਵਾਰਡਾਂ ਦਾ ਨਾਮ ਸ਼ਹੀਦ ਭਗਤ ਸਿੰਘ ਦੇ ਨਾਮ ਉਤੇ ਰੱਖਿਆ ਗਿਆ ਹੈ, ਜਿਨ੍ਹਾਂ ਦਾ ਦੇਸ਼ ਲਈ ਦਿੱਤਾ ਮਹਾਨ ਬਲੀਦਾਨ ਹਮੇਸ਼ਾ ਨੌਜਵਾਨਾਂ ਨੂੰ ਪ੍ਰੇਰਦਾ ਰਹੇਗਾ।

ਮੁੱਖ ਮੰਤਰੀ ਨੇ ਅੱਗੇ ਕਿਹਾ ਕਿ ਪੰਜਾਬ ਸਰਕਾਰ ਨੇ ਬੰਦ ਪਏ ਸ਼ਹੀਦ ਭਗਤ ਸਿੰਘ ਯੁਵਾਂ ਐਵਾਰਡ ਮੁੜ ਸ਼ੁਰੂ ਕਰਨ ਦਾ ਫੈਸਲਾ ਕੀਤਾ ਹੈ, ਜਿਹੜੇ ਅੱਜ ਨੌਜਵਾਨਾਂ ਨੂੰ ਦਿੱਤੇ ਗਏ ਹਨ ਜ਼ਭਜ। ਉਨ੍ਹਾਂ ਕਿਹਾ ਕਿ ਇਹ ਐਵਾਰਡ ਹਰ ਸਾਲ ਵੱਖ-ਵੱਖ ਖੇਤਰਾਂ ਵਿੱਚ ਲਾਮਿਸਾਲ ਯੋਗਦਾਨ ਪਾਉਣ ਵਾਲੇ ਨੌਜਵਾਨਾਂ ਨੂੰ ਦਿੱਤਾ ਜਾਵੇਗਾ। ਭਗਵੰਤ ਮਾਨ ਨੇ ਅਫ਼ਸੋਸ ਪ੍ਰਗਟ ਕੀਤਾ ਕਿ ਇਹ ਐਵਾਰਡ ਸੱਤ ਸਾਲ ਪਹਿਲਾਂ ਬੰਦ ਕਰ ਦਿੱਤਾ ਗਿਆ ਸੀ ਪਰ ਹੁਣ ਸਰਕਾਰ ਨੇ ਇਸ ਨੂੰ ਮੁੜ ਸ਼ੁਰੂ ਕੀਤਾ ਹੈ

ਮੁੱਖ ਮੰਤਰੀ ਨੇ ਦੁਹਰਾਇਆ ਕਿ ਸ਼ਹੀਦ ਭਗਤ ਸਿੰਘ ਨੇ ਛੋਟੀ ਉਮਰ ਵਿੱਚ ਹੀ ਕੌਮੀ ਸੁਤੰਤਰਤਾ ਸੰਗਰਾਮ ਵਿੱਚ ਸ਼ਾਮਲ ਹੋ ਕੇ ਦੇਸ਼ ਨੂੰ ਗੁਲਾਮੀ ਦੀਆਂ ਜੰਜ਼ੀਰਾਂ ਵਿੱਚੋਂ ਆਜ਼ਾਦ ਕਰਵਾਉਣ ਲਈ ਅਹਿਮ ਭੂਮਿਕਾ ਨਿਭਾਈ। ਉਨ੍ਹਾਂ ਕਿਹਾ ਕਿ ਦੇਸ਼ ਦੀ ਬਿਨਾਂ ਸਵਾਰਥ ਸੇਵਾ ਕਰਨ ਲਈ ਸ਼ਹੀਦ-ਏ-ਆਜ਼ਮ ਭਗਤ ਸਿੰਘ ਹਮੇਸ਼ਾ ਨੌਜਵਾਨਾਂ ਵਾਸਤੇ ਪ੍ਰੇਰਨਾ ਦਾ ਸਰੋਤ ਰਹਿਣਗੇ। ਭਗਵੰਤ ਮਾਨ ਨੇ ਨੌਜਵਾਨਾਂ ਨੂੰ ਸੱਦਾ ਦਿੱਤਾ ਕਿ ਮੁਲਕ ਨੂੰ ਪ੍ਰਗਤੀਸ਼ੀਲ ਤੇ ਖ਼ੁਸ਼ਹਾਲੀ ਵੱਲ ਲੈ ਕੇ ਜਾਣ ਲਈ ਸ਼ਹੀਦ ਭਗਤ ਸਿੰਘ ਦੇ ਨਕਸ਼ੇ-ਕਦਮ ਉਤੇ ਚੱਲਣ।

ਮੁੱਖ ਮੰਤਰੀ ਨੇ ਹਰੇਕ ਪਿੰਡ ਵਿੱਚ ਸਟੇਡੀਅਮ ਬਣਾਉਣ ਲਈ ਜ਼ਿਲ੍ਹਾ ਪ੍ਰਸ਼ਾਸਨ ਦੇ ਉੱਦਮ ਵਾਲੀ ਨਵੀਂ ਤੇ ਨਿਵੇਕਲੀ ਸਕੀਮ 'ਖੇਡ ਮੈਦਾਨ, ਹਰ ਪਿੰਡ ਦੀ ਪਛਾਣ' ਦੀ ਵੀ ਸ਼ੁਰੂਆਤ ਕੀਤੀ। ਉਨ੍ਹਾਂ ਕਿਹਾ ਕਿ ਇਸ ਨਾਲ ਨੌਜਵਾਨਾਂ ਦੀ ਅਥਾਹ ਤਾਕਤ ਨੂੰ ਉਸਾਰੂ ਪਾਸੇ ਲਾਉਣ ਵਿੱਚ ਮਦਦ ਮਿਲੇਗੀ। ਭਗਵੰਤ ਮਾਨ ਨੇ ਸੂਬੇ ਵਿੱਚ ਖੇਡਾਂ ਨੂੰ ਉਤਸ਼ਾਹਤ ਕਰਨ ਲਈ ਨੌਜਵਾਨਾਂ ਦਾ ਸਮੁੱਚਾ ਵਿਕਾਸ ਯਕੀਨੀ ਬਣਾਉਣ ਦੀ ਸੂਬਾ ਸਰਕਾਰ ਦੀ ਵਚਨਬੱਧਤਾ ਵੀ ਦੁਹਰਾਈ।

ਇਸ ਸਮੇਂ ਮੁੱਖ ਮੰਤਰੀ ਨਾਲ ਕੈਬਨਿਟ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ, ਵਿਧਾਇਕ ਫਿਰੋਜ਼ਪੁਰ ਸ਼ਹਿਰੀ ਰਣਬੀਰ ਸਿੰਘ ਭੁੱਲਰ, ਵਿਧਾਇਕ ਫਿਰੋਜ਼ਪੁਰ ਦਿਹਾਤੀ ਰਜਨੀਸ਼ ਦਹੀਆ, ਕਮਿਸ਼ਨਰ ਫਿਰੋਜ਼ਪੁਰ ਮੰਡਲ ਸ੍ਰੀ ਦਲਜੀਤ ਸਿੰਘ ਮਾਂਗਟ, ਡਿਪਟੀ ਕਮਿਸ਼ਨਰ ਰਾਜੇਸ਼ ਧੀਮਾਨ, ਡੀ.ਆਈ.ਜੀ. ਰਣਜੀਤ ਸਿੰਘ ਢਿੱਲੋਂ ਆਦਿ ਹਾਜ਼ਰ ਸਨ।

# ਰੇਡੀਓ /ਟੀਵੀ ਅਪਣਾ ਵਿਨੀਪੈਗ ਕੈਨੇਡਾ ਦੇ ਫਾਊਂਡਰ ਸਵ, ਜਗਤਾਰ ਸਿੰਘ ਦੀ ਯਾਦ ਵਿੱਚ ਸ਼ਰਧਾਂਜਲੀ ਸਮਾਗਮ




ਲੁਧਿਆਣਾ, 23 ਮਾਰਚ (ਪੋਸਟ ਬਿਉਰੋ): ਪਿਛਲੇ 30 ਸਾਲਾਂ ਤੋਂ ਲਗਾਤਾਰ ਪੰਜਾਬੀ ਮਾਂ ਬੋਲੀ, ਸੱਭਿਆਚਾਰ ਅਤੇ ਵਿਰਸੇ ਦੀ ਸੇਵਾ ਕਰਦੇ ਆ ਰਹੇ ਰੇਡੀਓ/ ਟੀਵੀ ਆਪਣਾ ਦੇ ਫਾਊਂਡਰ/ਡਾਇਰੈਕਟਰ ਸਵ, ਜਗਤਾਰ ਸਿੰਘ ਵਿਨੀਪੈੱਗ ਕੈਨੇਡਾ ਨਿਵਾਸੀ ਜੋ ਕਿ ਪਿਛਲੇ ਦਿਨੀਂ ਆਪਣੀ ਧਰਮ ਪਤਨੀ ਬੀਬੀ ਮਨਧੀਰ ਕੌਰ ਮੰਨੂ ਬੇਟੇ ਜਿੰਮੀ ਸਿੰਘ,ਰੌਬੀ ਸਿੰਘ,ਰੌਨੀ ਸਿੰਘ ਅਤੇ ਸਮੁੱਚੇ ਪਰਿਵਾਰ ਨੂੰ ਸਦੀਵੀ ਵਿਛੋੜਾ ਦੇ ਗਏ ਸਨ। ਉਹਨਾਂ ਦੀ ਯਾਦ ਵਿੱਚ ਅੰਤਿਮ ਅਰਦਾਸ ਅਤੇ ਸ਼ਰਧਾਂਜਲੀ ਸਮਾਗਮ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਰਜਿ,ਗੋਬਿੰਦ ਨਗਰ ਲੁਧਿਆਣਾ ਵਿਖੇ ਕਰਵਾਇਆ ਗਿਆ। ਇਸ ਮੌਕੇ ਰਾਗੀ ਸਿੰਘਾਂ ਵੱਲੋਂ ਵੈਰਾਗਮਈ ਕੀਰਤਨ ਕਰਕੇ ਹਾਜਿਰ ਹੋਈਆਂ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਿਆ । ਇਸ ਮੌਕੇ ਗੁਰੂਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਵੱਲੋਂ ਸਵ, ਜਗਤਾਰ ਸਿੰਘ ਜੀ ਦੇ ਵੱਡੇ ਸਪੁੱਤਰ ਜਿੰਮੀ ਸਿੰਘ ਨੂੰ ਦਸਤਾਰ ਭੇਟ ਕੀਤੀ ਗਈ। ਇਸ ਸ਼ਰਧਾਂਜਲੀ ਸਮਾਗਮ ਦੌਰਾਨ ਪ੍ਰਸਿੱਧ ਲੇਖਕ ਸਰਬਜੀਤ ਸਿੰਘ ਵਿਰਦੀ ਨੇ ਸਟੇਜ ਦਾ ਸੰਚਾਲਨ ਕਰਦੇ ਹੋਏ ਸਵ,ਜਗਤਾਰ ਸਿੰਘ ਜੀ ਦੇ ਜੀਵਨ ਤੇ ਚਾਨਣਾ ਪਾਇਆ । ਇਸ ਮੌਕੇ ਵਿਛੜੀ ਰੂਹ ਨੂੰ ਸ਼ਰਧਾਜਲੀ ਭੇਟ ਕਰਨ ਵਾਲੇ ਬੁਲਾਰਿਆਂ ਜਿਨ੍ਹਾਂ ਵਿਚੋਂ ਡਾ,ਬਲਦੇਵ ਸਿੰਘ ਸਾਬਕਾ ਡਿਪਟੀ ਡਾਇਰੈਕਟਰ ਸਿੱਖਿਆ ਵਿਭਾਗ ਨੇ ਵਿਸਥਾਰਪੂਰਵਕ ਢੰਗ ਨਾਲ ਸ਼ਰਧਾਂਜਲੀ ਭੇਟ ਕੀਤੀ। ਡਾ,ਹਰੀ ਸਿੰਘ ਜਾਚਕ ਨੇ ਕਵਿਤਾ ਰਾਹੀਂ ਵਿਛੜੀ ਰੂਹ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਇਸ ਮੌਕੇ ਪਰਿਵਾਰ ਨਾਲ ਹਮਦਰਦੀ ਦਾ ਪ੍ਰਗਟਾਵਾ ਕਰਦੇ ਹੋਏ ਸਾਬਕਾ ਮੰਤਰੀ ਮਹੇਸ਼ਇੰਦਰ ਸਿੰਘ ਗਰੇਵਾਲ ਨੇ ਕਿਹਾ ਕਿ ਇਹ ਪਰਿਵਾਰ ਵਿੰਨੀਪੈਗ ਕੈਨੇਡਾ ਵਿੱਖੇ ਰਹਿੰਦਾ ਹੋਇਆ ਆਪਣੀ ਧਰਤੀ ਪੰਜਾਬ ਅਤੇ ਪੰਜਾਬੀਅਤ ਨਾਲ ਜੁੜਿਆ ਹੋਇਆ ਹੈ । ਇਸ ਮੌਕੇ ਪੰਜਾਬੀ ਦੇ ਪ੍ਰਸਿੱਧ ਲੇਖਕ ਬੁੱਧ ਸਿੰਘ ਨੀਲੋਂ ਨੇ ਵਿਛੜੀ ਰੂਹ ਨੂੰ ਸ਼ਰਧਾਂਜਲੀ ਭੇਟ ਕਰਦੇ ਹੋਏ ਕਿਹਾ ਕਿ ਸਵ,ਜਗਤਾਰ ਸਿੰਘ, ਮਨਧੀਰ ਕੌਰ ਮੰਨੂ ਤੇ ਇਹਨਾਂ ਦਾ ਸਾਰਾ ਪਰਿਵਾਰ ਪਿੱਛਲੇ ਲੰਬੇ ਸਮੇਂ ਤੋਂ ਆਪਣੀ ਮਾਂ ਬੋਲੀ ਪੰਜਾਬੀ ਅਤੇ ਵਿਰਸੇ ਨੂੰ ਸਾਂਭ ਰਹੇ ਹਨ । ਭਗਵੰਤ ਸਿੰਘ ਧਾਲੀਵਾਲ ਨੇ ਟੈਕਸਾਸ(ਯੂ ਐਸ ਏ) ਤੋਂ ਇਸ ਦੁੱਖਦਾਈ ਮੌਕੇ ਤੇ ਸਵਰਗੀ ਜਗਤਾਰ ਸਿੰਘ ਦੀ ਵਿਛੜੀ ਰੂਹ ਦੀ ਸ਼ਾਂਤੀ ਲਈ ਅਰਦਾਸ ਤੇ ਪਰਿਵਾਰ ਨਾਲ ਹਮਦਰਦੀ ਪ੍ਰਗਟ ਕਰਨ ਲਈ ਸ਼ੋਕ ਸੰਦੇਸ ਭੇਜਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਕਲਵੰਤ ਸਿੰਘ ਸਿੱਧੂ (ਵਿਧਾਇਕ) ਸੂਬੇਦਾਰ ਗੁਲਵੰਤ ਸਿੰਘ, ਗਿਆਨ ਸਿੰਘ ਸਾਬਕਾ ਡੀ ਪੀ ਆਰ ਓ, ਪਰਮਜੀਤ ਸਿੰਘ ਬਾਗੜੀਆਂ, ਕਰਤਿੰਦਰਪਾਲ ਸਿੰਘ ਸਿੰਗਪੁਰਾ, ਚੇਅਰਮੈਨ ਐਸੀ ਵਿੰਗ ਪੰਜਾਬ, ਲਖਵਿੰਦਰ ਸਿੰਘ ਲੱਖਾ ਸਲੇਮਪੁਰੀ ਯੂ ਕੇ, ਦਵਿੰਦਰ ਸਿੰਘ ਅਰਸ਼ੀ, ਗੁਰਪ੍ਰੀਤ ਸਿੰਘ ਸੰਧੂ ਚੰਡੀਗੜ੍ਹ,ਜਗੀਰ ਸਿੰਘ ਦਿਲਬਰ, ਸੁਰਜੀਤ ਭਗਤ, ਕੁਲਦੀਪ ਸਿੰਘ ਬਰਮੀ,ਅਵਤਾਰ ਨੰਦਪੁਰੀ, ਲਖਵਿੰਦਰ ਸ਼ਰਮਾ, ਡਾ,ਸੁਖਜਿਦਰ ਸਿੰਘ,ਕਮਲਜੀਤ ਕੌਰ ਧਾਲੀਵਾਲ,ਬਲਜੀਤ ਕੌਰ ਘੋਲੀਆ, ਅਮਰਜੀਤ ਸ਼ੇਰਪੁਰੀ,ਅਵਤਾਰ ਸਿੰਘ, ਮਹਿੰਦਰ ਸਿੰਘ, ਜਗਸ਼ਰਣ ਸਿੰਘ ਛੀਨਾ, ਮਨਿੰਦਰ ਮੋਗਾ, ਜੱਸ ਸਿੱਧੂ ਸਮੇਤ ਹੋਰ ਕਈ ਸਖਸ਼ੀਅਤਾਂ ਨੇ ਸਮਾਗਮ ਦੌਰਾਨ ਹਾਜ਼ਰੀ ਭਰਕੇ ਵਿੱਛੜੀ ਹੋਈ ਆਤਮਾ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ । ਅਖੀਰ ਵਿੱਚ ਬੀਬੀ ਮਨਧੀਰ ਕੌਰ ਮੰਨੂ ਨੇ ਸਵਰਗੀ ਜਗਤਾਰ ਸਿੰਘ ਵਲੋ ਰੇਡੀਓ/ਟੀਵੀ ਆਪਣਾ ਵਿੰਨੀਪਿਗ ਕੈਨੇਡਾ ਦੀ ਸਥਾਪਨਾ ਤੇ ਜੀਵਨ ਸੰਘਰਸ ਦਾ ਬਿਆਨ ਕਰਦਿਆਂ ਪਰਿਵਾਰ ਵੱਲੋਂ ਦੁੱਖ ਵਿੱਚ ਸਰੀਕ ਹੋਈ ਸੰਗਤ ਦਾ ਧੰਨਵਾਦ ਕੀਤਾ।

# ਇੱਕ ਤੋਂ ਵੱਧ ਦੁਕਾਨਾਂ ਤੇ ਸਕੂਲ ਦੀਆਂ ਕਿਤਾਬਾਂ ਮੁਹੱਈਆ ਕਰਵਾਉਣ ਨੂੰ ਯਕੀਨੀ ਬਣਾਉਣ ਸਕੂਲ ਮੁੱਖੀ : ਡਿਪਟੀ ਕਮਿਸ਼ਨਰ

ਫਰੀਦਕੋਟ, 23 ਮਾਰਚ (ਗਿਆਨ ਸਿੰਘ): ਡਿਪਟੀ ਕਮਿਸ਼ਨਰ ਡਾ. ਰੂਹੀ ਦੁੱਗ ਨੇ ਜਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਜਿਲ੍ਹੇ ਦੇ ਸਾਰੇ ਪ੍ਰਾਈਵੇਟ ਸਕੂਲਾਂ ਦੇ ਮੁੱਖੀਆਂ ਨਾਲ ਵਿਸ਼ੇਸ਼ ਤੌਰ ਤੇ ਬੈਠਕ ਕੀਤੀ ਅਤੇ ਸਕੂਲ ਮੁੱਖੀਆਂ ਦੀਆਂ ਸਮੱਸਿਆਵਾਂ ਵੀ ਸੁਣੀਆਂ। ਇਸ ਮੌਕੇ ਉਨ੍ਹਾਂ ਦੇ ਨਾਲ ਸਹਾਇਕ ਕਮਿਸ਼ਨਰ ਸ਼ਿਕਾਇਤਾਂ ਮੈਡਮ ਤੁਸ਼ਿਤਾ ਗੁਲਾਟੀ, ਚੇਅਰਮੈਨ ਜਿਲ੍ਹਾ ਯੋਜਨਾ ਬੋਰਡ ਸੁਖਜੀਤ ਸਿੰਘ ਢਿੱਲਵਾਂ, ਜਿਲ੍ਹਾ ਸਿੱਖਿਆ ਅਫਸਰ ਮਨਪ੍ਰੀਤ ਸਿੰਘ ਅਤੇ ਉਪ ਜਿਲ੍ਹਾ ਸਿੱਖਿਆ ਅਫਸਰ ਸ੍ਰੀ ਪ੍ਰਦੀਪ ਦਿਉੜਾ ਵੀ ਵਿਸ਼ੇਸ਼ ਤੌਰ ਤੇ ਮੌਜੂਦ ਸਨ।

ਡਿਪਟੀ ਕਮਿਸ਼ਨਰ ਨੇ ਸਕੂਲ ਮੁੱਖੀਆਂ ਦੀਆਂ ਸਮੱਸਿਆਵਾਂ ਸੁਣਨ ਉਪਰੰਤ ਨਿਰਦੇਸ਼ ਦਿੰਦੇ ਹੋਏ ਕਿਹਾ ਕਿ ਇਹ ਦੇਖਣ ਵਿੱਚ ਆਉਂਦਾ ਹੈ ਕਿ ਸਕੂਲ ਮੁੱਖੀ ਨਵੀਆਂ ਕਿਤਾਬਾਂ ਮੁਹੱਈਆ ਕਰਵਾਉਣ ਦੇ ਲਈ ਆਪਣੇ ਵੱਲੋਂ ਇੱਕ ਹੀ ਦੁਕਾਨ ਨੂੰ ਨਿਰਧਾਰਤ ਕਰ ਦਿੰਦੇ ਹਨ, ਜੋ ਕਿ ਗਲਤ ਹੈ। ਨਿਯਮਾਂ ਦੇ ਅਨੁਸਾਰ ਸਕੂਲ ਦੀਆਂ ਕਿਤਾਬਾਂ ਇੱਕ ਤੋਂ ਵੱਧ ਦੁਕਾਨਾਂ ਤੇ ਮੁਹੱਈਆ ਕਰਵਾਈਆਂ ਜਾਣੀਆਂ ਚਾਹੀਦੀਆਂ ਹਨ, ਤਾਂ ਜੋ ਵਿਦਿਆਰਥੀ ਆਪਣੀ ਸੁਵਿਧਾ ਅਨੁਸਾਰ ਕਿਸੇ ਵੀ ਦੁਕਾਨ ਤੋਂ ਕਿਤਾਬਾਂ ਖਰੀਦ ਸਕਣ। ਉਨ੍ਹਾਂ ਕਿਹਾ ਕਿ ਸਕੂਲ ਮੁੱਖੀ ਇਸ ਗੱਲ ਨੂੰ ਯਕੀਨੀ ਬਣਾਉਣ ਕਿ ਸਕੂਲ ਵੱਲੋਂ ਜੋ ਫੀਸ ਲਈ ਜਾਂਦੀ ਹੈ, ਉਸ ਸਬੰਧੀ ਜਾਣਕਾਰੀ ਸਕੂਲ ਦੇ ਨੋਟਿਸ ਬੋਰਡ ਤੇ ਲਗਾਉਣਾ ਯਕੀਨੀ ਬਣਾਇਆ ਜਾਵੇ, ਤਾਂ ਜੋ ਫੀਸ ਸਬੰਧੀ ਵਿਦਿਆਰਥੀਆਂ ਅਤੇ ਮਾਪਿਆਂ ਨੂੰ ਜਨਤਕ ਤੌਰ ਤੇ ਜਾਣਕਾਰੀ ਹੋ ਸਕੇ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਸਕੂਲ ਮੁੱਖੀ ਵਿਦਿਆਰਥੀਆਂ ਅਤੇ ਮਾਪਿਆਂ ਤੋਂ ਇਕੱਠੀ ਫੀਸ ਲੈਣ ਲਈ ਮਜ਼ਬੂਰ ਨਹੀਂ ਕਰਨਗੇ ਅਤੇ ਵਿਦਿਆਰਥੀ ਆਪਣੀ ਸੁਵਿਧਾ ਅਨੁਸਾਰ ਹਰ ਮਹੀਨੇ ਫੀਸ ਦੀ ਅਦਾਇਗੀ ਕਰ ਸਕਦੇ ਹਨ ਅਤੇ ਇਸ ਗੱਲ ਨੂੰ ਯਕੀਨੀ ਬਣਾਇਆ ਜਾਵੇ ਕਿ ਵਿਦਿਆਰਥੀਆਂ ਤੋਂ ਕਿਸੇ ਤਰ੍ਹਾਂ ਦੀ ਲੇਟ ਫੀਸ ਨਾ ਲਈ ਜਾਵੇ। ਉਨ੍ਹਾਂ ਕਿਹਾ ਕਿ ਸਕੂਲ ਬਦਲਣ ਦੌਰਾਨ ਵਿਦਿਆਰਥੀਆਂ ਨੂੰ ਸਕੂਲ ਛੱਡਣ ਸਬੰਧੀ ਜੋ ਸਰਟੀਫਿਕੇਟ ਦਿੱਤਾ ਜਾਂਦਾ ਹੈ, ਉਸ ਸਬੰਧੀ ਕਿਸੇ ਤਰ੍ਹਾਂ ਦੀ ਸਮੱਸਿਆ ਨਾ ਆਵੇ। ਇਸ ਦੌਰਾਨ ਉਨ੍ਹਾਂ ਨੇ ਪ੍ਰਾਈਵੇਟ ਸਕੂਲ ਮੁੱਖੀਆਂ ਦੀਆਂ ਸਕੂਲ ਸੰਚਾਲਨ ਸਬੰਧੀ ਸਮੱਸਿਆਵਾਂ ਵੀ ਸੁਣੀਆਂ ਅਤੇ ਹੱਲ ਸਬੰਧੀ ਨਿਰਦੇਸ਼ ਵੀ ਦਿੱਤੇ।

ਇਸ ਮੌਕੇ ਜਿਲ੍ਹਾ ਨੋਡਲ ਅਫਸਰ ਵਿੱਦਿਅਕ ਮੁਕਾਬਲੇ ਜਸਬੀਰ ਜੱਸੀ, ਸਤਗੁਰ ਸਿੰਘ ਸਟੈਨੋ ਸਮੇਤ ਵੱਖ ਵੱਖ ਪ੍ਰਾਈਵੇਟ ਸਕੂਲਾਂ ਦੇ ਮੁੱਖੀ ਵੀ ਹਾਜ਼ਰ ਸਨ।



# ਫਿਲਮੀ ਦੁਨੀਆ

## 'ਗੁਲਮੋਹਰ' ਮੇਰੇ ਲਈ ਸੁਫ਼ਨਾ ਸੱਚ ਹੋਣ ਵਾਂਗ : ਕਾਵੇਰੀ



ਫਿਲਮ 'ਗੁਲਮੋਹਰ' ਰਾਹੀਂ ਫਿਲਮ ਜਗਤ ਵਿੱਚ ਨਵੀਂ ਸ਼ੁਰੂਆਤ ਕਰਨ ਵਾਲੀ ਅਦਾਕਾਰਾ ਕਾਵੇਰੀ ਸੇਠ ਨੇ ਫਿਲਮ ਦੀ ਸ਼ੂਟਿੰਗ ਦੌਰਾਨ ਆਪਣੇ ਸਹਿ ਕਲਾਕਾਰਾਂ ਮਨੋਜ ਬਾਜਪਾਈ, ਸ਼ਰਮੀਲਾ ਟੈਗੋਰ, ਆਮੋਲ ਪਾਲੇਕਰ ਤੇ ਬਾਫ਼ਟਾ ਐਵਾਰਡ ਲਈ ਨਾਮਜ਼ਦ ਸੂਰਜ ਸ਼ਰਮਾ ਤੋਂ ਬਹੁਤ ਕੁਝ ਸਿੱਖਿਆ ਹੈ। ਅਦਾਕਾਰਾ ਦਾ ਕਹਿਣਾ ਹੈ ਕਿ ਮਨੋਜ ਨੇ ਸ਼ੂਟਿੰਗ ਦੌਰਾਨ ਉਸ ਨੂੰ ਆਪਣੇ ਤਜਰਬੇ 'ਚੋਂ ਬਹੁਤ ਕੁਝ ਦੱਸਿਆ। ਇਸ ਫਿਲਮ ਵਿੱਚ ਕਾਵੇਰੀ ਨੇ 'ਦਿੱਵਿਆ' ਨਾਂ ਦਾ ਕਿਰਦਾਰ ਨਿਭਾਇਆ ਹੈ, ਜੋ ਦਿੱਲੀ ਦੀ ਸਫ਼ਲ ਤੇ ਦ੍ਰਿੜ੍ਹ ਇਰਾਦਿਆਂ ਵਾਲੀ ਮਹਿਲਾ ਹੈ। ਕਾਵੇਰੀ ਆਪਣੇ ਕੰਮ ਦੌਰਾਨ ਸਾਹਮਣੇ ਆਉਣ ਵਾਲੀਆਂ ਦਿੱਕਤਾਂ ਦਾ ਸਾਹਮਣਾ ਕਰਦੀ ਹੋਈ ਆਪਣੀ ਵਿਆਹੁਤਾ ਜ਼ਿੰਦਗੀ ਨਾਲ ਵੀ ਸੰਤੁਲਨ ਬਣਾਉਣ ਦਾ ਯਤਨ ਕਰ ਰਹੀ ਹੈ। ਇਸ ਫਿਲਮ ਵਿੱਚ ਸੂਰਜ ਸ਼ਰਮਾ ਨੇ ਕਾਵੇਰੀ ਦੇ ਪਤੀ ਦੀ ਭੂਮਿਕਾ ਨਿਭਾਈ ਹੈ। ਅਦਾਕਾਰਾ ਨੇ ਕਿਹਾ ਕਿ 'ਗੁਲਮੋਹਰ' ਮੇਰੇ ਲਈ ਸੁਫ਼ਨਾ ਸੱਚ ਹੋਣ ਵਾਂਗ ਹੈ। ਇਹ ਇੱਕ ਖ਼ੂਬਸੂਰਤ ਕਹਾਣੀ ਹੈ, ਜੋ ਅੱਜ-ਕੱਲ ਦੀਆਂ ਪੀੜ੍ਹੀਆਂ ਨੂੰ ਬੜੇ ਹੀ ਸੱਚੇ ਢੰਗ ਨਾਲ ਦੱਸੀ ਗਈ ਹੈ। ਸ਼ੂਟਿੰਗ ਦੌਰਾਨ ਦਿੱਗਜ਼ ਕਲਾਕਾਰਾਂ ਨਾਲ ਭਰੇ ਸੈੱਟ 'ਤੇ ਕੰਮ ਕਰਨ ਤੇ ਸਿੱਖਣ ਦਾ ਮੌਕਾ ਮਿਲਿਆ।'

## ਰਾਣੀ ਮੁਖਰਜੀ ਨੇ ਕਿਹਾ: ਅਜਿਹੀਆਂ ਫ਼ਿਲਮਾਂ ਬਣਾਉਣ ਦੀ ਲੋੜ ਹੈ, ਜੋ ਲੋਕਾਂ ਦੇ ਦਿਲਾਂ ਨੂੰ ਛੂਹ ਜਾਣ



'ਮਿਸਿਜ ਚੈਟਰਜੀ ਵਰਸਿਜ਼ ਨਾਰਵੇਅ' ਨੂੰ ਪਹਿਲੇ ਵੀਕੈਂਡ 'ਚ ਮਿਲੇ ਸੁਪਰ ਸਟਾਰਟ ਨਾਲ ਰਾਣੀ ਮੁਖਰਜੀ ਨੇ ਦਾਅਵਾ ਕੀਤਾ ਹੈ ਕਿ ਕੰਟੈਂਟ ਫ਼ਿਲਮਾਂ ਸਿਰਫ ਓ. ਟੀ. ਟੀ. ਲਈ ਹਨ। ਪਹਿਲੇ ਤਿੰਨ ਦਿਨਾਂ 'ਚ ਫ਼ਿਲਮ ਨੇ ਦੇਸ਼ 'ਚ 6.42 ਕਰੋੜ ਨੈੱਟ ਕਲੈਕਸ਼ਨ ਦਰਜ ਕੀਤੀ ਹੈ।

ਰਾਣੀ ਨੇ ਕਿਹਾ ਕਿ ਮੈਂ ਦਰਸ਼ਕਾਂ ਦੀ ਪ੍ਰਤੀਕਿਰਿਆ ਨੂੰ ਦੇਖ ਕੇ ਬਹੁਤ ਖ਼ੁਸ਼ ਹਾਂ ਕਿਉਂਕਿ ਉਹ ਫ਼ਿਲਮ ਨੂੰ ਬਹੁਤ ਪਿਆਰ ਦੇ ਰਹੇ ਹਨ। ਮੇਰਾ ਹਮੇਸ਼ਾ ਤੋਂ ਇਹੀ ਮੰਨਣਾ ਹੈ ਕਿ ਚੰਗੀ ਫ਼ਿਲਮ ਹਮੇਸ਼ਾ ਲੋਕਾਂ ਨਾਲ ਜੁੜੀ ਰਹਿੰਦੀ ਹੈ ਤੇ ਉਹ ਉਤਸ਼ਾਹਿਤ ਕਰਨ ਵਾਲੇ ਅਨੁਭਵ ਨੂੰ ਹਾਸਲ ਕਰਨ ਲਈ ਸਿਨੇਮਾਘਰਾਂ 'ਚ ਆਉਣਗੇ। ਉਨ੍ਹਾਂ ਕਿਹਾ ਕਿ ਮੈਨੂੰ ਖ਼ੁਸ਼ੀ ਹੈ ਕਿ ਫ਼ਿਲਮ ਸਾਨੂੰ ਦਿਖਾ ਰਹੀ ਹੈ ਕਿ ਮਹਾਮਾਰੀ ਤੋਂ ਬਾਅਦ ਦੁਨੀਆ 'ਚ ਇਕ ਕੰਟੈਂਟ ਫ਼ਿਲਮ ਇਕ ਨਾਟਕੀ ਫ਼ਿਲਮ ਹੋ ਸਕਦੀ ਹੈ। ਮੈਨੂੰ ਲੱਗਦਾ ਹੈ ਕਿ ਇਕ ਇੰਡਸਟਰੀ ਦੇ ਰੂਪ 'ਚ ਸਾਨੂੰ ਬਸ ਅਜਿਹੀਆਂ ਫਿਲਮਾਂ ਬਣਾਉਣ ਦੀ ਲੋੜ ਹੈ, ਜੋ ਲੋਕਾਂ ਦੇ ਦਿਲਾਂ ਨੂੰ ਛੂਹ ਜਾਣ। ਇਸ ਗੱਲ 'ਤੇ ਧਿਆਨ ਦਿਓ ਕਿ ਕਿਹੜੀ ਸ਼ੈਲੀ ਵੱਡੇ ਪਰਦੇ 'ਤੇ ਕੰਮ ਕਰੇਗੀ ਤੇ ਕਿਹੜੀ ਨਹੀਂ।

ਉਨ੍ਹਾ ਨੇ ਕਿਹਾ ਕਿ ਇਕ ਸਮਾਜ ਦੇ ਰੂਪ 'ਚ ਅਸੀਂ ਚੀਜ਼ਾਂ ਨੂੰ ਇਕੱਠੇ ਮਨਾਉਣ ਤੇ ਮਹਿਸੂਸ ਕਰਨਾ ਚਾਹੁੰਦੇ ਹਾਂ। ਇਸ ਲਈ ਕਦੇ ਵੀ ਇਹ ਵਿਸ਼ਵਾਸ ਨਹੀਂ ਹੋਇਆ ਕਿ ਲੋਕ ਮਹਾਮਾਰੀ ਤੋਂ ਬਾਅਦ ਸਿਨੇਮਾਘਰਾਂ ਤੋਂ ਮੂੰਹ ਮੋੜ ਰਹੇ ਹਨ। ਲੋਕ ਸਿਰਫ ਨਵਾਂ, ਫ੍ਰੈੱਸ਼ ਕੰਟੈਂਟ ਦੇਖਣਾ ਚਾਹੁੰਦੇ ਹਨ, ਜੋ ਉਨ੍ਹਾਂ ਲਈ ਬਾਹਰ ਨਿਕਲਣ ਤੇ ਆਪਣਾ ਸਮਾਂ ਤੇ ਪੈਸੇ ਲਾਉਣ ਲਈ ਸਹੀ ਰੂਪ 'ਚ ਆਕਰਸ਼ਕ ਹੋਵੇ।

## ਵਰੁਣ ਅਤੇ ਜਾਨ੍ਹਵੀ ਕਪੂਰ ਦੀ 'ਬਵਾਲ' 6 ਅਕਤੂਬਰ ਨੂੰ ਹੋਵੇਗੀ ਰਿਲੀਜ਼





ਵਰੁਣ ਧਵਨ ਤੇ ਜਾਨ੍ਹਵੀ ਕਪੂਰ ਸਟਾਰਰ ਫ਼ਿਲਮ 'ਬਵਾਲ' ਦੀ ਦਰਸ਼ਕਾਂ 'ਚ ਲਗਾਤਾਰ ਚਰਚਾ ਹੋ ਰਹੀ ਹੈ। ਫ਼ਿਲਮ ਨਿਰਮਾਤਾ ਸਾਜਿਦ ਨਾਡਿਆਡਵਾਲਾ ਤੇ ਨਿਤੇਸ਼ ਤਿਵਾੜੀ ਦੀ 'ਛਿਛੋਰੇ', ਜਿਸ ਨੇ ਸਰਵੋਤਮ ਹਿੰਦੀ ਫੀਚਰ ਫ਼ਿਲਮ ਲਈ ਰਾਸ਼ਟਰੀ ਪੁਰਸਕਾਰ ਜਿੱਤਿਆ ਸੀ, ਦੇ ਨਾਲ ਸਫਲ ਪਾਰੀ ਤੋਂ ਬਾਅਦ ਇਹ ਅਗਲਾ ਸਹਿਯੋਗ ਹੈ।

ਇਸ ਫ਼ਿਲਮ ਨੂੰ ਲੈ ਕੇ ਦਰਸ਼ਕਾਂ ਦੇ ਉਤਸ਼ਾਹ ਦੇ ਪੱਧਰ ਨੂੰ ਬਰਕਰਾਰ ਰੱਖਦਿਆਂ ਨਿਰਮਾਤਾਵਾਂ ਨੇ ਹੁਣ ਫ਼ਿਲਮ ਦੀ ਰਿਲੀਜ਼ ਡੇਟ ਦਾ ਐਲਾਨ ਕੀਤਾ ਹੈ। ਇਹ ਫ਼ਿਲਮ 6 ਅਕਤੂਬਰ, 2023 ਨੂੰ ਸਿਨੇਮਾਘਰਾਂ 'ਚ ਆਵੇਗੀ।

ਇਹ ਫ਼ਿਲਮ ਐਵਾਰਡ ਜੇਤੂ ਨਿਰਮਾਤਾ-ਨਿਰਦੇਸ਼ਕ ਜੋੜੀ ਨੂੰ ਮੁੜ ਇਕੱਠਾ ਕਰਦੀ ਹੈ। ਵਰੁਣ ਤੇ ਜਾਨ੍ਹਵੀ ਦੀ ਨਵੀਂ ਜੋੜੀ ਪਹਿਲੀ ਵਾਰ ਇਕ-ਦੂਜੇ ਨਾਲ ਸਕ੍ਰੀਨ ਸਾਂਝੀ ਕਰੇਗੀ। ਜਨਤਾ ਦਾ ਭਰਪੂਰ ਮਨੋਰੰਜਨ ਕਰਨ ਵਾਲੀ ਇਹ ਫ਼ਿਲਮ ਆਪਣੀ ਰੋਚਕ ਸਮੱਗਰੀ ਨਾਲ ਦਰਸ਼ਕਾਂ ਨੂੰ ਸਿਨੇਮਾਘਰਾਂ 'ਚ ਖਿੱਚਣ ਦਾ ਵਾਅਦਾ ਕਰਦੀ ਹੈ। 'ਬਵਾਲ' ਨਾਡਿਆਡਵਾਲਾ ਗ੍ਰੈਂਡਸਨ ਦੇ ਬੈਨਰ ਹੇਠ ਸਾਜਿਦ ਨਾਡਿਆਡਵਾਲਾ ਵਲੋਂ ਬਣਾਈ ਗਈ ਹੈ ਤੇ ਅਰਥਸਕਾਈ ਪਿਕਚਰਜ਼ ਵਲੋਂ ਸਹਿ-ਨਿਰਮਤ ਹੈ।

## 26 ਮਈ ਨੂੰ ਰਿਲੀਜ਼ ਹੋਵੇਗੀ ਅਲੀ ਫਜ਼ਲ ਦੀ ਫ਼ਿਲਮ 'ਕੰਧਾਰ'




ਅਲੀ ਫਜ਼ਲ ਦੀ ਫਿਲਮ 'ਕੰਧਾਰ' ਰਿਲੀਜ਼ ਕਰਨ ਦੀ ਮਿਤੀ ਐਲਾਨ ਦਿੱਤੀ ਗਈ ਹੈ ਤੇ ਇਹ ਫ਼ਿਲਮ 26 ਮਈ ਨੂੰ ਰਿਲੀਜ਼ ਹੋਵੇਗੀ ਜਿਸ ਵਿੱਚ ਜੇਰਾਰਡ ਬਟਲਰ ਵੀ ਕੰਮ ਕਰ ਰਹੇ ਹਨ। ਇਹ ਇਸ ਸਾਲ ਦੀ ਅਲੀ ਫਜ਼ਲ ਦੀ ਪਹਿਲੀ ਕੌਮਾਂਤਰੀ ਫਿਲਮ ਹੈ। ਉਸ ਦੀ ਪਿਛਲੇ ਸਾਲ 'ਡੈੱਥ ਆਨ ਦਿ ਨਾਇਲ' ਫਿਲਮ ਰਿਲੀਜ਼ ਹੋਈ ਸੀ। ਅਲੀ ਨੇ ਕਿਹਾ, 'ਮੈਂ ਵਾਅਦਾ ਕਰ ਸਕਦਾ ਹਾਂ ਕਿ ਇਸ ਫਿਲਮ ਦੇ ਐਕਸ਼ਨ ਦਾ ਲੋਕ ਲੁਤਫ ਲੈਣਗੇ। ਇਸ ਫਿਲਮ ਲਈ ਟੀਮ ਨੇ ਸਚਮੁੱਚ ਸਖ਼ਤ ਮਿਹਨਤ ਕੀਤੀ ਹੈ। ਜੇਰਾਰਡ ਨਾਲ ਕੰਮ ਕਰਨਾ ਮੇਰੇ ਲਈ ਬਹੁਤ ਖੁਸ਼ੀ ਦੀ ਗੱਲ ਸੀ ਕਿਉਂਕਿ ਇਹ ਫਿਲਮ ਵਿਸ਼ਵ ਭਰ 'ਚ ਇਕੋ ਦਿਨ ਰਿਲੀਜ਼ ਹੋਵੇਗੀ। ਅਸੀਂ ਉਮੀਦ ਕਰਦੇ ਹਾਂ ਕਿ ਦੁਨੀਆ ਭਰ ਵਿਚ ਲੋਕ ਇਸ ਫਿਲਮ ਦਾ ਆਨੰਦ ਮਾਨਣਗੇ। ਇਸ ਫਿਲਮ ਵਿਚ ਜੇਰਾਰਡ ਬਟਲਰ ਨੇ ਟੌਮ ਹੈਰਿਸ ਦਾ ਕਿਰਦਾਰ ਨਿਭਾਇਆ ਹੈ ਜੋ ਇੱਕ ਖੁਫੀਆ ਸੀ.ਆਈ.ਏ. ਏਜੰਟ ਹੈ।

## ਕਾਮੇਡੀ ਨਾਲ ਸਕਾਰਾਤਮਕ ਨਜ਼ਰੀਆ ਬਣਿਆ: ਕੁਨਾਲ ਖੇਮੂ



ਕਾਮੇਡੀ ਵੈੱਬ ਸ਼ੋਅ 'ਪੌਪ ਕੌਨ' ਵਿਚ ਕੰਮ ਕਰਨ ਵਾਲੇ ਅਦਾਕਾਰ ਕੁਨਾਲ ਖੇਮੂ ਨੇ ਕਾਮੇਡੀ ਬਾਰੇ ਆਪਣਾ ਦ੍ਰਿਸ਼ਟੀਕੋਣ ਸਾਂਝਾ ਕਰਦਿਆਂ ਦੱਸਿਆ ਕਿ ਕਿਵੇਂ ਕਾਮੇਡੀ ਨੇ ਉਸ ਦਾ ਕਰੀਅਰ ਬਣਾਉਣ ਵਿਚ ਮਦਦ ਕੀਤੀ। ਕੁਨਾਲ ਨੇ ਆਪਣੇ ਐਕਟਿੰਗ ਕਰੀਅਰ ਦੀ ਸੁਰੂਆਤ ਟੀਵੀ ਸ਼ੋਅ 'ਗੁਲ ਗੁਲਸ਼ਨ ਗੁਲਫਾਮ' ਨਾਲ ਕੀਤੀ ਅਤੇ ਬਾਅਦ 'ਚ ਫਿਲਮਾਂ 'ਰਾਜਾ ਹਿੰਦੁਸਤਾਨੀ', 'ਜ਼ਖਮ', 'ਭਾਈ', 'ਹਮ ਹੈ ਰਾਹੀ ਪਿਆਰ ਕੇ' ਤੇ 'ਦੁਸ਼ਮਣ' ਵਿੱਚ ਕੰਮ ਕੀਤਾ। ਉਸ ਨੇ ਮੁੱਖ ਅਦਾਕਾਰ ਵਜੋਂ 'ਕਲਯੁਗ' ਤੇ 'ਢੋਲ' ਫਿਲਮਾਂ ਕੀਤੀਆਂ। ਇਸ ਤੋਂ ਇਲਾਵਾ ਉਸ ਨੇ ਕਾਮੇਡੀ ਫਿਲਮ 'ਗੋਲਮਾਲ 3' ਵਿੱਚ ਵੀ ਕੰਮ ਕੀਤਾ। ਉਸ ਨੇ ਦੱਸਿਆ ਕਿ ਇੱਕ ਅਦਾਕਾਰ ਵਜੋਂ ਉਹ ਕੁਝ ਨਵਾਂ ਕਰਨਾ ਚਾਹੁੰਦਾ ਹੈ ਅਤੇ ਕਾਮੇਡੀ ਰਾਹੀਂ ਉਸ ਦਾ ਸਕਾਰਾਤਮਕ ਨਜ਼ਰੀਆ ਬਣਿਆ। ਉਸ ਨੇ ਕਿਹਾ, 'ਸਿੱਖਣ, ਖੋਜਣ ਜਾਂ ਸੁਧਾਰ ਕਰਨ ਲਈ ਹਮੇਸ਼ਾ ਕੁਝ ਨਵਾਂ ਹੁੰਦਾ ਹੈ ਅਤੇ ਮੇਰਾ ਮੰਨਣਾ ਹੈ ਕਿ ਹਾਸੇ ਦੀ ਭਾਵਨਾ ਨਾਲ ਅਸੀਂ ਦੁਨੀਆ ਨੂੰ ਕਿਵੇਂ ਦੇਖਦੇ ਹਾਂ। ਮੈਂ ਇਸ ਗੱਲ 'ਤੇ ਵੀ ਜ਼ਿਆਦਾ ਨਹੀਂ ਸੋਚਦਾ ਕਿ ਮੈਂ ਸੋਸ਼ਲ ਮੀਡੀਆ 'ਤੇ ਆਪਣੇ ਆਪ ਨੂੰ ਕਿਵੇਂ ਪੇਸ਼ ਕਰਦਾ ਹਾਂ। ਮੈਂ ਬਸ ਉਹੀ ਕਰਦਾ ਹਾਂ ਜੋ ਮੈਨੂੰ ਕੁਦਰਤੀ ਤੌਰ 'ਤੇ ਆਉਂਦਾ ਹੈ।' 'ਪੌਪ ਕੌਨ' ਵਿੱਚ ਕੁਨਾਲ ਖੇਮੂ, ਜੌਨੀ ਲੀਵਰ, ਰਾਜਪਾਲ ਯਾਦਵ, ਚੰਕੀ ਪਾਂਡੇ, ਸੌਰਭ ਸੁਕਲਾ, ਮਰਹੂਮ ਸਤੀਸ਼ ਕੌਸ਼ਕਿ, ਨੂਪੁਰ ਸੈਨਨ ਅਤੇ ਜੈਮੀ ਲੀਵਰ ਹਨ।

## ਰਾਮ ਚਰਨ ਨੂੰ ਮਿਲਿਆ ਹਾਲੀਵੁੱਡ ਪ੍ਰੋਜੈਕਟ



'ਆਰ. ਆਰ. ਆਰ.' ਤੋਂ ਗਲੋਬਲ ਸਟਾਰ ਬਣ ਚੁੱਕੇ ਰਾਮ ਚਰਨ ਦੀ ਚਰਚਾ ਹਰ ਪਾਸੇ ਹੋ ਰਹੀ ਹੈ। ਰਾਮ ਆਪਣੇ ਗੀਤ ਦੇ ਨਾਂ 'ਤੇ ਆਸਕਰ ਐਵਾਰਡ ਆਪਣੇ ਨਾਂ ਕਰਕੇ ਭਾਰਤ ਪਰਤ ਆਏ ਹਨ। ਉਸ ਨੇ ਸ਼ੁੱਕਰਵਾਰ ਸ਼ਾਮ ਨੂੰ ਇੰਡੀਆ ਟੂਡੇ ਕਨਕਲੇਵ 2023 'ਚ ਸ਼ਿਰਕਤ ਕੀਤੀ। ਇਥੇ ਰਾਮ ਚਰਨ ਨੇ ਨਾ ਸਿਰਫ ਆਪਣੀ ਫ਼ਿਲਮ ਤੇ ਗੀਤਾਂ ਬਾਰੇ ਗੱਲ ਕੀਤੀ, ਸਗੋਂ ਇਹ ਵੀ ਦੱਸਿਆ ਕਿ ਕੀ ਉਹ ਕਿਸੇ ਹਾਲੀਵੁੱਡ ਫ਼ਿਲਮ ਦਾ ਹਿੱਸਾ ਬਣੇ ਹਨ।

ਇਸ ਦੌਰਾਨ ਉਨ੍ਹਾਂ ਨੂੰ ਪੁੱਛਿਆ ਗਿਆ ਕਿ ਤੁਸੀਂ ਗਲੋਬਲ ਸਟਾਰ ਬਣਨਾ ਚਾਹੁੰਦੇ ਹੋ। ਕੀ ਇਹ ਸੱਚ ਹੈ ਕਿ ਤੁਸੀਂ ਜਲਦ ਹੀ ਇਕ ਹਾਲੀਵੁੱਡ ਫ਼ਿਲਮ 'ਚ ਨਜ਼ਰ ਆਉਣ ਵਾਲੇ ਹੋ? ਇਸ ਦੇ ਜਵਾਬ 'ਚ ਰਾਮ ਚਰਨ ਨੇ ਕਿਹਾ ਕਿ ਮੈਂ ਹੁਣ ਕੁਝ ਨਹੀਂ ਕਹਿ ਸਕਦਾ। ਇਸ ਸਮੇਂ ਅਸੀਂ ਪ੍ਰਕਿਰਿਆ 'ਚ ਹਾਂ। ਅਸੀਂ ਤੁਹਾਨੂੰ ਸਮੇਂ ਸਿਰ ਸੂਚਿਤ ਕਰਾਂਗੇ। ਮੇਰੀ ਮਾਂ ਕਹਿੰਦੀ ਹੈ ਕਿ ਸਾਰਿਆਂ ਦੀ ਨਜ਼ਰ ਨਹੀਂ ਲੱਗਣੀ ਚਾਹੀਦੀ। ਅਸੀਂ ਸਾਰੇ ਹਰ ਉਸ ਉਦਯੋਗ 'ਚ ਕੰਮ ਕਰਨਾ ਚਾਹੁੰਦੇ ਹਾਂ, ਜਿਥੇ ਪ੍ਰਤਿਭਾ ਦੀ ਕਦਰ ਕੀਤੀ ਜਾਂਦੀ ਹੈ।

ਇਸ ਤੋਂ ਇਲਾਵਾ ਰਾਮ ਚਰਨ ਤੋਂ ਪੁੱਛਿਆ ਗਿਆ ਕਿ ਕੀ ਟੌਮ ਕਰੂਜ਼ ਆਸਕਰਸ 2023 'ਚ ਉਨ੍ਹਾਂ ਨੂੰ ਮਿਲਣ ਲਈ ਲੱਭ ਰਹੇ ਸਨ? ਜਵਾਬ 'ਚ ਰਾਮ ਨੇ ਕਿਹਾ ਕਿ ਨਹੀਂ, ਅਜਿਹਾ ਨਹੀਂ ਹੈ। ਇਸ ਸਮੇਂ ਮੈਂ ਟੌਮ ਕਰੂਜ਼ ਨੂੰ ਮਿਲਣਾ ਚਾਹੁੰਦਾ ਹਾਂ। ਹੋ ਸਕਦਾ ਹੈ ਕਿ ਉਹ ਭਵਿੱਖ 'ਚ ਮੈਨੂੰ ਮਿਲਣਾ ਚਾਹੁਣ। ਫਿਲਹਾਲ ਮੈਂ ਇਸ ਬਾਰੇ ਕੁਝ ਨਹੀਂ ਕਹਿ ਸਕਦਾ ਪਰ ਹਾਂ ਮੈਂ ਯਕੀਨੀ ਤੌਰ ਚਾਹੁੰਦਾ ਹਾਂ ਕਿ ਅਜਿਹਾ ਹੋਵੇ। ਸੰਭਵ ਹੈ ਕਿ ਰਾਜਾਮੌਲੀ ਆਉਣ ਵਾਲੇ ਸਮੇਂ 'ਚ ਟੌਪ ਗੰਨ ਫ਼ਿਲਮ ਬਣਾਉਣ।

ਰਾਮ ਚਰਨ ਨੇ ਇਹ ਵੀ ਦੱਸਿਆ ਕਿ ਉਸ ਦੇ ਪਿਤਾ ਨੇ ਉਸ ਨੂੰ ਇੰਡਸਟਰੀ ਬਾਰੇ ਕੀ ਸਿੱਖਿਆ ਦਿੱਤੀ ਸੀ। ਰਾਮ ਦਾ ਕਹਿਣਾ ਹੈ ਕਿ ਇਕ ਫਾਰਮੂਲਾ ਜੋ ਮੇਰੇ ਪਿਤਾ ਚਿਰੰਜੀਵੀ ਨੇ ਮੈਨੂੰ ਆਪਣੀ ਪਹਿਲੀ ਫ਼ਿਲਮ ਦੌਰਾਨ ਪਹਿਲੇ ਦਿਨ ਹੀ ਸਿਖਾਇਆ ਸੀ, ਉਹ ਸੀ ਸਟਾਫ ਦੀ ਦੇਖਭਾਲ ਕਰਨਾ। ਉਨ੍ਹਾਂ ਦਾ ਸਤਿਕਾਰ ਕਰੋ। ਜੇਕਰ ਉਹ ਤੁਹਾਡੇ ਬਾਰੇ ਗੱਲ ਕਰਨ ਲੱਗੇ ਤਾਂ ਤੁਹਾਡਾ ਕਰੀਅਰ ਖ਼ਤਮ ਹੋ ਜਾਵੇਗਾ। ਇਸ ਲਈ ਮੈਂ ਹਮੇਸ਼ਾ ਆਪਣੇ ਸਟਾਫ ਦਾ ਧਿਆਨ ਰੱਖਦਾ ਹਾਂ। ਮੇਰਾ ਮੇਕਅੱਪ ਮੈਨ, ਮੈਨੇਜਰ, ਸਟਾਈਲਿਸਟ। ਭਾਵੇਂ ਮੇਰੀ ਫ਼ਿਲਮ ਫਲਾਪ ਹੋ ਜਾਵੇ, ਮੈਂ ਆਪਣੇ ਸਟਾਫ ਦਾ ਧਿਆਨ ਰੱਖਦਾ ਹਾਂ।

ਇਸ ਤੋਂ ਬਾਅਦ ਉਨ੍ਹਾਂ ਨੇ ਆਪਣੇ ਵਾਲਾਂ ਤੇ ਮੇਕਅੱਪ ਕਲਾਕਾਰਾਂ ਵਿਪਨ ਤੇ ਗੌਰਵ ਨਾਲ ਵੀ ਹਾਜ਼ਰੀਨ ਨੂੰ ਜਾਣੂ ਕਰਵਾਇਆ।

## ਕੰਗਨਾ ਨੇ ਕੀਤੀ 'ਚੰਦਰਮੁਖੀ 2' ਦੀ ਸ਼ੂਟਿੰਗ ਮੁਕੰਮਲ



ਕੰਗਨਾ ਰਣੌਤ ਨੇ ਅੱਜ ਫਿਲਮ 'ਚੰਦਰਮੁਖੀ 2' ਦੀ ਸ਼ੂਟਿੰਗ ਮੁਕੰਮਲ ਕਰ ਲਈ ਹੈ। ਉਸ ਨੇ ਆਪਣੇ ਸਹਿ-ਅਦਾਕਾਰ ਰਾਘਵ ਲਾਰੈਂਸ ਦੀਆਂ ਸਿਫਤਾਂ ਦੇ ਪੁਲ ਬੰਨ੍ਹਦਿਆਂ ਪੱਤਰ ਲਿਖਿਆ ਹੈ। ਅਦਾਕਾਰਾ ਨੇ ਇੰਸਟਾਗ੍ਰਾਮ 'ਤੇ ਲਾਰੈਂਸ ਨਾਲ ਇੱਕ ਤਸਵੀਰ ਸਾਂਝੀ ਕਰਦਿਆਂ ਆਖਿਆ, ''ਚੰਦਰਮੁਖੀ' ਵਿੱਚ ਮੇਰੇ ਕਿਰਦਾਰ ਦੀ ਸ਼ੂਟਿੰਗ ਅੱਜ ਮੁਕੰਮਲ ਹੋ ਗਈ ਹੈ। ਮੈਨੂੰ ਸ਼ੂਟਿੰਗ ਦੌਰਾਨ ਬਹੁਤ ਸ਼ਾਨਦਾਰ ਟੀਮ ਮੈਂਬਰ ਮਿਲੇ ਹਨ, ਜਿਨ੍ਹਾਂ ਨੂੰ ਅਲਵਿਦਾ ਕਹਿਣਾ ਬਹੁਤ ਔਖਾ ਲੱਗ ਰਿਹਾ ਹੈ। ਹਮੇਸ਼ਾਂ ਫਿਲਮ ਦੇ ਕਿਰਦਾਰ ਵਾਲਾ ਲਿਬਾਸ ਪਹਿਨਿਆ ਹੋਣ ਕਰਕੇ ਮੇਰੀ ਰਾਘਵ ਲਾਰੈਂਸ ਨਾਲ ਕੋਈ ਤਸਵੀਰ ਨਹੀਂ ਸੀ। ਇਸ ਕਰਕੇ ਮੈਂ ਅੱਜ ਸ਼ੂਟ ਸ਼ੁਰੂ ਹੋਣ ਤੋਂ ਪਹਿਲਾਂ ਉਸ ਨੂੰ ਇਕ ਤਸਵੀਰ ਖਿਚਵਾਉਣ ਦੀ ਬੇਨਤੀ ਕੀਤੀ ਸੀ।''ਜ਼ਿਕਰਯੋਗ ਹੈ ਕਿ ਫ਼ਿਲਮ ਦਾ ਪਹਿਲਾ ਭਾਗ 2005 ਵਿੱਚ ਰਿਲੀਜ਼ ਹੋਇਆ ਸੀ, ਜਿਸ ਵਿੱਚ ਸੁਪਰਸਟਾਰ ਰਜਨੀਕਾਂਤ ਨੇ ਮੁੱਖ ਕਿਰਦਾਰ ਨਿਭਾਇਆ ਸੀ।

## ਸੁਸ਼ਮਿਤਾ ਸੇਨ ਅਨੁਸਾਰ ਨਿੱਜਤਾ ਇੱਕ 'ਮਿੱਥ'



ਅਦਾਕਾਰਾ ਸੁਸ਼ਮਿਤਾ ਸੇਨ ਨੇ ਲੇਖਕਾ ਹੁਮਾ ਤਨਵੀਰ ਵੱਲੋਂ ਨਿੱਜਤਾ ਬਾਰੇ ਲਿਖੇ ਇੱਕ ਨੋਟ ਨੂੰ ਇੱਕ 'ਮਿੱਥ' ਦੱਸਿਆ ਹੈ। ਦਰਅਸਲ ਆਲੀਆ ਭੱਟ ਨੇ ਉਸ ਦੀਆਂ ਘਰ ਵਿੱਚ ਬੈਠੀ ਦੀਆਂ ਨਿੱਜੀ ਤਸਵੀਰਾਂ ਅਣਅਧਿਕਾਰਤ ਤੌਰ 'ਤੇ ਸੋਸ਼ਲ ਮੀਡੀਆ 'ਤੇ ਲੀਕ ਹੋਣ ਤੋਂ ਬਾਅਦ ਮੀਡੀਆ ਖਿਲਾਫ਼ ਇੱਕ ਸਖ਼ਤ ਨੋਟ ਲਿਖਿਆ ਹੈ। ਉਸ ਨੇ ਲਿਖਿਆ ਕਿ ਇੰਟਰਨੈੱਟ, ਟੈਕਨਾਲੋਜੀ ਅਤੇ ਸੋਸ਼ਲ ਮੀਡੀਆ ਕਾਰਨ ਛੋਟੀ ਹੋ ਗਈ ਦੁਨੀਆਂ ਵਿੱਚ ਨਿੱਜਤਾ ਇੱਕ ਮਿੱਥ ਹੈ ਅਤੇ ਜੇਕਰ ਤੁਸੀਂ ਇੱਕ ਮਸ਼ਹੂਰ ਹਸਤੀ ਹੋ ਤਾਂ ਇਹ ਤੁਹਾਡੇ ਲਈ ਹੋਰ ਵੀ ਬਦਤਰ ਹੈ। ਇਸ ਤੋਂ ਬਾਅਦ ਸੁਸ਼ਮਿਤਾ ਆਲੀਆ ਦੇ ਸਮਰਥਨ ਵਿੱਚ ਸਾਹਮਣੇ ਆਈ ਹੈ ਅਤੇ ਇੱਕ ਪੋਸਟ ਨੂੰ ਦੁਬਾਰਾ ਸਾਂਝਾ ਕੀਤਾ ਹੈ, ਜਿਸ ਵਿੱਚ ਉਸ ਨੇ ਮਸ਼ਹੂਰ ਹਸਤੀਆਂ ਲਈ ਨਿੱਜਤਾ ਨੂੰ ਇੱਕ 'ਮਿੱਥ' ਦੱਸਿਆ ਹੈ। ਉਸ ਨੇ ਇੱਕ ਨੋਟ ਸਾਂਝਾ ਕੀਤਾ ਹੈ, ਜਿਸ ਨੂੰ ਲੇਖਕਾ ਹੁਮਾ ਤਨਵੀਰ ਨੇ ਇੰਸਟਾਗ੍ਰਾਮ ਸਟੋਰੀ 'ਤੇ ਲਿਖਿਆ ਸੀ। ਉਸ ਨੇ ਮਸ਼ਹੂਰ ਹਸਤੀਆਂ ਦੇ ਨਿੱਜੀ ਅਤੇ ਸਮਾਜਿਕ ਜੀਵਨ ਦੇ ਵਿਚਕਾਰ ਹੱਦਾਂ ਨੂੰ ਅਕਸਰ ਧੁੰਦਲਾ ਕਰਨ ਵਾਲੇ ਮੀਡੀਆ ਬਾਰੇ ਗੱਲ ਕੀਤੀ ਹੈ।

URGENTLY NEED NEW LISTINGS IN BRAMPTON/CALEDON



visit: www.teamjagaujla.com

ADVERTISEMENT GUARANTEED TILL SOLD

JAG AUJLA
MCNE, REAL ESTATE BROKER
416-371-7777
e-mail: j.aujla@rogers.com or visit: www.jagaujla.com


MCNE

CALL JAG AUJLA FOR A QUICK & FREE HOME EVALUATION

www.BramptonTopRealtor.com

RECENTLY LISTED/SOLD IN YOUR NEIGHBOURHOOD

**Hwy 7/ Churchill Rd/Tanners Dr**




ਵਧੀਆ ਲੋਕੇਸ਼ਨ, ਡਬਲ ਸਟੋਰੀ ਘਰ, 3400 ਸਕੇਅਰ ਫੁਟ, 3 ਖੁਲੇ-ਡੁਲੇ ਬੈਡਰੂਮ, ਫਿਨੀਸ਼ਡ ਬੈਸਮੈਂਟ, ਸਟੋਨ ਪੈਟਿਓ, ਪਾਵਰ ਗਰਾਜ ਤੇ ਹੋਰ ਵੀ ਬਹੁਤ ਕੁਝ, ਅੱਜ ਹੀ ਸੰਪਰਕ ਕਰੋ।

**Mclaughlin Rd & Steeles Ave**



ਸੋਹਣਾ ਤੇ ਸਾਫ ਸੁਥਰਾ, ਮਾਡਰਨ ਲੇਆਉਟ, 3515 ਸਕੇਅਰ ਫੁਟ ਵਿਚ 4 + 2 ਬੈਡਰੂਮ ਤੇ 5 ਵਾਸ਼ਰੂਮ ਦਾ ਘਰ, ਲੈਮੀਨੇਟ ਫਲੋਰ, ਨਵੇ ਰੂਫ ਸ਼ਿੰਗਲ, ਪਿਛਲੇ ਸਾਲ ਬਣੀ ਬੈਸਮੈਂਟ। ਸੰਪਰਕ ਕਰੋ

**Wanless /Queen Mary /Mclaughlin**



2016 ਵਿਚ ਬਣਿਆ, ਡਬਲ ਡੋਰ ਗਰਾਜ, 4364 ਸਕੇਅਰ ਫੁਟ, 4 ਖੁਲੇ-ਡੁਲੇ ਬੈਡਰੂਮ ਤੇ 5 ਵਾਸ਼ਰੂਮ, ਫਿਨੀਸ਼ਡ ਬੈਸਮੈਂਟ ਜਿਸ ਨੂੰ ਸੈਪਰੇਟ ਏਨਟਰੈਂਸ ਤੇ 2 ਬੈਡਰੂਮ ਲਈ ਸੰਪਰਕ ਕਰੋ।

**Chinguacousy & Bovaird**



ਸ਼ਾਨਦਾਰ ਤੇ ਸਾਫ ਸੁਥਰਾ, ਮਾਡਰਨ ਲੇਆਉਟ ਵਿਚ 4 ਬੈਡਰੂਮ ਤੇ 4 ਵਾਸ਼ਰੂਮ ਦਾ ਘਰ, ਲੈਮੀਨੇਟ ਫਲੋਰ, ਅਪਗ੍ਰੇਡ ਕਿਚਨ, ਫਿਨੀਸ਼ ਬੈਸਮੈਂਟ ਤੇ ਹੋਰ ਵੀ ਕਈ ਅਪਗ੍ਰੇਡਜ਼, ਸੰਪਰਕ ਕਰੋ।

FREE
- Full MLS services
- Consistent marketing until your property is sold
- Competitive rates, exceptional service & award winning results
- Staging consultation
- Billboard, flyer
- Online Promotion
- Professional pictures & virtual tour
- Social media & radio advertisement
- Open house till sold

RE/MAX REALTY SPECIALISTS INC.
Ph:905-456-3232
JAG AUJLA 416-371-7777
MCNE, Real Estate Broker
NOT INTENDED TO SOLICIT BUYERS OR SELLERS CURRENTLY UNDER CONTRACT

Dr. Randhawa Dentistry

*Your own dentist who really cares for you*

We Provide the following Services:
- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ


Dr. Samreet Kaur Randhawa
General Family Dentist

New Patients welcome
Deal Directly with all Insurance Companies

NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111

INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜ਼ਰ ਨਹੀਂ ਆਉਂਦੀਆਂ
Show Your Smile More With Invisible Braces!

FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044




Grand Upholstery Ltd
Sofa Company Originality in Every Piece

Special on Sale

- ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
- ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
- ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
- ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ

ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ



ਕੁਆਲਿਟੀ ਮੂਹੋਂ ਬੋਲਦੀ ਹੈ

Tel: 905.791.2888 Cell: 647.293.3212
2053 Williams Pkwy, Unit -45, Brampton | Email: grandupholstery@gmail.com




FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas

SERVING FROM ALL LOCATIONS IN GTA AREA:

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017